Digitized by Arya Samaj Foundation Chennai and eGangotri

ੴ

ਮਾਇਆ ਨਿਵਿਰਤੀ

ਸੂਬੇਦਾਰ ਬਘੇਲ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
304

DONATION

Forwarded free of Cost, and with the
Compliments of Deptt. of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧ ੳ ਵਾਹਿਗੁਰੂ ਜੀ ਕੀ ਫਤਹਿ ॥

DONATION

ਮਾਇਆ ਨਿਵਿਰਤੀ

पुस्तकालय
8304

ਸੂਬੇਦਾਰ ਬਘੇਲ ਸਿੰਘ

Forwarded free of Cost and with the Compliments of Deptt. of Education, Govt. of India, New Delhi.

ਵਾਰਿਸ ਸ਼ਾਹ ਫਾਉਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

MAYA NAVIRTI

© Sub. Baghel Singh (Retd,)
H. 10104 Gali No. 9, Janta Nagar,
Bhagwan Chowk, Ludhiana-3.

ਪਹਿਲੀ ਵਾਰ ੧੯੯੨

ਮੁੱਲ : ਡੀਲਕਸ ੭੫ ਰੁਪਏ

੨੫ ਡਾਲਰ / ੧੨ ਪੌਂਡ

ਪ੍ਰਾਪਤੀ ਸਥਾਨ

1. ਵਾਰਿਸ ਸ਼ਾਹ ਫਾਊਂਡੇਸ਼ਨ 42, ਗੁਰੂ ਤੇਗ ਬਹਾਦਰ ਨਗਰ, ਡਾਕ. ਖਾਲਸਾ ਕਾਲਜ ਅੰਮ੍ਰਿਤਸਰ-143002,
2, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਲੁਧਿਆਣਾ ।
3. ਸੂਬੇਦਾਰ ਬਘੇਲ ਸਿੰਘ (ਰੀਟਾ.) ਮਕਾਨ ਨੰ. 10104, ਗਲੀ ਨੰ. 9 ਜਨਤਾ ਨਗਰ, ਲੁਧਿਆਣਾ (ਪੰਜਾਬ)
4. ਪੰਜਾਬ ਤੇ ਦਿੱਲੀ ਵਿਚ ਪੰਜਾਬੀ ਦੇ ਪ੍ਰਮੁੱਖ ਪੁਸਤਕਾਂ ਵਿਕ੍ਰੇਤਾਵਾਂ ਪਾਸੋਂ ।
5. ਪ੍ਰੀਤਮ ਬੁੱਕ ਸਟਾਲ, ਚੌੜਾ ਬਾਜ਼ਾਰ, ਲੁਧਿਆਣਾ (ਪੰਜਾਬ)

ਬਦੇਸ਼ਾਂ ਵਿਚ

6. UBHI, Harbhajan Singh, 42, Red Poll Court Brampton Ontario L6Y-4A8, CANADA.
Tel. 416-796-9767
7. UBHI G.S, Scheide Holzkohre 10 D, 2104 Hamburg 92 West Germany, Tel. 0114940-701-9564.
8. UBHI, Joginder Singh, 32 Broad Walk Heston Middx LONDON TWS-9A6 Tel. 011441-5701338
9. UBHI, Baldev Singh 8-Humming Bird Court Brampton Ontario L6Y-3N7 CANADA.
Tel. 416-459-8852
10. JAY SONS Company 267-B Soho Road Handsworth. Birmingam-21 (U.K.)

ਛਾਪਕ

ਚੰਨ ਪ੍ਰਿੰਟਿੰਗ ਪ੍ਰੈਸ

ਗੁਰੂ ਨਾਨਕਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

पुस्तकालय गुरुकुल कांगड़ी विश्वविद्यालय

ਤਤਕਰਾ

ਦੋ ਸ਼ਬਦ ੫—੮

ਦੁਨੀਆ ੯

ਸਮੁੰਦਰ-੪੨, ਜੰਗਲ-੪੯, ਰਣ-ਭੂਮੀ-੫੧, ਫੁਲਵਾੜੀ-੫੭, ਖੇਲ ਅਖਾੜਾ-੫੯, ਚਉਪੜ-੬੨, ਰੰਗ-ਭੂਮੀ-੬੩

ਮਾਇਆ ੭੧

ਹਉਮੈ-੧੦੨, ਤ੍ਰਿਸ਼ਨਾ-੧੩੧, ਪ੍ਰਬਲ-੧੩੫, ਮਾਣ ਕੂੜਾ-੧੫੭

ਮਾਇਆ ਨਿਵਿਰਤੀ ੧੭੦

ਮਾਇਆ ਤੋਂ ਵਿਥ ਕਿਉਂ-੧੭੩, ਮਾਇਆ ਦੇ ਹਥਿਆਰ-੧੭੬, ਪੰਜ ਵਿਕਾਰ-੧੭੯, ਅਕਾਲ ਪੁਰਖ ਤੋਂ ਨਦਰ ਦੀ ਜਾਚਨਾ-੧੮੦, ਨਾਮ ਕਮਾਈ-੨੦੦, ਸਿਮਰਨ ਦਾ ਤਰੀਕਾ-੨੧੩

(ੳ) ਇਸ਼ਨਾਨ-੨੧੩, (ਅ) ਇਕਾਂਤ ਇਸ਼ਨਾਨ-੨੧੫, (ੲ) ਮੌਨ ਭਜਨ-੨੧੭, (ਸ) ਗੁਰ ਮੰਤ੍ਰ ਦਾਤਾ ਦਾ ਧਿਆਨ-੨੧੮, (ਹ) ਦੀਰਘ ਕਾਲ-੨੧੯, (ਕ) ਸ਼ਰਧਾ ਅਤੇ ਪ੍ਰੇਮ-੨੨੦, (ਖ) ਭੋਜਨ-੨੨੧, (ਗ) ਹਉਮੈ-੨੨੧, (ਘ) ਰਸਨਾ ਤੇ ਵਿਘਨ-੨੨੨, (ਙ) ਨਿੰਦਿਆ-੨੨੨, (ਚ) ਕੱਪਟ-੨੨੨, (ਛ) ਭੁੱਲਾਂ-੨੨੨, (ਜ) ਸਿਦਕ-੨੨੩, (ਝ) ਮਨ ਦੀ ਨਹੀਂ ਮੰਨਣੀ-੨੨੪, (ਞ) ਸਾਵਧਾਨ-੨੨੪, (ਟ) ਮਿਲਾਪ ਪ੍ਰਾਪਤੀ-੨੨੫, (ਠ) ਦਰ ਛਡੇ ਨ ਛੋੜੇ-੨੨੬.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

੧. ਸਿਮਰਨ

੨. ਸਿਮਰਨ ਵਿਧੀ

੩. ਲੇਖਾ ਰਬੁ ਮੰਗੇਸੀਆ

੪. ਜੁਗੁ ਜੁਗੁ ਏਕੋ ਵੇਸੁ

੫. ਗੁਰਮਤਿ ਨਾਮੁ

੬. ਆਤਮਾ ਪਰਮਾਤਮਾ

੭. ਅਣਡਿੱਠੀ ਦੁਨੀਆ

੮. ਭਗਤੀ

੯. ਮੂਲ ਮੰਤ੍ਰ ਦਰਸ਼ਨ

੧੦. ਵਾਹਿਗੁਰੂ ਗੁਰਮੰਤ੍ਰ

੧੧. ਵਾਹਿਗੁਰੂ ਤੇ ਸਾਇੰਸ

੧੨. ਵਾਹਿਗੁਰੂ ਸਿਮਰਨ

੧੩. ਸ੍ਰੀ ਹੇਮ ਕੁੰਟ ਸਾਹਿਬ (ਪੰਜਾਬੀ ਤੇ ਹਿੰਦੀ)

੧੪. ਜੀਵਨ ਅਨੁਭਵ

੧੫. ਗੁਰਮੁਖਿ ਗਾਡੀ ਰਾਹ

੧੬. ਮਾਇਆ ਨਿਵਿਰਤੀ

੧੭. ਆਵਾਗਉਣੁ ਨਿਵਿਰਤੀ

ਅਤੇ ਗੁਰਮਤਿ ਮਾਰਗ (ਚਾਰ ਜਿਲਦਾਂ ਵਿਚ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਦੋ ਸ਼ਬਦ

ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥
ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥
(ਸੁਖਮਨੀ ਮ. ੫/੨੭੮)

ਸ੍ਰੀ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਇਆ ਹੈ ਕਿ ਇਹ ਪੰਜ ਭੂਤਕ ਸਰੀਰ ਇੱਕ ਕਾਠ ਦੀ ਪੁਤਲੀ ਵਾਂਗ ਹੈ ਜਿਸ ਕੋਲ ਆਪਣੇ ਆਪ ਕੁਝ ਕਰਨ ਦੀ ਸਮਰੱਥਾ ਨਹੀਂ । ਉਸ ਨੂੰ ਹਿਲਾਉਣ ਤੇ ਬੁਲਾਉਣ ਦੀਆਂ ਡੋਰਾਂ ਉਸ ਰਚਣਹਾਰੇ, ਮਾਲਕ ਅਕਾਲ ਪੁਰਖ ਵਾਹਿਗੁਰੂ ਜੀ ਕੋਲ ਹਨ । ਕਹਿਣ ਤੋਂ ਭਾਵ ਪੁਤਲੀ ਉਹ ਨਾਚ ਨੱਚਦੀ ਹੈ ਜੋ ਬਾਜੀਗਰ ਨਚਾਉਂਦਾ ਹੈ ਇਸੇ ਤਰ੍ਹਾਂ ਸਾਡੀ ਸਰੀਰਕ ਦੇਹੀ ਵੀ ਉਹੀ ਭੇਖ ਕਰਦੀ ਹੈ ਜੋ ਸਾਡਾ ਸਿਰਜਣਹਾਰ ਮਾਲਕ ਕਰਵਾਉਂਦਾ ਹੈ :

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥
ਜੈਸਾ ਭੇਖੁ ਕਰਾਵੈ ਬਾਜੀਗਰ ਓਹੁ ਤੈਸੋ ਹੀ ਸਾਜੁ ਆਨੈ ॥
(ਗਉੜੀ ਮ. ੫/੨੦੬)

ਭਗਤ ਕਬੀਰ ਜੀ ਨੇ ਦੇਹ ਨੂੰ ਕੋਠਰਾ ਮੰਨਿਆ ਹੈ ਜਿਸ ਵਿਚ ਹੋਰ ਅਨੇਕਾਂ ਕੋਠਰੀਆਂ ਹਨ ਅਤੇ ਇਨ੍ਹਾਂ ਕੋਠਰੀਆਂ ਵਿਚ ਸੁਰਤਿ ਦੇ ਟਿਕਾਣੇ ਨਿਸ਼ਚਿਤ ਕੀਤੇ ਹਨ, ਜਿਸ ਟਿਕਾਣੇ ਸੁਰਤਿ ਹੁੰਦੀ ਹੈ ਉਸ ਤਰ੍ਹਾਂ ਦਾ ਭਾਵ ਛਾ ਜਾਂਦਾ ਹੈ। ਇਸ ਵਿਚਾਰ ਤੇ ਪੰਚਮ ਸਤਿਗੁਰੂ ਵੀ ਆਪਣੀ ਸਹਿਮਤੀ ਇਉਂ ਪ੍ਰਗਟਾਉਂਦੇ ਹਨ :

ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪ ਹੋਆ ਰਖਵਾਰਾ ॥
ਜੈਸੇ ਮਹਲਿ ਰਾਖੈ ਤੈਸੇ ਕਰਨਾ ਕਿਆ ਕਰੈ ਵਿਚਾਰਾ ॥
(ਗਉੜੀ ਮ. ੫/੨੦੬)

ਭੈ ਹੰਕਾਰ ਆਦਿ ਦੇ ਜੋ ਅਨੇਕਾਂ ਭਾਵ ਵਾਪਰਦੇ ਹਨ ਉਹ ਸਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਹਾਰ ਕਰਤਾਰ ਦੀ ਖੇਲ ਅਨੁਸਾਰ ਹੁੰਦੇ ਹਨ :

ਕਰਿ ਕਰਿ ਦੇਖੈ ਅਪਨੀ ਵਡਿਆਈ ॥
ਨਾਨਕ ਸਭ ਮਹਿ ਰਹਿਆ ਸਮਾਈ ॥

(ਸੁਖਮਨੀ ਮ. ੫/੨੭੬)

ਪਰ ਜਦੋਂ ਮਨੁੱਖ ਵਿਚ ਡਰ, ਭੈ ਆਦਿ ਦੇ ਉਲਟ-ਪੁਲਟ ਭਾਵ ਆਉਂਦੇ ਹਨ ਇਨ੍ਹਾਂ ਤੋਂ ਛੁਟਕਾਰਾ ਕਿਸ ਤਰ੍ਹਾਂ ਹੋਵੇ ? ਸੁਖਮਨੀ ਸਾਹਿਬ ਵਿਚ 'ਕਬਹੂ' ਕਹਿ ਕੇ ਗੁਰੂ ਸਾਹਿਬ ਨੇ ਅਨੇਕ ਬਦਲਦੀਆਂ ਹਾਲਤਾਂ ਤੇ ਚਾਨਣਾ ਪਾਇਆ ਅਤੇ ਅੰਤ ਵਿਚ 'ਕਬਹੂ' ਕਹਿ ਕੇ ਹੀ ਉਸ ਸਰਵੋਤਮ ਅਵਸਥਾ ਦਾ ਵਖਿਆਨ ਕੀਤਾ ਜੋ ਇਨ੍ਹਾਂ ਸਾਰੀਆਂ ਤੋਂ ਟਿਕਾਉ ਬਖ਼ਸ਼ਦੀ ਹੈ :

ਕਬਹੂ ਸਾਧ ਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨਾ ਪਾਵੈ ॥
ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥

(ਸੁਖਮਨੀ ਮ. ੫/੨੭੮)

ਜਦੋਂ ਜੀਵ ਸਾਧ-ਸੰਗਤਿ ਵਿਚ ਤਨੋ-ਮਨੋ ਜੁੜ ਜਾਂਦਾ ਹੈ ਤਾਂ ਉਹ ਨਿਰਭੈ ਹੋ ਕੇ ਅਕਾਲ ਪੁਰਖ ! ਪਾਰਬ੍ਰਹਮ ਪਰਮੇਸ਼ਰ ਜੀ ਦੇ ਚਰਨੀਂ ਜਾ ਲੱਗਦਾ ਹੈ ਅਤੇ ਸਹਿਜੇ ਹੀ ਆਤਮਾ ਉਸ ਪਰਮ-ਆਤਮਾ ਨਾਲ ਇੱਕ-ਮਿੱਕ ਹੋ ਜਾਂਦੀ ਹੈ। ਇਸ ਦੇ ਨਾਲ ਹੀ ਉਸ ਨੂੰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਭਾਵ : ਅਬਿਨਾਸ਼ੀ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ :

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥

(ਸੁਖਮਨੀ ਮ. ੫/੨੭੮)

ਸੋ ਪਾਠਕ ਭਰਾਵੋ ! ਦਾਸ ਦੀ ਪੁਸਤਕ ਦਾ ਮੁਖ ਉਦੇਸ਼ ਇਹੋ ਹੀ ਹੈ ਕਿ ਸਾਰੀਆਂ ਜੀਵ-ਆਤਮਾਵਾਂ ਉਸ ਪਰਮ-ਆਤਮਿਕ ਜੋਤ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੇ ਰਲਣਾ ਚਾਹੁੰਦੀਆਂ ਹਨ ਤਾਂ ਨਿਰਭੈ ਹੋ ਜਾਣ। ਡਰ, ਹੰਕਾਰ ਦੇ ਭਾਵ ਤਿਆਗ ਕੇ ਆਪਣੇ ਕਰਤਾਰ ਪਿਤਾ ਜੀ ਦਾ ਲੜ, ਫੜ੍ਹ ਲੈਣ ਕਿਉਂ ਜੋ ਸਾਰੇ ਦੁੱਖਾਂ ਦਾ ਨਿਬੇੜਾ ਉਸ ਅਕਾਲ-ਪੁਰਖ ਪਰਮਾਤਮਾ ਦੇ ਹੱਥ ਵਿੱਚ ਹੀ ਹੈ। ਇਸ ਸਚਾਈ ਤੇ ਗੁਰੂ ਸਾਹਿਬਾਨ ਜੀ ਨੇ ਇਹ ਕਹਿ ਕੇ ਮੋਹਰ ਲਾ ਦਿੱਤੀ :

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂੰ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
(ਰਾਮਕਲੀ ਮ. ੩ ਅਨੰਦ/੯੧੭)

ਵਾਹਿਗੁਰੂ ਜੀ ਦੀ ਮਿਹਰ ਦਾ ਸਦਕਾ ਇਹ ਸਾਰਾ ਕੁਛ ਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਦਾਸ-ਭਾਵ ਦਾ ਇਕ ਯਤਨ ਹੈ। ਜੀਵ ਭੁੱਲਣਹਾਰ ਹੈ ਤੇ 'ਅਭੁੱਲ ਗੁਰੂ ਕਰਤਾਰ' ਹੈ, ਇਸ ਕਰਕੇ ਜੇ ਕੋਈ ਸੱਜਣ ਵਧੀਕ ਵਾਕਫ਼ੀਅਤ ਦੇ ਸਕੇ, ਹੋਰ ਰੌਸ਼ਨੀ ਪਾ ਸਕੇ, ਜਾਂ ਕੋਈ ਉਕਾਈ ਦੱਸ ਸਕੇ ਤਾਂ ਬੜਾ ਹੀ ਸ਼ੁਕਰ ਗੁਜ਼ਾਰ ਹੋਵਾਂਗਾ।

ਨਿਮਰਤਾ ਸਹਿਤ ਬੇਨਤੀ ਹੈ ਕਿ ਪਾਠਕ-ਜਨ ਇਸ ਲੜੀ ਦੀਆਂ ਪੁਸਤਕਾਂ ਨੂੰ ਚੰਗੀ ਤਰ੍ਹਾਂ ਵਿਚਾਰਨ ਅਤੇ ਇਨ੍ਹਾਂ ਵਿਚੋਂ ਤੱਤ ਨੂੰ ਸਮਝਣ ਤੇ ਗ੍ਰਹਿਣ ਕਰਨ ਦਾ ਯਤਨ ਕਰਨ ਤਾਂ ਜੋ ਅਸੀਂ ਗੁਰਬਾਣੀ ਬਾਰੇ ਪਾਏ ਟਪਲਿਆਂ ਅਤੇ ਵਾਦ-ਵਿਵਾਦ ਤੋਂ ਉੱਪਰ ਉੱਠ ਕੇ, ਤੇ ਇਕ ਸਾਂਝੇ ਤੇ ਮਿਲਵੇਂ ਪੱਧਰ ਤੇ ਪਹੁੰਚ ਕੇ ਗੁਰਮਤਿ ਤੋਂ ਯੋਗ ਲਾਭ ਉਠਾ ਸਕੀਏ।

ਕੁਝ ਸੱਜਣਾਂ ਨੇ ਮਹਿਸੂਸ ਕੀਤਾ ਹੈ ਕਿ ਸੇਵਕ ਦਾ ਥਾਂ ਪਤਾ ਮੁੜ ਮੁੜ ਕਿਤੇ ਕਨੇਡਾ, ਕਿਤੇ ਜਰਮਨ, ਕਿਤੇ ਪੰਜਾਬ (ਇੰਡੀਆ) ਬਦਲਦਾ ਆ ਰਿਹਾ ਹੈ। ਜੇ ਕੋਈ ਸੱਜਣ ਸੇਵਕ ਨੂੰ ਚਿੱਠੀ ਲਿਖਣੀ ਚਾਹੇ ਜਾਂ ਮਿਲਣਾ ਚਾਹੇ ਤਾਂ ਉਸ ਨੂੰ ਔਕੜ ਆ ਪੈਣ ਦੀ ਸੰਭਾਵਨਾ ਹੋ ਜਾਂਦੀ ਹੈ। ਉਨ੍ਹਾਂ ਦਾ ਖਿਆਲ ਸੀ ਕਿ ਸੇਵਕ ਦਾ ਪਤਾ ਕੋਈ ਇਕੋ ਹੀ ਚਾਹੀਦਾ ਸੀ। ਇਸ ਉਕਾਈ ਵੱਲ ਧਿਆਨ ਦਿਵਾਉਣ ਵਾਲੇ ਸਨੇਹੀਆਂ ਦਾ ਸੇਵਕ ਧੰਨਵਾਦੀ ਹੈ। ਪਰ ਕੀਤਾ ਕੀ ਜਾਂਦਾ ? ਅਕਾਲ ਪੁਰਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਹਿਗੁਰੂ ਜੀ ਦੀ ਰਜ਼ਾ ਅਨੁਸਾਰ ਅਨ-ਜਲ ਜਿਥੇ ਲੈ ਜਾਂਦਾ ਰਿਹਾ, ਉਹੀ ਥਾਂ ਟਿਕਾਣਾ ਲਿਖਣ ਤੇ ਦਾਸ ਮਜਬੂਰ ਹੁੰਦਾ ਗਿਆ।

ਹੁਣ ਅਠ੍ਹਾਰਵੀਂ ਪੁਸਤਕ ਛਪਣ ਵੇਲੇ ਸੇਵਕ ਕਨੇਡਾ ਹੀ ਰਹਿ ਰਿਹਾ ਹੈ। ਰਿਹਾਇਸ਼ ਦੀ ਥਾਂ ਪਹਿਲੀ ਥਾਂ Markham Ontario ਤੋਂ ਬਦਲ ਕੇ ਬਰਾਂਮਟਨ (Brampton Ontario) ਬਦਲ ਗਈ ਹੈ। ਥੜ੍ਹੇ ਲੜਕੇ ਹਰਿਭਜਨ ਸਿੰਘ (Ubhi) ਪਾਸ ਹੁਣ ਸੇਵਕ ਦੀ ਰਿਹਾਇਸ਼ ਹੈ।

ਗੁਰੂ ਕਿਰਪਾ ਦੁਆਰਾ ਇਹ ਪੁਸਤਕ ਸਾਧ ਸੰਗਤਿ ਦੇ ਪ੍ਰਤਾਪ ਨਾਲ ਹੀ ਲਿਖੀ ਗਈ ਹੈ। ਜਿਨ੍ਹਾਂ ਜਿਨ੍ਹਾਂ ਗੁਰਸਿਖਾਂ ਨੇ ਗੁਰਮਤਿ ਵਿਚਾਰ ਦੇ ਕੇ ਸੋਧਣ ਯੋਗ ਉਕਾਈਆਂ ਦੱਸ ਕੇ ਅਤੇ ਪਰੂਫ ਪੜ੍ਹਨ ਤੇ ਛਪਾਈ ਆਦਿ ਵਿਚ ਖ਼ਾਸ ਕਰਕੇ ਡਾ. ਬਿਕਰਮ ਸਿੰਘ ਘੁੰਮਣ ਦੇ ਸਹਿਯੋਗ ਤੇ ਸ਼ੁਭ-ਇਛਾਵਾਂ ਨਾਲ, ਇਹ ਪੁਸਤਕ ਪਾਠਕਾਂ ਤੱਕ ਪਹੁੰਚ ਸਕੀ ਹੈ, ਦਾ ਅਤੀ ਧੰਨਵਾਦੀ ਹਾਂ ਜੀ।

ਇਸ ਪੁਸਤਕ ਦੀ ਤਿਆਰੀ ਵਿਚ ਅਰਥ ਦੇਣ, ਭਾਵਾਂ ਨੂੰ ਸਪੱਸ਼ਟ ਕਰਨ ਜਾਂ ਉਨ੍ਹਾਂ ਦੀ ਪੁਸ਼ਟੀ ਲਈ ਜਿਨ੍ਹਾਂ ਜਿਨ੍ਹਾਂ ਪੁਸਤਕਾਂ ਤੇ ਗ੍ਰੰਥਾਂ ਤੋਂ ਸਹਾਇਤਾ ਲਈ ਗਈ ਹੈ, ਸੇਵਕ ਉਨ੍ਹਾਂ ਦੇ ਕਰਤਿਆਂ ਦਾ ਵੀ ਧੰਨਵਾਦੀ ਹੈ।

ਗੁਰੂ-ਪਰਮੇਸ਼ਰ ਤੇ ਸਾਧ ਸੰਗਤਿ ਦੀ ਨਦਰ ਦਾ ਮੰਗਤਾ।

ਸੇਵਕ–ਬਘੇਲ ਸਿੰਘ
c/o Harbhajan Singh Ubhi
42. Red Poll Court
Brampton ontario
L6Y 4A8 CANADA
T/P 416-797-9767

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਨੀਆਂ (ਜਗਤ)

ਅਕਾਲ ਪੁਰਖ ! ਪਾਰਬ੍ਰਹਮ ਪਰਮੇਸ਼ਰ ਨੇ ਜਦ ਇਸ ਦੁਨੀਆਂ ਦੀ ਰਚਨਾ ਕੀਤੀ ਤਾਂ ਉਸ ਦਾ ਮਨੋਰਥ ਇਕ ਡਰਾਮਾ ਖੇਡਣਾ ਸੀ, ਸੋ ਉਸ ਨੇ ਅਸਾਂ ਜੀਵਾਂ ਨੂੰ ਡਰਾਮੇ ਦੇ ਪਾਤਰ ਭਾਵ ਐਕਟਰ ਬਣਾ ਕੇ ਏਸ ਜਗਤ ਵਿਚ ਭੇਜਿਆ, ਅਤੇ ਜੋ ਜੋ ਪਾਰਟ ਜਿਸ ਕਿਸੇ ਨੂੰ ਦਿੱਤਾ, ਬੁਰਾ ਜਾਂ ਭਲਾ, ਉਹ ਖੇਡ ਕੇ ਉਸ ਕਰਨਹਾਰ ਪਾਸ ਦੂਜੇ ਡਰਾਮੇ ਦੀ ਤਿਆਰੀ ਲਈ ਚਲਾ ਜਾਂਦਾ ਹੈ। ਭਗਤ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਮੈਨੂੰ ਇਉਂ ਦਿੱਸਦਾ ਹੈ ਕਿ ਜਦੋਂ ਪ੍ਰਭੂ ਬਾਜ਼ੀਗਰ ਡੁਗਡੁਗੀ ਵਜਾਉਂਦਾ ਹੈ, ਤਾਂ ਸਾਰੀ ਖਲਕਤ ਭਾਵ ਜਗਤ ਤਮਾਸ਼ਾ ਵੇਖਣ ਆ ਜਾਂਦੀ ਹੈ, ਤੇ ਜਦੋਂ ਉਹ ਬਾਜ਼ੀਗਰ (ਪ੍ਰਭੂ) ਖੇਲ ਸਮੇਟਦਾ ਹੈ, ਤਾਂ ਇਕੱਲਾ ਆਪ ਹੀ ਆਪ ਆਪਣੀ ਮੌਜ ਵਿਚ ਰਹਿੰਦਾ ਹੈ :

ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥
ਬਾਜੀਗਰ ਸ੍ਵਾਂਗ ਸਕੇਲਾ ॥ ਅਪਨੇ ਰੰਗਿ ਰਵੈ ਅਕੇਲਾ ॥
(ਸੋਰਠਿ ਕਬੀਰ ਜੀ ੬੫੫)

ਕੀਆ ਖੇਲੁ ਬਡ ਮੇਲੁ ਤਮਾਸਾ,
ਵਾਹਿਗੁਰੂ ਤੇਰੀ ਸਭ ਰਚਨਾ ॥
ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ,
ਅੰਮ੍ਰਿਤ ਤੇ ਮੀਠਾ ਜਾ ਕੇ ਬਚਨਾ ॥
(ਸਵਈਏ ਮ. ਚਉਥੇ ਕੇ ੧੪੦੩)

ਭਾਵ, ਹੇ ਅਕਾਲ ਪੁਰਖ ! ਵਾਹਿਗੁਰੂ ! ਆਪ ਧੰਨ ਹੋ, ਇਹ ਸ੍ਰਿਸ਼ਟੀ ਸਭ ਤੇਰੀ ਕੀਤੀ ਹੋਈ ਹੈ। ਤੂੰ ਤੱਤਾਂ ਦਾ ਮੇਲ ਕਰ ਕੇ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੇਲ ਤੇ ਤਮਾਸ਼ਾ ਰਚ ਦਿੱਤਾ ਹੈ। ਤੂੰ ਜਲ ਵਿਚ, ਪ੍ਰਿਥਵੀ ਤੇ, ਅਕਾਸ਼ ਉਤੇ, ਪਤਾਲ ਵਿਚ, ਸਭ ਥਾਈਂ ਵਿਆਪਕ ਹੈਂ, ਤੇਰੇ ਬਚਨ ਅੰਮ੍ਰਿਤ ਨਾਲੋਂ ਭੀ ਮਿੱਠੇ ਹਨ।

ਐਸੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਹੀ ਹਨ ਜਿਸ ਦਾ ਭਾਵ ਹੈ ਇਹ ਸੰਸਾਰ ਇਕ ਡਰਾਮਾ ਹੈ ਜਿਸਦਾ ਡਾਇਰੈਕਟਰ ਅਕਾਲ ਪੁਰਖ ! ਵਾਹਿਗੁਰੂ ! ਸਿਰਜਨਹਾਰ ਹੈ, ਤੇ ਉਸ ਨੇ ਜੋ ਜੋ ਪਾਰਟ ਕਿਸੇ ਜੀਵ ਨੂੰ ਦਿੱਤਾ ਹੋਇਆ ਹੈ, ਚੰਗਾ ਚਾਹੇ ਮੰਦਾ, ਉਹ ਉਸ ਨੂੰ ਖੇਡ ਕਰਕੇ ਉਸ ਪਾਸ ਦੂਜੇ ਡਰਾਮੇ ਲਈ ਚਲਾ ਜਾਂਦਾ ਹੈ, ਇਸ ਜੀਵ ਦੇ ਵੱਸ ਤਾਂ ਕੁਝ ਵੀ ਨਹੀਂ ਇਸ ਲਈ ਕੋਈ ਪਾਪ ਪੁੰਨ ਨਹੀਂ, ਕਿਉਂਕਿ ਇਸ ਨੇ ਆਪੇ ਤਾਂ ਕੁਝ ਕੀਤਾ ਨਹੀਂ, ਡਰਾਮਾ ਉਨਾਂ ਚਿਰ ਖੇਡਿਆ ਨਹੀਂ ਜਾ ਸਕਦਾ ਜਦ ਤਕ ਇਕ ਚੰਗਾ ਤੇ ਦੂਜਾ ਮੰਦਾ ਨਾ ਹੋਵੇ, ਇਹ ਮਾਲਕ ਦੀ ਆਪਣੀ ਮਰਜ਼ੀ ਹੈ ਕਿ ਕਿਸ ਨੂੰ ਕਿਹੜਾ ਪਾਰਟ ਖੇਡਨ ਨੂੰ ਦੇਣਾ ਹੈ, ਇਹ ਵਾਰਤਾਲਾਪ ਸ੍ਰੀ ਗੁਰੂ ਨਾਨਕ ਦੇਵ ਦੇਵ ਜੀ ਦੀ ਕਿਸੇ ਮੁਸਲਮਾਨ ਨਾਲ ਹੋਈ ਜਾਪਦੀ ਹੈ। ਇਸ ਦੁਨੀਆਂ ਨੂੰ ਦੱਸਿਆ ਹੈ ਕਿ ਮੁਕਾਮ ਨਹੀਂ, ਸਦਾ ਠਹਿਰਨੇ ਦਾ ਥਾਉਂ ਨਹੀਂ ਹੈ। ਏਥੇ ਇਹ ਮੰਨ ਕੇ ਘਰ ਵਿਚ ਬੈਠਣਾ ਕਿ ਇਹ ਸਦਾ ਦੇ 'ਠਹਿਰਨੇ ਦਾ ਥਾਉਂ' ਹੈ, ਭੁੱਲ ਹੈ, ਕਿਉਂਕਿ ਜਦ ਸਦਾ ਇਥੋਂ ਚਲੇ ਜਾਣ ਦੀ ਧੁਖਧੁਖੀ ਲੱਗ ਰਹੀ ਹੈ ਤਾਂ ਇਹ ਕਾਹਦਾ ਮੁਕਾਮ ਹੋਇਆ ? ਮੁਕਾਮ ਤਾਂ ਇਸ ਥਾਉਂ ਨੂੰ ਤਦ ਪੱਕਾ ਜਾਣਨਾ ਚਾਹੀਏ ਜੇ ਇਹ ਲੋਕ ਸਦਾ ਰਹਿਣੇ ਵਾਲਾ ਹੋਵੇ :

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥

ਇਹ ਦੁਨੀਆ ਮੁਕਾਮ ਕਿਸ ਤਰ੍ਹਾਂ ਹੋ ਸਕਦੀ ਹੈ ? ਭਾਵ ਨਹੀਂ ਹੋ ਸਕਦੀ; ਜਦ ਇਹ ਪੱਕਾ ਮੁਕਾਮ ਨਹੀਂ ਤਾਂ ਇਹ ਮੁਸਾਫਰੀ ਹੈ। ਸੋ ਚਾਹੀਦਾ ਹੈ ਕਿ ਏਥੇ ਪਰਮੇਸ਼ਰ ਉਤੇ ਸਿਦਕ ਧਾਰ ਕੇ, ਕਰਣੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਖਰਚ ਪੱਲੇ ਬੰਨ੍ਹੋ ।

ਪ੍ਰਸ਼ਨ : ਇਸ ਖਰਚ ਕਿਵੇਂ ਕਮਾਈਦਾ ਹੈ ?

ਉਤਰ : ਪਰਮੇਸ਼ਰ ਦੇ ਨਾਮ ਨੂੰ ਲੱਗੇ ਰਹੋ । ਭਾਵ, ਨਾਮ ਜਪੋ ਤਾਂ ਤੁਹਾਡੇ ਹਿਰਦੇ ਵਿਚ ਕਰਣੀ ਪ੍ਰੇਮਾ ਭਗਤੀ ਸਥਿਰ ਹੋਵੇਗੀ, ਉਹ ਅੱਗੇ ਗਿਆਂ ਦੌਲਤ ਹੋਵੇਗੀ ਜੋ ਖਰਚ ਵਾਂਗੂੰ ਕੰਮ ਆਵੇਗੀ :

ਦੁਨੀਆ ਕੈਸਿ ਮੁਕਾਮੇ ॥
ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥

ਜੇ ਤੁਸੀਂ ਆਖੋ ਕਿ ਦੇਖੋ ਜੀ ਜੋਗੀ ਤਾਂ ਮਠ ਬਣਾ ਕੇ ਆਸਣ ਲਾ ਕੇ ਬੈਠਦਾ ਹੈ, ਮੁੱਲਾਂ ਤਕੀਏ ਕਿ ਮਸੀਤ ਨੂੰ ਮੁਕਾਮ ਬਣਾ ਕੇ ਬੈਠਦਾ ਹੈ, ਦੇਖੋ ! ਪੰਡਿਤ ਦੇਵ ਸਥਾਨ ਸ਼ਿਵ ਦੁਆਲੇ ਕਿ ਠਾਕੁਰਦੁਆਰੇ ਵਿਚ ਬੈਠਾ ਪੋਥੀਆਂ ਦੀ ਕਥਾ ਵਿਆਖਿਆ ਕਰਦਾ ਹੈ ਤੇ ਸਿੱਧ ਹਿਮਾਲੀਆ ਆਦਿ ਥਾਂਈਂ ਸਮਾਧੀਆਂ ਲਾ ਕੇ ਬੈਠਦਾ ਹੈ ।

ਇਸੀ ਤਰ੍ਹਾਂ ਦੇਵਤੇ ਸੁਰਗ ਵਿਚ, ਸਿੱਧ, ਗਣ, ਗੰਧ੍ਰਬ, ਮੁਨੀ ਲੋਕ ਯਾ ਮੋਨੀ ਲੋਕ, ਸ਼ੇਖ ਪੀਰ, ਤੇ ਸਰਦਾਰ ਆਪੋ ਆਪਣੇ ਟਿਕਾਣੇ ਮੁਕਾਮ ਤਾਂ ਕਰਕੇ ਬੈਠਦੇ ਹਨ, ਪਰ ਨਾਲ ਹੀ ਵਿਚਾਰ ਕਰ ਲਓ ਕਿ ਇਹ ਸਾਰੇ ਕੂਚ ਦਰ ਕੂਚ ਕਰਦੇ ਚਲੇ ਗਏ ਤੇ ਹੋਰ ਜਿਹੜੇ ਰਹਿੰਦੇ ਹਨ ਉਹ ਵੀ ਚਲੇ ਜਾਣਗੇ ।

ਪਾਤਸ਼ਾਹ, ਖਾਨ, ਸ਼ਾਹ, ਅਮੀਰ ਉਮਰੇ ਵਾਰੋ ਵਾਰੀ ਕੂਚ ਕਰਦੇ ਕਰਦੇ ਚਲੇ ਗਏ । ਇਥੋਂ ਘੜੀ ਕਿ ਦੋ ਘੜੀ ਵਿਚ ਭਾਵ, ਛੇਤੀ ਚੱਲ ਪੈਣਾ ਹੈ; ਹੇ ਮੇਰੇ ਦਿਲ ! ਅਕਲ ਕਰ, ਗਾਫਲ ਨਾ ਹੋ ਤੂੰ ਭੀ ਆਪਣੇ ਆਪ ਨੂੰ ਪਰਲੋਕ ਵਿਚ ਪਹੁੰਚਿਆ ਸਮਝ ਲੈ ।

ਪਰ ਜੋ ਸਦਾ ਥਿਰ ਨਿਹਚਲ ਮੁਕਾਮ ਹੈ ਉਹ ਸ਼ਬਦਾਂ ਦੁਆਰਾ ਵਰਣਨ ਤਾਂ ਕਰ ਲਈਦਾ ਹੈ, ਪਰ ਉਸ ਨੂੰ ਸੱਚ ਮੁੱਚ ਬੁੱਝਦਾ ਕੋਈ ਵਿਰਲਾ ਹੈ । ਉਹ ਜਲ ਥਲ ਤੇ ਧਰਤੀ ਅਕਾਸ਼ ਵਿਚਕਾਰ ਸਾਰੇ ਹੀ ਮੌਜੂਦ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਸੱਚਾ ਮੁਕਾਮ ਉਹੀ ਇਕੋ ਅਲਾਹ ਹੈ ਜੋ ਅਲਖ ਹੈ, ਮਨ ਬੁੱਧੀ ਤੋਂ ਪਰੇ ਹੈ, ਕਾਦਰ ਹੈ, ਰਚਣਹਾਰ ਹੈ, ਮੇਹਰ ਕਰਨ ਵਾਲਾ ਹੈ। ਹਾਂ ਉਹ ਰਹਿਮਤਾਂ ਕਰਨੇ ਵਾਲਾ ਇਕੋ ਹੈ ਜੋ ਸਦਾ ਥਿਰ ਮੁਕਾਮ ਹੈ, ਹੋਰ ਸਾਰੀ ਦੁਨੀਆਂ ਆਉਣ ਜਾਣ ਵਾਲੀ ਹੈ।

ਸਦਾ ਥਿਰ ਮੁਕਾਮ ਉਸ ਨੂੰ ਕਹੀਦਾ ਹੈ, ਜਿਸ ਦੇ ਸਿਰ ਤੇ ਕੋਈ ਲੇਖ ਨਾ ਹੋਵੇ। ਸੋ ਉਹ ਹੈ ਇਕੋ ਰਹੀਮ, ਹੋਰ ਦੇਖ ਲਓ ਅਸਮਾਨ, ਧਰਤੀ ਸਭ ਚਲੀ ਜਾਏਗੀ, ਉਹ ਇਕੋ ਪੱਕਾ ਮੁਕਾਮ ਰਹੇਗਾ।

ਸੂਰਜ ਤੇ ਚੰਦ੍ਰਮਾਂ, ਦਿਨ ਤੇ ਰਾਤ ਚਲੇ ਜਾਣਗੇ, ਲੱਖਾਂ ਤਾਰੇ ਚਲਾਇਮਾਨ ਹੋ ਜਾਣਗੇ, ਉਹੋ ਇਕੋ ਰਹੀਮ ਹੀ ਮੁਕਾਮ ਹੈ ਜੋ ਸਦਾ ਥਿਰ ਰਹੇਗਾ ਹੇ ਨਾਨਕ! ਇਹੋ ਸੱਚ ਹੈ, ਇਹ ਸੱਚ ਡੰਕੇ ਦੀ ਚੋਟ ਕਹਿ ਦੇਹ :

ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥
ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇ ਸਥਾਨਿ ॥੨॥
ਸੁਰ ਸਿਧ ਗਣ ਗੰਧਰਬ ਮੁਨਿ ਜਨ, ਸੇਖ ਪੀਰ ਸਲਾਰ ॥
ਕਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥੪॥

ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥
ਨਾਨਕ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥

ਅਲਾਹੁ ਅਲਖੁ ਅਗੰਮ, ਕਾਦਰੁ ਕਰਣਹਾਰ ਕਰੀਮੁ ॥
ਸਭ ਦੁਨੀ ਆਵਣ ਜਾਵਣੀ ਮੁਕਾਮ ਏਕੁ ਰਹੀਮੁ ॥੬॥

ਮੁਕਾਮੁ ਤਿਸ ਨੋ ਆਖੀਐ ਜਿਸੁ ਸਿਰਿ ਨ ਹੋਵੀ ਲੇਖੁ ॥
ਅਸਮਾਨ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥

ਦਿਨ ਰਵਿ ਚਲੈ, ਨਿਸਿ ਸਸਿ ਚਲੈ, ਤਾਰਿਕਾ ਲਖ ਪਲੋਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਕਾਮੁ ਓਹੀ ਏਕੁ ਹੈ ਨਾਨਕਾ ਸਚ ਬਗੋਇ ।੪॥੧੭॥

(ਸਿਰੀ ਰਾਗੁ ਮ. ੧/੬੪)

ਵਿਆਖਿਆ :—ਇਸ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਵਾਹਿਗੁਰੂ ਤੋਂ ਅਤ੍ਰਿਕਤ ਹਰ ਸ਼ੈ, ਹਰ ਲੋਕ, ਹਰ ਟਿਕਾਣੇ ਹਰ ਜੀਵ ਦੀ ਅਨਸਥਿਰਤਾ ਦਿਖਾਈ ਹੈ। ਸਦਾ ਥਿਰ ਵਾਹਿਗੁਰੂ ਜੀ ਨੂੰ 'ਰਹੀਮ' (ਦਿਆਲੂ) ਕਹਿ ਕੇ ਦਿਖਲਾਇਆ ਹੈ। ਮੁਕਾਮ ਅਰਬੀ ਪਦ ਹੈ—'ਮੁਕਾਮ'। ਇਸ ਦਾ ਅਰਥ ਹੈ ਖੜੇ ਹੋਣ ਦੀ ਥਾਂ, ਠਹਿਰਨ ਦੀ ਥਾਂ, ਟਿਕ ਕੇ ਰਹਿਣ ਦੀ ਥਾਂ। ਗੁਰੂ ਜੀ ਨੇ ਇਸ ਨੂੰ ਤੀਸਰੇ ਅਰਥਾਂ ਵਿਚ ਲਿਆ ਹੈ—ਟਿਕ ਕੇ ਰਹਿਣ ਦੀ ਥਾਂ; ਤੇ ਇਸ ਦੇ ਇਹ ਅਰਥ ਲੈ ਕੇ ਕਿਹਾ ਹੈ ਕਿ ਜਿਥੋਂ ਸਦਾ ਚਲਣੇ ਦੀ ਧੁਖਧੁਖੀ ਲੱਗੀ ਰਹਿੰਦੀ ਹੈ ਉਹ ਟਿਕ ਕੇ ਰਹਿਣੇ ਦੀ ਥਾਂ ਕੀਕੂੰ ਕਿਹਾ ਜਾ ਸਕਦਾ ਹੈ। ਹਾਂ ਤਦੇ ਇਹ ਦੁਨੀਆਂ ਨੂੰ ਮੁਕਾਮ ਕਹਿ ਸਕਦੇ ਹਾਂ ਜੇ ਇਹ ਨਿਹਚਲ ਹੋਵੇ, ਅਰਥਾਤ ਇਹ ਲੋਕ ਸਦੈਵੀ ਹੋਵੇ ਤੇ ਟਿਕ ਕੇ ਲੋਕੀਂ ਇਥੇ ਰਹਿ ਸਕਦੇ ਹੋਣ। ਜਿਥੋਂ ਸਾਰੇ ਚਲੇ ਗਏ ਤੇ ਚਲੇ ਜਾ ਰਹੇ ਹਨ, ਜਿਸ ਨੇ ਆਪ ਨਹੀਂ ਰਹਿਣਾ ਉਹ ਲੋਕ ਮੁਕਾਮ ਕੀਕੂੰ ਹੋ ਸਕਦਾ ਹੈ। ਜਿਥੇ ਹਰ ਜੀਵ ਨੂੰ ਬੀ ਆਪਣੇ ਚਲਣੇ ਦੀ ਧੁਖਧੁਖੀ ਲੱਗ ਰਹੀ ਹੈ ਉਸ ਨੂੰ 'ਟਿਕ ਕੇ ਰਹਿਣੇ ਦੀ ਥਾਂ' ਕੀਕੂੰ ਮੰਨ ਸਕਦੇ ਹਾਂ। ਹੁਣ ਜੇ ਕੋਈ ਕਹੇ ਕਿ ਏਥੇ ਲੋਕੀਂ ਮੁਕਾਮ ਬਣਾ ਕੇ ਰਹਿ ਰਹੇ ਹਨ; ਜਿਵੇਂ ਕਿ ਜੋਗੀ ਆਸਣ ਲਾਉਂਦਾ ਹੈ, ਮਠ ਬਣਾਉਂਦਾ ਹੈ, ਜੋਗੀਆਂ ਦੇ ਹੋਰ ਕਈ ਟਿਕਾਣੇ ਬੀ ਹਨ; ਮੁੱਲਾਂ ਲੋਕ ਤਕੀਏ ਤੇ ਮਸੀਤਾਂ ਬਣਾ ਕੇ ਆਪਣੇ ਜਾਣੇ ਟਿਕ ਕੇ ਵੱਸਦੇ ਹਨ; ਪੰਡਿਤ ਤੇ ਸਿੱਧ ਬੈਠਦੇ ਹਨ। ਦੋਹਾਂ ਦੇ ਟਿਕਾਉ ਲਈ ਇਕ ਪਦ ਵਰਤਿਆ ਹੈ—'ਦੇਵਸਥਾਨ'। ਜਿਸ ਦੇ ਇਕ ਤੋਂ ਵਧੀਕ ਅਰਥ ਹਨ :

੧. ਦੇਉਤਿਆਂ ਦਾ ਮੰਦਰ। ੨. ਹਿਮਾਲਯ ਪਰਬਤ, ਕੈਲਾਸ਼ ਆਦਿ ਥਾਵਾਂ, ਸੁਮੇਰੂ ਪਰਬਤ, ਉੱਚੇ ਪਹਾੜ ਜਿਥੇ ਸਿੱਧ ਹੋਏ ਜੋਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਿਕਦੇ ਹਨ। ਸੋ ਦੁਵੱਲੀ ਅਰਥ ਐਉਂ ਹੈ ਕਿ ਪੰਡਿਤ ਦੇਵ ਮੰਦਰਾਂ ਵਿਚ ਬੈਠ ਕੇ ਸ਼ਾਸਤ੍ਰਾਂ ਆਦਿ ਪੋਥੀਆਂ ਦੀ ਕਥਾ ਕਰਦੇ ਹਨ, ਤੇ ਸਿੱਧ ਹਿਮਾਲਯ ਆਦਿ ਉੱਚੀ ਥਾਂਈ ਸਮਾਧੀਆਂ ਲਾ ਕੇ ਬੈਠਦੇ ਹਨ। (ਸੋ 'ਦੇਵਸਥਾਨ' ਪਦ ਦੋਹੀਂ ਥਾਂਈ ਲੱਗ ਗਿਆ)। ਇਹ ਸੁਣ ਕੇ ਮਾਨੋ ਗੁਰੂ ਜੀ ਅੰਕ ੩ ਤਿੰਨ ਵਿਚ ਹੋਰ ਵੱਡੇ ਵੱਡੇ ਲੋਕ ਦੱਸਦੇ ਹਨ ਕਿ ਏਹ ਮੁਕਾਮ ਕਰ ਕਰਕੇ ਬੈਠੇ, ਪਰ ਸਭ ਚਲੇ ਗਏ, ਕੋਈ ਟਿਕ ਕੇ ਨਾ ਰਿਹਾ, ਸੋ ਰਹਾਉ ਵਾਲੀ ਗੱਲ ਠੀਕ ਰਹੀ :

ਦੁਨੀਆਂ ਕੈਸਿ ਮੁਕਾਮੇ।

ਅੰਕ ੩, ੪, ਵਿਚ ਇਹੋ ਵਿਸ਼ਯ ਚਲਦਾ ਹੈ। ਅੰਕ ੪ ਦੀ ਅਖੀਰਲੀ ਤੁਕ ਵਿਚ ਸੁਣਨ ਵਾਲੇ ਨੂੰ ਉਸ ਦੀ ਨਿੱਜੀ ਦੀ ਠੁਹਕਰ ਦੇਂਦੇ ਹਨ ਕਿ ਤੂੰ ਬੀ ਨਹੀਂ ਟਿਕ ਕੇ ਰਹਿਣਾ। ਹੁਣ ਪ੍ਰਸ਼ਨ ਹੁੰਦਾ ਹੈ ਕਿ ਫੇਰ ਆਪ ਕੋਈ 'ਸਦਾ ਥਿਰ ਟਿਕਾਣਾ' ਦੱਸੋ। ਤਦ ਅੰਕ ੫ ਵਿਚ ਫੁਰਮਾਉਂਦੇ ਹਨ ਕਿ ਸ਼ਬਦਾਂ ਵਿਚ ਸੰਖੇਪ ਕਿ ਵਿਆਖਿਆ ਨਾਲ ਦੱਸ ਦੇਈਦਾ ਹੈ, ਪਰ ਉਸ ਨੂੰ ਬੁੱਝਦਾ ਕੋਈ ਵਿਰਲਾ ਹੈ। ਬੁੱਝਣ ਦਾ ਮਤਲਬ ਕੇਵਲ ਸਮਝਣਾ ਮਾਤ੍ਰ ਨਹੀਂ, ਪਰ ਇਹ ਕਿ ਉਸ ਨੂੰ ਡੂੰਘੀ ਵਿਚਾਰ ਨਾਲ ਲਖ ਕੇ ਉਸ ਤੇ ਅਮਲ ਨਹੀਂ ਕਰਦਾ। ਉਹ ਗੱਲ ਇਹ ਹੈ ਕਿ ਜਲ ਕਿ ਥਲ, ਆਕਾਸ਼ ਕਿ ਆਕਾਸ਼-ਧਰਤੀ ਦੇ ਵਿਚਾਲੇ ਕਿ ਉਦਾਲੇ ਕੋਈ ਥਾਂ ਨਹੀਂ, ਇਹ ਆਪ ਬੀ ਥਾਵਾਂ ਨਹੀਂ ਸਭ ਕੁਛ ਉਹੀ ਹੈ ਤੇ ਸਭਨਾਂ ਵਿਚ ਉਹੀ ਹੈ। ਉਹ ਹੈ ਸਦਾ ਥਿਰ ਉਹ ਹੈ ਅਸਲੀਅਤ ਜੋ ਸਦਾ ਕਾਇਮ ਹੈ, ਉਸ ਦੀ ਜੋ ਹੋਂਦ ਹੈ ਜੋ ਸੱਚ ਮੁੱਚ 'ਹੈ' ਹੈ, ਉਹ ਹੈ ਸਭ ਕੁਛ, ਹੋਰ ਮੁਕ਼ਾਮ ਜਾਂ ਥਾਵਾਂ ਤਾਂ ਉਸ ਦੀ ਹੋਂਦ ਕਰਕੇ ਕਹੀਦੀਆਂ ਹਨ, ਜੇ ਉਹ ਹੈ ਤਾਂ ਉਸ ਕਰਕੇ ਜਿਸ ਨੂੰ ਤੁਸੀਂ ਥਾਵਾਂ ਕਹਿੰਦੇ ਹੋ ਭਾਸਦੀਆਂ ਹਨ, ਥਾਵਾਂ ਆਪਣੇ ਆਪ ਸੁਤੰਤ੍ਰ ਕੁਛ ਨਹੀਂ ਹਨ। ਇਹ ਕਹਿਣਾ ਕਿ ਜਲ ਥਲ ਮਹੀਅਲ ਵਿਚ ਉਹ ਹੈ ਸਮਝਣੇ ਮਾਤਰ ਲਈ ਹੈ, ਅਸਲ ਵਿਚ ਉਹ ਹੈ, ਉਸ ਦੀ 'ਸਦਾ ਥਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਂਦ' ਮਾਇਆ ਨੂੰ ਕਿ ਪ੍ਰਕ੍ਰਿਤੀ ਨੂੰ, ਦੇਸ਼ ਨੂੰ ਕਿ ਕਾਲ ਨੂੰ ਹੋਂਦ ਜੇਹੀ ਦੇ ਦੇਂਦੀ ਹੈ। ਸੋ ਉਹ ਹੈ ਸਭ ਕੁਛ ਸਦਾ ਥਿਰ 'ਤੱਤ ਵਸਤੂ'। ਸੋ ਸਿੱਟਾ ਕੀ ਨਿਕਲਿਆ ਕਿ ਨਾ ਦੇਸ਼ ਵਿਚ ਨਾ ਕਾਲ ਵਿਚ ਕੋਈ ਸਥਿਰ ਟਿਕਾਣਾ ਹੈ। ਇਨ੍ਹਾਂ ਸਭਨਾਂ ਨੇ ਜੋ ਆਪਣਾ ਵਜੂਦ ਲਿਆ ਹੈ, ਉਸ 'ਤੱਤ ਵਸਤੂ' ਤੋਂ ਲਿਆ ਹੈ ਜੋ 'ਜੁਗੁ ਜੁਗੁ ਏਕੋ ਵੇਸੁ' ਹੈ; ਜੋ "ਅਚਲ ਮੂਰਤਿ ਅਨਭਉ ਪ੍ਰਕਾਸ" ਹੈ। ਉਹ ਹੈ ਤਾਂ "ਤੱਤ ਵਸਤੂ" ਉਸ ਨੂੰ ਮੁਕਾਮ ਕਿਉਂ ਕਿਹਾ ? ਇਸ ਲਈ ਕਿ ਉਹ ਅਚਲਤਾ ਹੈ ਤੇ ਅਸਲੀਅਤ ਹੈ। ਉਹ ਸਦਾ ਥਿਰਤਾ ਹੈ, ਇਸ ਕਰਕੇ ਅਸੀਂ ਜੋ 'ਮੁਕਾਮ' ਨੂੰ ਸਮਝਦੇ ਹਾਂ ਸਾਨੂੰ ਦੱਸਿਆ ਕਿ ਮੁਕਾਮ ਉਹ ਹੈ, ਭਾਵ ਕਿ ਸਦਾ ਥਿਰ ਟਿਕਾਣਾ ਉਹੀ ਹੈ।

ਮਤਾਂ ਸਾਨੂੰ ਭੁਲੇਖਾ ਪੈ ਜਾਵੇ ਕਿ ਜਿਵੇਂ 'ਦੇਸ਼' ਵਿਚ ਅੰਗੇ ਟਿਕਾਣੇ ਹਨ ਉਹ ਬੀ ਕੋਈ ਦੇਸ਼ ਵਿਚ ਟਿਕਾਣਾ ਹੈ। ਅਰਥਾਤ ਇਸ ਦਿੱਸਦੇ 'ਦੇਸ਼ ਦੇ' ਰੂਪ ਵਿਚ ਉਸ ਦੇ ਅਣੂ ਪ੍ਰਮਾਣੂ ਦੇ ਕਿਸੇ ਥਾਂ ਉਸ ਦਾ ਮੁਕਾਮ ਹੈ। ਇਸ ਭੁਲੇਵੇ ਤੋਂ ਰੱਖਿਆ ਕਰਨ ਲਈ ਆਪ ਜੀ ਅੰਕ ੬ ਵਿਚ ਫੁਰਮਾਉਂਦੇ ਹਨ ਕਿ ਉਹ 'ਅਲਾਹੁ' ਹੈ। 'ਅੱਲਹ' ਅਰਬੀ ਵਿਚ ਪਰਮੇਸ਼ਰ ਜ਼ਾਤੀ ਨਾਮ ਹੈ ਅਤੇ ਨਾਮ ਹੈ 'ਉਸ ਜ਼ਾਤ ਦਾ ਜੋ ਵਾਜਬੁਲ-ਵਜੂਦ' ਹੈ, ਜੋ 'ਕਾਯਮਬਿਲਜ਼ਾਤ' ਹੈ ਅਤੇ ਜੋ ਹੱਕ ਹੈ ਤੇ ਇਸ ਕਰਕੇ ਇਬਾਦਤ ਕੀਤੇ ਜਾਣ ਦੇ ਯੋਗ ਹੈ। ਭਾਵ ਇਹ ਕਿ ਜੋ ਇਕ ਰਸ ਸਦਾ ਥਿਰ ਹੈ, ਅਦਲਦਾ-ਬਦਲਦਾ ਨਹੀਂ—ਆਂਕਿ ਤਗ਼ੱਯਰਨ ਪਜ਼ੀਰਦ ਤੂਈ ॥ ਆਂਕਿ ਨ ਮਰਦ ਅਸਤੋ ਨ ਮੀਰਦ ਤੂਈ ॥ ਅਰਥਾਤ—ਉਹ, ਜੋ ਬਦਲਦਾ ਨਹੀਂ, ਉਹ ਤੂੰ ਹੈਂ, ਉਹ, ਜੋ ਨਾ ਕਦੇ ਮਰਿਆ ਹੈ ਤੇ ਨਾ ਕਦੇ ਮਰੇਗਾ ਉਹ ਤੂੰ ਹੈਂ। ਗੁਰੂ ਜੀ ਦਾ ਭਾਵ ਏਥੇ ਉਸ ਨੂੰ ਇਹ ਦੱਸਣ ਤੋਂ ਹੈ ਕਿ ਉਹ 'ਸਦਾ ਥਿਰ ਹਸਤੀ' ਹੈ 'ਤੱਤ ਵਸਤੂ' ਹੈ। ਫੇਰ ਉਸ ਨੂੰ ਅਲਖ ਤੇ ਅਗੰਮ ਆਖਿਆ ਹੈ, ਅਰਥਾਤ ਉਹ ਪੰਜ ਇੰਦ੍ਰਿਆਂ ਤੇ ਮਨ ਬੁੱਧੀ ਦੀ ਸਮਝ ਤੋਂ ਅਲਖ ਤੇ ਪਹੁੰਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੋਂ ਪਰੇ ਹੈ, ਔਉ ਉਸ ਨੂੰ ਦੇਸ਼ ਕਾਲ ਤੋਂ ਪਰੇ, ਪਰ ਤੱਤ ਵਸਤੂ ਸਦਾ ਥਿਰ ਵਜੂਦ ਜਣਾਇਆ। ਇਥੇ ਸ਼ੁਬਹ ਪੈ ਸਕਦਾ ਹੈ ਕਿ ਗੁਰੂ ਜੀ ਕਿਤੇ ਅਵਯਕਤ ਪ੍ਰਕ੍ਰਿਤੀ ਨੂੰ ਤਾਂ ਨਹੀਂ ਕਹਿ ਰਹੇ, ਇਸ ਕਰਕੇ ਉਸ ਨੂੰ ਕਰਣਹਾਰ, ਕਾਦਰ ਤੇ ਰਹੀਮ ਦੱਸਦੇ ਹਨ। ਏਹ ਤ੍ਰੈਏ ਸਿਫਤਾਂ 'ਚੇਤਨ' ਦੀਆਂ ਹਨ। ਉਹ ਰਚਦਾ ਹੈ, ਰਚ ਕੇ ਆਪਣੀ ਰਚੀ ਹੋਈ ਕੁਦਰਤ ਉਤੇ ਕਾਦਰ ਹੈ, ਤੇ ਨਿਰੀ ਚੇਤਨ ਮਾਤਰ ਬੀ ਨਹੀਂ, ਉਹ ਪ੍ਰਿਯ ਸਰੂਪ ਬੀ ਹੈ ਕਿ ਉਸ ਵਿਚ ਰਹੀਮ ਵੱਸਦਾ ਹੈ, ਰਹੀਮ ਉਹੀ ਹੋ ਸਕਦਾ ਹੈ ਜੋ ਪ੍ਰਿਯ ਸਰੂਪ ਹੋਵੇ। ਸੋ ਉਹ ਇਕੋ ਸਦਾ ਥਿਰ ਹਸਤੀ ਹੈ ਤੇ ਐਸੀ ਹਸਤੀ ਹੋਣ ਕਰਕੇ ਉਹ ਸਭ ਮੁਕਾਮਾਂ (ਦੇਸ਼ਾਂ) ਦਾ ਮਾਨੋ ਸੁੱਤੇ ਸਿੱਧ ਉਪਜਾਊ ਤੇ ਟੇਕ ਹੈ, ਇਸ ਕਰਕੇ ਉਹ ਅਨਸਥਿਰ ਮੁਕਾਮਾਂ ਦੇ ਮੁਕਾਬਲੇ ਤੇ 'ਸਦਾ ਥਿਰ ਮੁਕਾਮ' ਕਿਹਾ ਹੈ। ਫਿਰ ਅੰਕ ੭ ਵਿਚ ਹੋਰ ਲੱਚਣ ਕਰਦੇ ਹਨ, ਕਿ 'ਹਰ ਸ਼ੈ' 'ਹਰ ਜੀਵ' ਹਰ ਹਾਲਤ ਦੇ ਸਿਰ ਤੇ ਚੱਲਣੇ ਦਾ ਲੇਖ ਲਿਖਿਆ ਹੋਇਆ ਹੈ, ਕਿਉਂਕਿ ਸਾਰੀ ਪ੍ਰਕ੍ਰਿਤੀ ਹਰਕਤ ਵਿਚ ਹੈ, ਤੇ ਪ੍ਰਕ੍ਰਿਤੀ ਦੀ ਖੇਲ ਇਸ ਤਰ੍ਹਾਂ ਚਲ ਰਹੀ ਹੈ। ਸੋ ਹਰ ਸ਼ੈ ਦੇ ਸਿਰ 'ਚੱਲਦੇ ਰਹਿਣ ਦਾ ਤੇ ਚਲੇ ਜਾਣ ਦਾ ਮਾਨੋ ਲੇਖ' ਲਿਖਿਆ ਹੋਇਆ ਹੈ। 'ਅਖਰਾ ਸਿਰਿ ਸੰਜੋਗੁ ਵਖਾਣਿ ॥' ਸਭ ਦੇ ਸਿਰ ਇਹ ਲੇਖ ਲਿਖਣੇ ਵਾਲਾ ਜੋ ਹੈ 'ਅਚਲ ਮੂਰਤਿ' ਉਸ ਦੇ ਸਿਰ ਤੇ ਕੋਈ ਲੇਖ ਨਹੀਂ :

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

ਇਹ ਬੀ ਉਸ ਅਚਲ ਮੂਰਤੀ ਦੀ ਚੇਤਨਤਾ ਤੇ ਸੁਤੰਤ੍ਰ ਚੇਤਨਤਾ ਦਾ ਸਦਾ ਥਿਰ ਅਜ਼ਲੀ ਅਸਲੀ ਚੇਤਨਤਾ ਦਾ ਲਖਾਇਕ ਹੈ। ਇਹ ਦੱਸ ਕੇ ਕਿ ਇਹ ਸੱਚਾ ਮੁਕਾਮ ਹੈ, ਕਿਹਾ, ਇਹ ਮੁਕਾਮ ਇਕੋ ਹੈ ਕਿ ਜੋ 'ਮੁਕਾਮ' ਕਹਾ ਸਕਦਾ ਹੈ, ਹੋਰ ਧਰਤੀ, ਅਸਮਾਨ ਸੂਰਜ, ਸੂਰਜ ਤੋਂ ਬਣਿਆ ਦਿਨ ਰਾਤ ਤੇ ਰਾਤ ਨੂੰ ਨੂਰ ਦੇਣ ਵਾਲਾ ਚੰਦ ਲੱਖਾਂ ਤਾਰੇ ਸਭ ਚਲ ਰਹੇ ਹਨ ਤੇ ਸਾਰੇ ਚਲੇ ਜਾਣਗੇ, ਭਾਵ ਅੰਤ ਹੋ ਜਾਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਗੁਰੂ ਜੀ ਸੱਚੀ ਗੱਲ ਦੱਸਦੇ ਹਨ, (ਅੰਕ ੯) ਕਿ ਮੁਕਾਮ ਇਕੋ ਉਹੋ 'ਅਚਲ ਮੂਰਤੀ ਅਕਾਲ ਪੁਰਖ' ਹੈ। ਕਟਾਖਸ਼ਾ ਵਿਚ ਇਹ ਹੈ ਕਿ ਉਸ ਮੁਕਾਮ ਵਿਚ ਆਪਣਾ ਘਰ ਬਣਾਉ। ਇੱਟਾਂ ਪੱਥਰਾਂ ਦੇ ਘਰਾਂ ਨੂੰ ਮੁਕਾਮ ਨਾ ਸਮਝੋ, ਨਾ ਸੁਰਗ ਆਦਿ ਲੋਕਾਂ ਨੂੰ, ਨਾ ਬ੍ਰਹਮਾ ਆਦਿ ਲੋਕਾਂ ਨੂੰ ਘਰ ਸਮਝੋ। ਘਰ ਕਰਤਾਰ ਵਿਚ ਬਣਾਉ। ਉਥੇ ਘਰ ਬਨਾਉਣ ਦੀ ਤਰਤੀਬ ਰਹਾਉ ਵਿਚ ਦੱਸੀ ਹੈ :–'ਲਾਗਿ ਰਹੁ ਨਾਮੇ ॥' ਕੀਕੂੰ ? ਸਿਧਕ ਧਾਰ ਕੇ ਉਸ ਦਾ ਥਿਰ ਰਹੀਮ ਵਿਚ ਨਿਸਚਾ ਧਾਰ ਕੇ ਨਾਮ ਜਪੋ ਤੇ ਇਹ ਨਾਮ ਕਰਣੀ ਹੋ ਜਾਵੇ, ਪ੍ਰੇਮਾ ਭਗਤੀ ਬਣ ਜਾਵੇ, ਨਾਮ ਦਾ ਜਪ, ਨਾਮ ਦਾ ਸਿਮਰਣ, ਨਾਮ ਦਾ ਅਮਲ, ਨਾਮੀ ਵਿਚ ਤਦਰੂਪਤਾ ਦੇ ਦੇਵੇ। ਐਉਂ ਇਹ ਕਰਣੀ ਬਣ ਜਾਵੇਗਾ, ਜੋ ਕਰਣੀ ਬਣ ਜਾਵੇਗਾ, ਜੋ ਕਰਨੀ ਕਿ ਉਸ ਸਦਾ ਥਿਰ ਮਕਾਮ-ਰਹੀਮ-ਵਿਚ ਲੈ ਜਾਵੇਗੀ। (ਸੰਥਯਾ ਪੋਥੀ ਦੂਸਰੀ-ਭਾਈ ਵੀਰ ਸਿੰਘ ਜੀ)

ਸੰਸਾਰ ਵਿਚ ਜੋ ਭੀ ਆਇਆ ਹੈ 'ਮੈਂ ਵੱਡਾ, ਮੈਂ ਵੱਡਾ' ਆਖ ਆਖ ਕੇ ਆਖਰ ਇਥੋਂ ਚਲਾ ਜਾਏਗਾ। ਇਹ ਸਾਰਾ ਸੰਸਾਰ ਕੱਜਲ ਦੀ ਕੋਠੜੀ ਸਮਾਨ ਹੈ, ਜਿਹੜਾ ਭੀ ਇਸਦੇ ਮੋਹ ਵਿਚ ਫਸਦਾ ਹੈ, ਉਸਦਾ ਤਨ ਮਨ ਸਰੀਰ ਸੁਆਹ ਵਿਚ ਮਿਲ ਜਾਂਦਾ ਹੈ। ਗੁਰੂ ਜੀ ਨੇ ਆਪਣੇ ਸ਼ਬਦ ਦੇ ਰਾਹੀਂ ਜਿਨ੍ਹਾਂ ਦੀ ਤ੍ਰਿਸ਼ਨਾ ਅੱਗ ਦੂਰ ਕਰ ਦਿੱਤੀ, ਉਹ ਇਸ ਕੱਜਲ-ਕੋਠੜੀ ਵਿਚੋਂ ਸਾਫ਼-ਸੁਥਰੇ ਹੀ ਰਹੇ।

ਸਿਧਾਂਤ ਦੀ ਗੱਲ ਇਹ ਹੈ ਕਿ ਸੱਚੇ ਨਾਮ ਦੁਆਰਾ ਸੰਸਾਰ ਸਾਗਰ ਨੂੰ ਤਰ ਜਾਈਦਾ ਹੈ। ਕਿਸ ਦੇ ਨਾਮ ਨਾਲ ? ਉਸ ਦੇ ਨਾਮ ਨਾਲ, ਜੋ ਸ਼ਾਹਾਂ ਤੋਂ ਭੀ ਸ਼ਿਰੋਮਣੀ ਪਾਤਸ਼ਾਹ ਵਾਹਿਗੁਰੂ ਹੈ। [ਅਰਦਾਸ] ਹੇ ਪ੍ਰਭੂ ਮੈਨੂੰ ਹਰੀ ਦਾ ਨਾਮ ਨਾ ਭੁੱਲੇ, ਮੈਨੂੰ ਤਾਂ ਪਰਮਾਤਮਾ ਦੇ ਨਾਮ ਰਤਨ ਦਾ ਹੀ ਭਰੋਸਾ ਹੈ। ਸੋ ਭਾਈ ! ਤੁਸੀਂ ਸਮਝ ਕਰ ਲਓ ਕਿ ਮਨਮੁਖ ਲੋਕ ਭਵ ਸਾਗਰ ਵਿਚ ਖੁਆਰ ਹੋ ਕੇ ਮਰੇ ਹਨ, ਪਰ ਗੁਰਮੁਖਿ ਇਸ ਅਥਾਹ ਸਮੁੰਦਰ ਨੂੰ ਤਰੇ ਹਨ। ਭਾਵ ਹੈ ਕਿ ਮਨਮੁਖ ਡੁਬਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਗੁਰਮੁਖਿ ਤਰਦੇ ਹਨ ਭਵ ਸਾਗਰ ਤੋਂ ਜੋ ਅਥਾਹ ਹੈ :

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥
ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥
ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥
ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥
ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥
ਮਨਮੁਖ ਭਉਜਲ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥

(ਸਿਰੀ ਰਾਗੁ ਮ. ੧/੬੪)

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨਚੋੜ ਦੀ ਗੱਲ ਕੱਢਦੇ ਹਨ ਕਿ ਜਗਤ ਵਿਚ ਆ ਕੇ ਜੀਵਾਂ ਦੇ ਜੀਵਨ ਹਉਮੈ ਵਿਚ ਬੀਤਦੇ ਹਨ। ਸਭ ਮੋਹ ਲਾਲਚ ਤੇ ਫਸੌਤੀਆਂ ਹਤੁ ਕਰਕੇ ਪੈਂਦੀਆਂ ਹਨ। ਜਗਤ ਕੱਜਲ ਦੀ ਕੋਠੜੀ ਵਾਂਗ ਹੈ। ਹਉਂ ਦੇ ਕਾਰਣ ਲੋਕ ਅੰਨ੍ਹੇ ਹਨ ਜੋ ਇਥੇ ਵਿਕਾਰਾਂ ਦੇ ਕਲੰਕ ਸਹੇੜਦੇ ਹਨ। ਜੋ ਇਥੇ ਆ ਕੇ ਗੁਰੂ ਦੀ ਟੇਕ ਲੈਂਦੇ ਹਨ, ਗੁਰੂ ਉਨ੍ਹਾਂ ਨੂੰ ਸ਼ਬਦ ਦੇਂਦਾ ਹੈ, ਸ਼ਬਦ ਨਾਲ ਹਉਮੈ ਲਾਈ ਤ੍ਰਿਸ਼ਨਾ ਅਗਨੀ ਬੁਝ ਜਾਂਦੀ ਹੈ।

ਗੁਰੂ ਜੀ ਸਿਧਾਂਤ ਦੀ ਗੱਲ ਦੱਸਦੇ ਹਨ ਕਿ ਪਰਮਾਤਮਾ ਦਾ ਨਾਮ ਤਾਰਦਾ ਹੈ। ਇਹ ਨਾਮ ਨਾ ਭੁੱਲੇ। ਨਾਮ ਨਾਲ ਗੁਰਮੁਖਿ ਹੋ ਕੇ ਤਰ ਜਾਈਦਾ ਹੈ, ਨਾਮ ਤੋਂ ਬੇਮੁਖ ਰਹਿ ਕੇ ਪਚ ਪਚ ਮਰੀ ਦਾ ਹੈ।

ਜੋ ਕਾਰ ਪਿੱਛੇ ਸੰਸਾਰ ਇਕ ਡਰਾਮਾ ਹੈ ਜਿਸ ਦਾ ਡਾਇਰੈਕਟਰ ਅਕਾਲ ਪੁਰਖ ! ਸਿਰਜਣਹਾਰ ਦੇ ਰੂਪਕ ਵਿਚ ਦਿਖਾ ਆਏ ਹਨ, ਹੁਣ ਉਹੋ ਛਿੰਝ ਦੇ ਰੂਪਕ ਵਿਚ ਦਰਸਾਉਂਦੇ ਹਨ । ਸ੍ਰੀ ਗੁਰੂ ਜੀ ਆਪਣੇ ਦੁਆਰਾ ਸਾਨੂੰ ਉਪਦੇਸ਼ ਕਰਦੇ ਹਨ ਕਿ ਜੀਵਨ ਯਾਤਰਾ ਕਿੰਕੂ ਸਫ਼ਲ ਕਰਨੀ ਹੈ। ਜੇ ਸਮਝੀਏ ਕਿ ਸ੍ਰੀ ਗੁਰੂ ਜੀ ਆਪਣੀ ਜੀਵਨੀ ਵਲ ਕੋਈ ਸੈਨਤ ਕਰਦੇ ਹਨ ਤਾਂ ਐਉਂ ਜਾਪਦਾ ਹੈ ਕਿ ਸ੍ਰੀ ਗੁਰੂ ਜੀ ਆਪਣੀ ਘਾਲ, ਫੇਰ ਗੁਰਿਆਈ, ਉਸ ਦੇ ਕਾਰਜ, ਉਸ ਦੇ ਆਦਰਸ਼ ਤੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਫਲ ਦਾ ਜ਼ਿਕਰ ਕਰਦੇ ਹਨ, ਪਰ ਐਸੀ ਖੂਬੀ ਨਾਲ ਜ਼ਿਕਰ ਕਰਦੇ ਹਨ ਕਿ ਜਿਸ ਵਿਚ ਹਉਮੈ ਦੀ ਲੇਸ਼ ਨਹੀਂ ਲੱਗਣ ਦੇਂਦੇ ਤੇ ਵਡਿਆਈ ਸਾਰੀ ਗੁਰੂ ਤੇ ਪਰਮੇਸ਼ਰ ਨੂੰ ਦੇਂਦੇ ਹਨ। ਫੁਰਮਾਉਂਦੇ ਹਨ ਕਿ ਮੈਂ ਆਪਣੇ ਸੁਆਮੀ ਦਾ ਛੋਟਾ ਜਿਹਾ ਪਹਿਲਵਾਨ ਹਾਂ ਮੈਂ ਗੁਰੂ ਨੂੰ ਮਿਲ ਕੇ ਉੱਚ ਦੁਮਾਲੀਆ ਹੋ ਗਿਆ ਹਾਂ, ਭਾਵ ਮੈਂ ਸਾਂ ਤਾਂ ਨਿੱਕਾ ਜਿਹਾ ਪਹਿਲਵਾਨ, ਪਰ ਮੈਂ ਗੁਰੂ ਨੂੰ ਮਿਲ ਪਿਆ, ਜਾਚ ਸਿੱਖ ਲਈ ਤਾਂ ਮੈਂ ਇਨ੍ਹਾਂ ਸ਼ੱਤਰੂਆਂ ਤੋਂ ਫਤਹ ਪਾ ਕੇ ਮਾਲੀ ਜਿੱਤ ਲਈ, ਸੋ ਮੈਂ ਉੱਚ ਦੁਮਾਲੇ ਵਾਲਾ ਵਿਜਈ ਪਹਿਲਵਾਨ ਹੋ ਗਿਆ ਹਾਂ। ਹੁਣ ਹੋਈ ਕੁਸ਼ਤੀ ਦਾ ਰੂਪ ਦੱਸਦੇ ਹਨ, ਘੋਲ ਦੇਖਣ ਲਈ ਸਭ ਛਿੰਝ ਦਰਸ਼ਕਾਂ ਦੀ ਭੀੜ ਇਕੱਠੀ ਹੋ ਰਹੀ ਸੀ, ਮਾਲਕ ! ਵਾਹਿਗੁਰੂ ਜੀ ਆਪ ਬੀ ਬੈਠਾ ਵੇਖਦਾ ਸੀ।

ਤੂਤੀਆਂ ਵਜ ਰਹੀਆਂ ਹਨ, ਨਾਲ ਛੋਟੇ ਨਗਾਰੇ ਤੇ ਭੇਰੀਆਂ ਵਜ ਰਹੀਆਂ ਸਨ, ਪਹਿਲਵਾਨ ਪਿੜ ਵਿਚ ਲੱਥੇ ਹੋਏ ਮੇਰੇ ਦੁਆਲੇ ਫੇਰੀਆਂ ਲੈ ਰਹੇ ਸਨ ਕਿ ਆਓ ਘੁਲੀਏ, ਮੈਂ ਘੁਲ ਪਿਆ ਤੇ ਪੰਜ ਜੁਆਨ ਮੱਲ ਮੈਂ ਢਾਹ ਲਏ, ਇਸ ਪਰ ਗੁਰੂ ਜੀ ਨੇ ਮੇਰੀ ਪਿੱਠ ਤੇ ਥਾਪੀ ਦਿੱਤੀ।

ਦੇਖੋ, ਮੱਲ ਅਖਾੜੇ ਦੇ ਪਹਿਲਵਾਨਾਂ ਵਾਂਗੂੰ ਜਗਤ ਦੇ ਸਾਰੇ ਜੀਵ ਸੰਸਾਰ ਵਿਚ ਆ ਇਕੱਠੇ ਹੋਏ ਹਨ, ਦਿਨ ਪੂਰੇ ਹੋਣ ਤੇ ਘਰੋ ਘਰੀ ਟੁਰ ਜਾਣਗੇ ਪਰ ਇਕੋ ਰਸਤੇ ਨਹੀਂ, ਰਾਹ ਵਟਾ ਕੇ ਆਪੋ ਆਪਣੇ ਟਿਕਾਣੇ ਜਾਣਗੇ, ਅਰਥਾਤ ਗੁਰਮੁਖਿ ਤਾਂ ਉਸ ਰਸਤੇ ਜਾਣਗੇ ਜੋ ਲਾਹਾ ਲੈ ਜਾਣ ਵਾਲਿਆਂ ਦਾ ਹੈ, ਤੇ ਮਨਮੁਖ ਉਸ ਰਾਹੇ ਜੋ ਮੂਲ ਬੀ ਗੁਆ ਜਾਣ ਵਾਲਿਆਂ ਦਾ ਹੈ :

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆਂ ॥
ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ
ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥

ਸਭ ਇਕਠੇ ਹੋਇ ਆਇਆ ॥
ਘਰਿ ਜਾਸਨ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ
ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥੨੯॥

(ਸਿਰੀ ਰਾਗੁ ਮ. ੫/੭੪)

ਇਸ ਦਾ ਭਾਵ ਇਹ ਹੈ ਕਿ ਅਕਸਰ ਇਹ ਪ੍ਰਸ਼ਨ ਉੱਠਦਾ ਹੈ ਕਿ ਕਿਉਂ ਜੀਵ ਇਸ ਸੰਸਾਰ ਵਿਚ ਹੈ, ਜਿਸ ਦੇ ਦੁਆਲੇ ਅਜ਼ਮਾਇਸ਼ਾਂ ਤੇ ਲੁਭਾਇਮਾਨਤਾਂ ਹਨ ਤੇ ਦੁੱਖਾਂ ਦੇ ਮੁਕਾਬਲੇ ਹਨ ? ਉਸ ਦਾ ਉੱਤਰ ਪਹਿਲਵਾਨਾਂ ਦੇ ਘੋਲ ਨਾਲ ਯਾ ਛਿੰਝ ਦੇ ਰੂਪਕ ਵਿਚ ਵਰਣਨ ਕਰਕੇ ਦੱਸਦੇ ਹਨ ਕਿ ਜੀਵ ਜੋ ਚੇਤਨ ਵਸਤੂ ਹੈ ਸਰੀਰ ਵਿਚ, ਜੋ ਸਰੀਰ ਮਾਦਾ ਅਰਥਾਤ ਪ੍ਰਕ੍ਰਿਤੀ ਦਾ ਹੈ ਯਾ ਮਾਲਕ ਹੈ, ਇਸ ਕਰਕੇ ਛੱਡਿਆ ਗਿਆ ਹੈ ਕਿ ਪ੍ਰਕ੍ਰਿਤੀ ਉਸ ਨੂੰ ਰੋਕਾਂ ਪਾਵੇ, ਉਹ ਸਗੋਂ ਪ੍ਰਯਤਨ ਕਰੇ ਤੇ ਅੰਤ ਫਤੇ ਪਾ ਕੇ ਆਤਮ ਸਤਿਆ ਵਿਚ ਅਜਿੱਤ ਬਲਵਾਨ ਹੋ ਜਾਵੇ। ਅਰਥ ਤ ਰੂਹ ਮਾਦੇ ਨਾਲ ਘੁਲ ਘੁਲ ਕੇ ਫਤਹਯਾਬ ਹੋਵੇ। ਇਸ ਲਈ ਛਿੰਝ ਦਾ ਰੂਪਕ ਲੈ ਕੇ ਦੱਸਿਆ ਹੈ ਕਿ ਵਾਹਿਗੁਰੂ ਪਾਤਸ਼ਾਹ ਇਹ ਘੋਲ ਦੇਖ ਰਿਹਾ ਹੈ, ਮੈਂ ਇਸ ਵਿਚ ਮਾਲੀ ਲੈ ਲਈ ਹੈ, ਪਰ ਗੁਰੂ ਜੀ ਦੀ ਮਿਹਰ ਨਾਲ। ਇਹ ਗੱਲ ਆਪਣੇ ਤੇ ਲੈ ਕੇ ਦੱਸਣ ਵਿਚ ਉਪਦੇਸ਼ ਹੈ ਕਿ ਤੁਸੀਂ ਸਾਰੇ ਇਸ ਖਿਆਲ ਨੂੰ ਸਮਝ ਕੇ ਇਸ ਜੀਵਨ ਨੂੰ ਇਕ ਘੋਲ ਸਮਝੋ। ਨਿਰਾਸ ਉਦਾਸ ਨਾ ਹੋਵੇ, ਆਪਣੀ ਰੂਹ ਨੂੰ ਮਾਦੇ ਦੇ ਘੋਲ ਵਿਚ ਪਹਿਲਵਾਨ ਵਾਂਗੂ ਪਾ ਕੇ 'ਮਾਦੇ' ਤੇ ਫਤਹ ਪਾਓ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਂ ਮੋਹ ਮਾਇਆ ਨਾਲ ਘੁਲੇ ਤੇ ਮੈਦਾਨ ਜਿੱਤੋ।

ਸ੍ਰੀ ਗੁਰੂ ਜੀ ਫੁਰਮਾਉਂਦੇ ਹਨ ਇਉਂ ਮੇਰਾ ਘੋਲ ਹੋਇਆ ਤੇ ਬਿਜੈ ਮਿਲੀ। ਵਾਜੇ ਵਜ ਰਹੇ ਸਨ, ਮੇਰੇ ਨਾਲ ਘੁਲਣ ਵਾਲੇ ਪਹਿਲਵਾਨ ਘੁੰਮ ਰਹੇ ਸਨ, ਮੈਨੂੰ ਥਾਪੀ ਦਿੱਤੀ ਗੁਰਾਂ ਨੇ ਕਿ ਜਾਹ ਬੱਚਾ ਘੁਲ ਤੇ ਚਿਤ ਲਿਟਾ ਕੇ ਵੈਰੀਆਂ ਨੂੰ। ਮੈਂ ਪੰਜੇ ਮੱਲ ਝੱਟ ਢਾਹ ਲਏ। ਇਸ ਦੀ ਮੁਰਾਦ ਬੀ ਇਹੋ ਹੀ ਹੈ ਕਿ ਤੁਸੀਂ ਗੁਰੂ ਦੀ ਟੇਕ ਲੈ ਕੇ ਕੁਸ਼ਤੀ ਸਮਝ ਕੇ ਪਹਿਲਵਾਨ ਬਣ ਕੇ ਘੁਲੋ ਤੇ ਫਤਹ ਪਾਓਗੇ।

ਇਸ ਨੂੰ ਆਪ ਜੀ ਖੋਹਲਕੇ ਸਾਦੇ ਲਫਜ਼ਾਂ ਵਿਚ ਦਸਦੇ ਹਨ ਕਿ ਦੁਨੀਆਂ ਦੇ ਸਾਰੇ ਬੰਦੇ ਏਥੇ ਛਿੰਝ ਤੇ ਕੱਠੇ ਹੋ ਕੇ ਆਏ ਹਨ, ਏਹ, ਜਿਵੇਂ ਛਿੰਝ ਤੋਂ ਹੋ ਕੇ ਘਰ ਜਾਈਦਾ ਹੈ ਘਰਾਂ ਨੂੰ ਜਾਣਗੇ, ਪਰ ਜਿਸ ਰਾਹ ਆਏ ਓਸੇ ਰਾਹ ਸਭ ਨਹੀਂ ਜਾਣਗੇ, ਰਸਤੇ ਵਟਾਕੇ ਜਾਣਗੇ। ਜੋ ਆ ਕੇ ਘੁਲੇ ਤੇ ਕਾਮਯਾਬ ਹੋਏ ਉਹ ਗੁਰਮੁਖਿ ਹਨ, ਉਹ ਹੋਰ ਰਸਤੇ ਜਾਣਗੇ—ਜਿੱਤ ਵਾਲੇ ਰਸਤੇ। ਜੋ ਨਹੀਂ ਘੁਲੇ, ਯਾ ਘੁਲੇ ਤੇ ਹਾਰੇ ਉਹ ਹੋਰ ਰਸਤੇ ਜਾਣਗੇ ਭਾਵ ਹਾਰ ਵਾਲੇ ਰਸਤੇ। ਜਿਨ੍ਹਾਂ ਨੇ ਮਾਦਾ ਪ੍ਰਕ੍ਰਿਤੀ ਕਿ ਮਾਇਆ ਤੇ ਫਤਹ ਪਾਈ, ਮਾਇਆ ਨੂੰ ਜਿੱਤ ਲਿਆ ਸੋ ਤਾਂ ਗੁਰਮੁਖਿ ਹਨ ਉਨ੍ਹਾਂ ਦਾ ਰਸਤਾ ਹੋਰ ਹੈ :

ਜਹ ਲਾਲਚ ਜਾਗਾਤੀ ਘਾਟ ॥
ਦੂਰਿ ਰਹੀ ਉਹ ਜਨ ਤੇ ਬਾਟ ॥੨॥
ਜਹ ਆਵਟੇ ਬਹੁਤ ਘਨ ਸਾਥ ॥
ਪਾਰਬ੍ਰਹਮ ਕੇ ਸੰਗੀ ਸਾਧ ॥੯੧॥ (ਆਸਾ ਮ. ੧)

8304

ਜਿਣ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥੯੦॥
(ਸੋਰਠਿ ਮ. ੫)

ਜੋ ਹਾਰੇ ਤੇ ਮਾਇਆ ਵਿਚ ਫਸੇ ਰਹੇ ਉਹ ਮਨਮੁੱਖ ਹਨ, ਉਹ ਆਵਾਗਵਨ ਦੇ ਰਸਤੇ ਪੈ ਜਾਣਗੇ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਤ ਬਗੀਚਾ ਹੈ, ਮੇਰਾ ਪ੍ਰਭੂ ਇਸ ਦਾ ਮਾਲੀ ਹੈ, ਉਹ ਸਦਾ ਆਪਣੇ ਲਾਏ ਸਾਰਿਆਂ ਦੀ ਸੰਭਾਲ ਕਰਦਾ ਹੈ, ਕੋਈ ਉਸ ਦੀ ਸੰਭਾਲ ਤੋਂ ਵਿਰਵਾ ਨਹੀਂ ਰਹਿੰਦਾ। ਜੇਹੋ ਜੇਹੀ ਵਾਸ਼ਨਾ ਕੋਈ ਪਾਉਂਦਾ ਹੈ ਉਹੋ ਜੇਹੀ ਵਾਸ਼ਨਾ ਵਿਚ ਵਰਤਦਾ ਹੈ ਭਾਵ ਉਹੋ ਜੇਹੀ ਗੰਧੀ ਹੀ ਖਿਲਰਦੀ ਹੈ ਵਾਸ਼ਨਾ ਵਾਲਾ ਬੂਟਾ ਆਪਣੀ ਵਾਸ਼ਨਾ ਨੂੰ ਹੀ ਜਣਾਉਣਹਾਰ ਹੋ ਜਾਂਦਾ ਹੈ, ਭਾਵ ਆਪਣੀ ਖੁਸ਼ਬੋ ਤੋਂ ਹੀ ਦੱਸ ਦੇਂਦਾ ਹੈ ਕਿ ਉਹ ਕੀ ਹੈ। ਇਸੀ ਤਰ੍ਹਾਂ ਗੁਰਮੁਖਿ ਤੇ ਮਨਮੁੱਖ ਆਪਣੇ ਕਰਮਾਂ ਤੋਂ ਆਪਣੇ ਆਪ ਨੂੰ ਜਣਾ ਦੇਂਦੇ ਹਨ :

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥
ਸਦਾ ਸਮਾਲੇ ਕੋ ਨਾਹੀ ਖਾਲੀ ॥
ਜੇਹੀ ਵਾਸਨਾ ਪਾਏ ਤੇਹੀ
ਵਰਤੈ ਵਾਸੁ ਵਾਸੁ ਜਣਾਵਣਿਆ ॥ (ਮਾਝ ਮ. ੩/੧੧੮)
(ਸੰਥਯਾ ਪੋਥੀ ਦੂਜੀ)

ਇਕ ਬਾਗ ਦੇ ਰੂਪਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲਗਾਏ ਸਤਿਸੰਗ ਦਾ ਵਰਣਨ ਕਰਦੇ ਹਨ ਕਿ ਇਕ ਬਗੀਚਾ ਹੈ ਉਸ ਵਿਚ ਬਹੁਤੇ ਬ੍ਰਿਛ ਲਾਏ ਹੋਏ ਹਨ, ਉਨ੍ਹਾਂ ਵਿਚੋਂ ਕਈ ਬੂਟੇ ਫਲ ਪਏ ਹਨ, ਉਨ੍ਹਾਂ ਨੂੰ ਫਲ ਲੱਗਾ ਹੈ ਅੰਮ੍ਰਿਤ ਨਾਮ। ਹੇ ਗਿਆਨੀ ਹੁਣ ਐਸਾ ਕੋਈ ਵਿਚਾਰ ਕਰੋ ਕਿ ਜਿਸ ਕਰਕੇ ਇਸ ਸਾਰੇ ਬਗੀਚੇ ਦੇ ਬਿਨ ਕਾਂਪ ਖਾਧੇ ਪਦਵੀ ਤੇ ਪਹੁੰਚਣਾ ਪਾ ਲਈਏ, ਕਿਉਂਕਿ ਇਸ ਬਾਗ ਦੇ ਨੇੜੇ ਤੇੜੇ, ਹੇ ਭਾਈ ਵਿਹੁਲੇ ਪਾਣੀ ਦੇ ਕੁੰਡ ਹੌਜ਼ ਬੀ ਹਨ, ਚਾਹੋ ਇਸ ਦੇ ਵਿਚਾਲੇ ਅੰਮ੍ਰਿਤ ਹੈ।

ਇਸ ਬਗੀਚੇ ਨੂੰ ਪਾਣੀ ਦੇਣ ਵਾਲਾ ਮਾਲੀ, ਜੋ ਇਕੋ ਹੈ, ਪਤ ਪਤ ਤੇ ਡਾਲੀ ਡਾਲੀ ਨੂੰ ਖਬਰ ਕਰਦਾ ਰਹਿੰਦਾ ਹੈ।

ਉਸ ਮਾਲੀ ਨੇ ਆਪਣੇ ਬਗੀਚੇ ਵਿਚ ਸਭ ਭਾਂਤ ਦੀ ਬਨਸਪਤੀ ਗੱਡੀ ਹੈ, ਜੋ ਸਾਰੇ ਫੁੱਲਾਂ 'ਤੇ ਆ ਗਈ ਹੈ ਤੇ ਫਲ ਰਹਿਤ ਕੋਈ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੀ ਹੈ :

ਏਕੁ ਬਗੀਚਾ ਪੇਡ ਘਨ ਕਰਿਆ ॥
ਅੰਮ੍ਰਿਤੁ ਨਾਮ ਤਹਾ ਮਹਿ ਫਲਿਆ ॥੧॥
ਐਸਾ ਕਰਹੁ ਬੀਚਾਰੁ ਗਿਆਨੀ ॥
ਜਾਤੇ ਪਾਈਐ ਪਦੁ ਨਿਰਬਾਨੀ ॥
ਆਸਿ ਪਾਸਿ ਬਿਖੂਆ ਕੇ ਕੁੰਟਾ
ਬੀਚਿ ਅੰਮ੍ਰਿਤ ਹੈ ਭਾਈ ਰੇ ॥੧॥ਰਹਾਉ॥
ਸਿੰਚਨਹਾਰੇ ਏਕੈ ਮਾਲੀ ॥
ਖਬਰਿ ਕਰਤੁ ਹੈ ਪਾਤ ਪਾਤ ਡਾਲੀ ॥੨॥
ਸਗਲ ਬਨਸਪਤਿ ਆਣਿ ਜੜਾਈ ॥
ਸਗਲੀ ਫੂਲੀ ਨਿਫਲ ਨ ਕਾਈ ॥੩॥੫੬॥

(ਆਸਾ ਮ. ੫/੩੮੫)

ਅੰਕ ੧ ਵਿਚ ਸਮੁੱਚੇ ਤੌਰ ਤੇ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਤਿਸੰਗ ਰੂਪੀ ਬਗੀਚੇ ਵਿਚ ਬਹੁਤੇ ਬ੍ਰਿਛ ਲੱਗੇ ਹੋਏ ਹਨ, ਉਸ ਬਗੀਚੇ ਵਿਚ ਹਰ ਬੂਟਾ ਫਲ ਤੇ ਆ ਗਿਆ ਹੈ। ਫਲ ਕੀ ਹੈ ? ਅੰਮ੍ਰਿਤ ਨਾਮ ! ਹੁਣ ਕਿਸੇ ਬਨਸਪਤੀ ਵਿਦਿਆ ਦੇ ਜਾਣੂ ਦੀ ਥਾਂ ਗਿਆਨੀ ਨੂੰ ਪੁੱਛਦੇ ਹਨ ਕਿ ਕੋਈ ਤਕਬੀਰ ਦੱਸੋ ਕਿ ਸਾਰੇ ਬ੍ਰਿਛਾਂ ਦਾ ਫ਼ਲ ਸਿਰੇ ਚੜ੍ਹ ਜਾਏ, ਕਾਂਪ ਨਾ ਖਾ ਜਾਵੇ । ਇਸ ਖਿਆਲ ਨੂੰ ਪਦ 'ਨਿਰਬਾਨੀ' ਕਹਿ ਕੇ ਦੱਸਦੇ ਹਨ ਜੋ ਦੋਹੀਂ ਪਾਸੀਂ ਲੱਗਦਾ ਹੈ, ਫਲਾਂ ਨੂੰ ਥਾਣ ਕੋਈ ਨਾ ਲੱਗੇ, ਐਸਾ ਵੀਚਾਰ ਦੱਸ, ਜੈਸੇ ਵਾਕ ਹੈ :

ਜਾਇ ਪਹੂਚਹਿ ਖਸਮ ਕਉ ਜਉ
ਬੀਚਿ ਨ ਖਾਹੀ ਕਾਂਬ ॥੧੩੪॥

(ਸਲੋਕ ਕਬੀਰ ਜੀ ੧੩੭੧)

ਫ਼ਲਾਂ ਬਾਬਤ ਤਾਂ ਇਉਂ ਕਿਹਾ, ਪਰਮਾਰਥ ਇਉਂ ਕਿਹਾ ਕਿ ਨਾਮ ਹੁਣ ਰਸ ਰੂਪ ਅਵਸਥਾ ਵਿਚ ਹੈ, ਮਿਹਰ ਕਰੋ ਕਿ ਇਹ ਨਿਰਬਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਦਵੀ ਤੇ ਪਹੁੰਚ ਪਵੇ, ਮੁਕਤੀ ਦੇ ਦਰਜੇ ਤੇ ਅੱਪੜ ਪਵੇ।

ਇਥੇ ਸੰਸਾ ਪੈਦਾ ਹੁੰਦਾ ਹੈ ਕਿ 'ਨਾਮ ਅੰਮ੍ਰਿਤ' ਨੂੰ ਪੁੱਜ ਕੇ ਫੇਰ ਕਾਹਦਾ ਭਉ? ਤਾਂ ਦੱਸਦੇ ਹਨ ਕਿ ਲਾਗੇ ਚਾਗੇ ਸਤਿਸੰਗ ਦੇ ਵਿਹੁਲੇ ਪਾਣੀ ਦੇ ਹੌਜ਼ ਭੀ ਹਨ, ਅਰਥਾਤ ਕੁਸੰਗੀ ਲੋਕ, ਮਾਇਆ ਕੀ ਲਭਾਇ-ਮਾਨਤਾ, ਝੂਠੇ ਤੇ ਰਿਆਕਾਰੀ ਸਾਧੂਆਂ ਦੇ ਸੰਗ, ਵਿਕਾਰੀ ਲੋਕਾਂ ਦੀ ਆਵਾਜਾਵੀ ਆਦਿ ਮਾੜੇ ਪ੍ਰਭਾਵ ਹਨ ਜੋ ਅਨੇਕਾਂ ਰੂਪਾਂ, ਛਲਾਂ ਵਿਚ ਸਤਿਸੰਗਾਂ ਵਿਚ ਆ ਵੜਦੇ ਹਨ, ਇਸ ਤੋਂ ਬਚਾਉ ਦੀ ਲੋੜ ਹੈ। ਕੁਸੰਗ ਤੋਂ ਸਦਾ ਬਚਣਾ ਚਾਹੀਏ। ਫਿਰ ਖਬਰਦਾਰ ਕਰਦੇ ਹਨ ਕਿ ਇਕ ਮਾਲੀ ਹੈ ਇਸ ਬਾਗ ਦਾ, ਉਹ ਹੈ ਗੁਰੂ, ਉਹ ਬੂਟੇ ਨੂੰ ਖਬਰਦਾਰ ਕਰਦਾ ਹੈ। ਪਤ ਪਤ ਡਾਲੀ ਡਾਲੀ ਨੂੰ ਖਬਰਦਾਰ ਰੱਖਦਾ ਹੈ, ਅਰਥਾਤ ਹਰ ਇਨਸਾਨ ਦੇ ਨੇਤਰਾਂ, ਕੰਨਾਂ ਆਦਿ ਨੂੰ ਵਿਸ਼ੇ ਵਿਕਾਰਾਂ ਦੀ ਜ਼ਹਿਰ ਤੋਂ ਖਬਰਦਾਰ ਕਰਦਾ ਰਹਿੰਦਾ ਹੈ ਕਿ ਇਹ ਮਾਰੂ ਅਸਰ ਵਾਲੇ ਸਾਮਾਨ ਹਨ।

ਅੰਕ ੩—ਇਸ ਪ੍ਰਕਾਰ ਉਸ ਮਾਲੀ ਰੂਪ ਗੁਰੂ ਨੇ ਆਪਣੇ ਸਤਿਸੰਗ ਵਿਚ ਗੁਰਸਿੱਖ ਤੇ ਗੁਰਮੁਖ ਪੈਦਾ ਕੀਤੇ ਹਨ, ਜੋ ਸਾਰੇ ਫੁੱਲਾਂ ਤੇ ਆ ਗਏ ਹਨ ਤੇ ਫਲ ਰਹਿਤ ਕੋਈ ਨਹੀਂ ਰਿਹਾ, 'ਫੂਲੀ' ਤੇ 'ਨਿਫਲ ਨ ਕਾਈ' ਵਿਚ ਕਿਸ ਉੱਤਮ ਰੀਤੀ ਨਾਲ ਦੱਸਿਆ ਹੈ ਕਿ ਫਲਾਂ ਤੇ ਫੁੱਲ ਤੇ ਸਾਰੇ ਆ ਗਏ ਹਨ, ਸਾਰੇ ਰਸੀਏ ਤੇ ਮੁਕਤ ਰੂਪ ਹੋ ਰਹੇ ਹਨ।

(ਸੰਖਯਾ ਪੋਥੀ ਪੰਜਵੀਂ ਭਾਈ ਵੀਰ ਸਿੰਘ ਜੀ)

ਹੇ ਪ੍ਰਭੂ! ਤੂੰ ਸੰਸਾਰ ਦੀ ਜਿੰਦ-ਜਾਨ ਹੈਂ, ਇਹ ਸੰਸਾਰ ਤੇਰੀ ਸੱਚ-ਮੁੱਚ ਦੀ ਰਚੀ ਹੋਈ ਖੇਡ ਹੈ (ਭਾਵ, ਹੈ ਤਾਂ ਇਹ ਸੰਸਾਰ ਇਕ ਖੇਡ ਹੀ, ਹੈ ਤਾਂ ਨਾਸਵੰਤ, ਪਰ ਮਨ ਦਾ ਭਰਮ ਨਹੀਂ, ਸੱਚ-ਮੁੱਚ ਮੌਜੂਦ ਹੈ)

ਹੇ ਅਪਹੁਚ ਤੇ ਬੇਅੰਤ ਪ੍ਰਭੂ! ਇਹ ਸੰਸਾਰ ਤੇਰੀ ਸੱਚ-ਮੁੱਚ ਦੀ ਰਚੀ ਹੋਈ ਇਕ ਖੇਡ ਹੈ (ਇਹ ਅਸਲੀਅਤ) ਤੈਥੋਂ ਬਿਨਾ ਕੋਈ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਝਾ ਨਹੀਂ ਸਕਦਾ। ਇਸ ਸੰਸਾਰ ਵਿਚ ਅਨੇਕਾਂ ਹੀ ਪੁੱਗੇ ਹੋਏ ਜੋਗੀ ਅਨੇਕਾਂ ਹੀ ਸਾਧਨਾਂ ਕਰਨ ਵਾਲੇ ਤੇ ਅਨੇਕਾਂ ਹੀ ਸਿਆਣੇ ਹੁੰਦੇ ਆਏ ਹਨ, ਤੇਰੀ ਹੀ ਮਿਹਰ ਨਾਲ ਇਸ ਮਰਾਤਬੇ ਤੇ ਪਹੁੰਚਦੇ ਹਨ ਤੈਥੋਂ ਬਿਨਾਂ ਹੋਰ ਕੋਈ ਤੇਰਾ ਸਿਮਰਨ ਨਹੀਂ ਕਰ ਸਕਦਾ। ਤੇਰੀ ਮਿਹਰ ਨਾਲ ਗੁਰੂ ਨੇ ਜਿਸ ਦਾ ਮਨ ਤੇਰੇ ਚਰਨਾਂ ਵਿਚ ਜੋੜਿਆ, ਉਸ ਦਾ ਜਨਮ ਮਰਨ ਦਾ ਗੇੜ ਮੁੱਕ ਗਿਆ :

ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮਾਰਾ ॥
ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥
ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥੪॥੨॥
(ਸੂਹੀ ਛੰਤ ਮ. ੧/੭੬੪)

ਇਹ ਸੰਸਾਰ ਉਸ ਸੱਚੇ ਵਾਹਿਗੁਰੂ ਜੀ ਦੇ ਵੱਸਣ ਦੀ ਮਾਨੋਂ ਇਕ ਕੋਠੜੀ ਹੈ, ਜਿਸ ਵਿਚ ਕਿ ਉਸ ਸੱਚੇ ਦਾ ਵਾਸਾ ਹੈ। ਇਸ ਵਿਚ ਉਹ 'ਮੱਠ ਵਿਚ ਆਕਾਸ਼' ਵਾਂਗੂੰ ਨਹੀਂ ਵੱਸ ਰਿਹਾ, ਪਰ ਕਾਦਰ ਹੋ ਕੇ ਵੱਸ ਰਿਹਾ ਹੈ ਤੇ ਆਪਣੀ ਰਚੀ ਕੁਦਰਤ ਵਿਚ ਉਹ ਇਕਨਾਂ ਜੀਆਂ ਨੂੰ ਆਪਣੇ ਹੁਕਮ ਨਾਲ ਆਪਣੇ ਵਿਚ ਮੇਲ ਲੈਂਦਾ ਹੈ ਤੇ ਬਾਜ਼ਿਆਂ ਨੂੰ ਆਪਣੇ ਹੁਕਮ ਨਾਲ ਹੀ ਵਿਨਾਸ ਕਰ ਦੇਂਦਾ ਹੈ। ਕਈਆਂ ਨੂੰ ਉਹ ਆਪਣੇ ਭਾਣੇ ਨਾਲ ਮਾਇਆ ਵਿਚੋਂ ਕੱਢ ਲੈਂਦਾ ਹੈ ਤੇ ਇਕਨਾਂ ਨੂੰ ਮਾਇਆ ਵਿਚ ਵਾਸਾ ਦੇਈ ਰੱਖਦਾ ਹੈ, ਭਾਵ ਉਹ ਮਾਇਆ ਵਿਚੋਂ ਨਹੀਂ ਨਿਕਲਦੇ। ਇਹ ਭੀ ਪਤਾ ਨਹੀਂ ਲੱਗਦਾ ਤੇ ਕਿਹਾ ਨਹੀਂ ਜਾ ਸਕਦਾ ਕਿ ਘਾਲ ਕਰ ਰਹੇ ਕਿਸ ਘਾਲੀ ਦੀ ਘਾਲ ਨੂੰ ਉਹ ਰਾਸ ਲੈ ਆਵੇਗਾ। ਪਰ ਜਿਸ ਉਤੇ ਉਹ ਆਪ ਪ੍ਰਕਾਸ਼ (ਆਤਮ ਚਾਨਣਾ) ਪਾ ਦੇਵੇ ਉਸ ਨੂੰ ਗੁਰਮੁਖਿ ਜਾਣ ਲਈਦਾ ਹੈ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥
(ਵਾਰ ਆਸਾ ਮ. ੨/੪੬੩)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੋਠੜੀ ਦਾ ਰੂਪਕ ਵਰਤ ਕੇ ਜੋ ਸਾਹਿਤਕ ਤਸਵੀਰ ਇਸ ਅੰਕ ਵਿਚ ਖਿੱਚੀ ਹੈ ਇਸ ਦੇ ਭਾਵ ਦੀ ਉਹ ਤਸਵੀਰ ਹੀ ਕੁੰਜੀ ਹੈ । ਜਗਤ ਦੀ ਹੈਸੀਅਤ ਇਕ ਕੋਠੜੀ ਮਾਤ੍ਰ ਹੈ, ਜੋ ਆਪ ਤਾਂ ਮਾਲਕ ਦੇ ਬਣਾਏ ਨਿਯਮਾਂ ਵਿਚ ਬੱਧੀ ਹੈ, ਪਰ ਮਾਲਕ ਨੂੰ ਆਪਣੇ ਕਿਸੇ ਨਿਯਮ ਨਾਲ ਬੰਨ੍ਹ ਨਹੀਂ ਸਕਦੀ । ਵਾਹਿਗੁਰੂ ਕੋਠੜੀ ਦਾ ਮਾਲਕ ਹੋਣ ਦੀ ਹੈਸੀਅਤ ਵਿਚ ਸ੍ਵਛੰਦ ਵਰਤਦਾ ਹੈ । ਉਸ ਦੀ ਸੁੰਦਰਤਾ ਇਤਨੀ ਬੇਰਦ ਦੀ ਹੈ ਕਿ ਉਸ ਦੀ ਮਰਜ਼ੀ ਨੂੰ ਕੋਈ ਜਾਣ ਨਹੀਂ ਸਕਦਾ । ਇਸ ਤਸਵੀਰ ਵਿਚ ਦਾਰਸ਼ਨਿਕ ਰਮਜ਼ ਇਹ ਹੈ ਕਿ ਇਨਸਾਨੀ ਦਿਮਾਗ਼ ਦੀਆਂ ਵਿਚਾਰੀਆਂ ਹੱਦ-ਬੰਦੀਆਂ ਨਾਲ ਉਸ ਅਗਮ ਨੂੰ ਹੱਦ ਬੰਦ ਕਰਨਾ ਭੁੱਲ ਹੈ । ਉਸ ਦੀ ਜ਼ਾਤ, ਉਸ ਦੇ ਵਿਚਾਰ ਕਰਨੇ ਸਭ ਜੀਵ ਗਿਆਤ ਤੋਂ ਪਰ੍ਹੇ ਅੰਮ੍ਰਿਤ ਸੱਚੇ ਤੇ ਇਸ ਕਰਕੇ ਅਕੱਥ ਹਨ ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਬਿਨੈ ਕਰਦੇ ਹਨ ਕਿ ਹੇ ਵਾਹਿਗੁਰੂ ਇਹ ਜੋ ਕੁਦਰਤ ਤੁਸਾਂ ਨੇ ਸਾਜੀ ਹੈ, ਇਸ ਵਿਚ ਜੋ ਰਚੇ ਗਏ ਸਾਮਾਨ ਦਿੱਸ ਰਹੇ ਹਨ ਉਹ ਤੇਰੇ ਰਚੇ ਹੋਏ ਹੋਣ ਕਰਕੇ ਤੇ ਤੇਰੇ ਆਸਰੇ ਕਾਇਮ ਹੋਣ ਕਰਕੇ ਸੱਚੇ ਹਨ, ਹੁਣ ਵੇਰਵਾ ਇਉਂ ਦੱਸਦੇ ਹਨ–ਇਹ ਸ੍ਰਿਸ਼ਟੀ ਦੇ ਖੰਡ ਤੇਰੇ ਰਚੇ ਹੋਏ ਹਨ ਸੋ ਸੱਚੇ ਹਨ ਤੇਰੇ ਬ੍ਰਹਮੰਡ ਬੀ ਸੱਚੇ ਹਨ, ਹਾਂ, ਏਹ ਤੇਰੇ ਲੋਕ ਸੱਚੇ ਹਨ ਤੇ ਇਨ੍ਹਾਂ ਵਿਚ ਦੇ ਸਾਰੇ ਆਕਾਰ ਵਾਲੇ ਬੀ ਸੱਚੇ ਹਨ । ਕਿਉਂਕਿ ਤੇਰੇ ਉਹ ਸਾਰੇ ਵਿਚਾਰ ਜਿਨ੍ਹਾਂ ਨਾਲ ਤੂੰ ਏਹ ਸਾਰੇ ਕੌਤਕ ਕੀਤੇ ਹਨ ਸੱਚੇ ਹਨ ਸੋ ਤੇਰੇ ਏਹ ਕੀਤੇ ਹੋਏ ਬੀ ਸਭ ਸੱਚੇ ਹਨ । ਤੇਰਾ ਦਰਬਾਰ ਸੱਚਾ ਹੈ ਤੇ ਆਪਣੀ ਰਚੀ ਨੂੰ ਪ੍ਰਬੰਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਤੋਰਨ ਲਈ ਤੇਰਾ ਅਮਰ ਬੀ ਸੱਚਾ ਹੈ। ਤੇਰਾ ਹੁਕਮ ਬੀ ਸੱਚਾ ਹੈ, ਤੇਰਾ ਫ਼ੁਰਮਾਣ ਬੀ ਸੱਚਾ ਹੈ। ਜੀਵਾਂ ਤੇ ਤੇਰਾ ਫਜ਼ਲ ਸੱਚਾ ਹੈ, ਇਹੋ ਨਿਸ਼ਾਨ ਸੱਚਾ ਹੈ, ਜਿਸ ਨਾਲ ਜੀਵਾਂ ਨੇ ਬਚਣਾ ਹੈ। ਉਹ ਲੱਖਾਂ ਕ੍ਰੋੜਾਂ ਬੀ ਸੱਚੇ ਹਨ ਜੋ ਤੈਨੂੰ ਸਿਮਰਦੇ ਹਨ। ਏਹ ਸਾਰੇ ਹੀ ਸੱਚੇ ਹਨ, ਪਰ ਤੇਰੇ ਤਾਣ ਕਰਕੇ ਤੇ ਸਾਰੇ ਹੀ ਸੱਚ ਹਨ ਤੇਰੇ ਜੋਰ ਕਰਕੇ। ਹੇ ਕਰਤਾ! ਤੇਰੀ ਸਿਫਤ ਸੱਚੀ ਹੈ ਤੇਰੀ ਸਾਲਾਹ ਸੱਚੀ ਹੈ। ਐਉ ਹੇ ਸੱਚੇ ਪਾਤਸ਼ਾਹ! ਤੇਰੀ ਕੁਦਰਤ ਬੀ ਸੱਚੀ ਹੈ। ਏਹ ਸਾਰੇ ਸੱਚ ਦੇ ਜ਼ੋਰ ਤੇ ਤਾਣ ਆਸ਼੍ਰਿਤ ਹੋਣ ਕਰਕੇ ਸੱਚੇ ਹਨ, ਪਰ ਇਨ੍ਹਾਂ ਸੱਚਿਆਂ ਦਾ ਆਧਾਰ ਸੱਚ ਯਾ ਸੱਚ ਦਾ ਸੱਚ ਤੂੰ ਆਪ ਹੈਂ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥
ਸਚਾ ਤੇਰਾ ਕਰਮ ਸਚਾ ਨੀਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸ਼ਾਹ ।

(ਵਾਰ ਆਸਾ ਮ. ੧/੪੬੩)

ਇਸ ਸਲੋਕ ਵਿਚ 'ਇਕ' ਦੇ ਆਏ ਭਾਵ ਨੂੰ ਸਪੱਸ਼ਟ ਕਰਨੇ ਲਈ ਇਕ ਪ੍ਰਮਾਣ ਹੈ ਕਿ ਕੁਦਰਤ ਦੇ, ਦੂਜੀ ਹੁੰਦੇ ਹੋਇਆ ਬੀ ਉਹ 'ਸੁਤੰਤਰ ਦੂਜੀ' ਨਹੀਂ ਹੈ, ਕਿਉਂਕਿ ਉਸ 'ਸੱਚ ਦੇ ਸੱਚ—ਸਦਾ ਸੱਚ' ਦੀ ਰਚੀ ਹੋਈ ਤੇ ਉਸ ਦੇ ਆਸਰੇ ਕਾਇਮ ਹੈ।

ਸਭ ਪਦਾਰਥਾਂ ਨੂੰ ਤੇਰੇ, ਤੇਰਾ, ਤੇਰੀ ਕਹਿਕੇ ਸੱਚੋ ਕਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਠਵੀਂ ਤੁਕ ਵਿਚ ਫੁਰਮਾਇਆ ਹੈ—'ਸਚੇ ਸਭਿ ਤਾਣਿ ਸਚੋ ਸਭਿ ਜੋਰਿ', ਅਰਥਾਤ ਸਾਰੇ ਸੱਚੇ ਹਨ ਤੇਰੇ ਤਾਣ ਕਰਕੇ ਤੇ ਤੇਰੇ ਜ਼ੋਰ ਕਰਕੇ। ਭਾਵ ਇਹ ਹੈ ਕਿ ਤੂੰ ਜੋ 'ਸੱਚ' ਹੈਂ। ਤੇਰੇ ਹੋਣ ਕਰਕੇ ਤੇ ਤੇਰੇ ਤਾਣ ਦੇ ਜ਼ੋਰ ਦੇ ਆਸਰੇ ਕਾਇਮ ਹੋਣ ਕਰਕੇ ਸਾਰੇ ਸੱਚੇ ਹਨ।

ਪ੍ਰਭੂ ਆਪ ਸਤਿ ਹੈ ਉਸ ਨੇ ਜੋ ਰਚਿਆ ਸੋ ਸਭ ਸਤਿ ਹੈ, ਹਾਂ ਉਸ ਸਤਿ ਸਰੂਪ ਪ੍ਰਭੂ ਤੋਂ ਹੀ ਸਾਰੀ ਉਤਪਤੀ ਹੋਈ ਹੈ, ਭਾਵ, ਇਹ ਜਗਤ ਜੋ ਹੈ, ਕਰਕੇ ਦਿੱਸਦਾ ਹੈ, ਵਾਹਿਗੁਰੂ ਰੂਪੀ ਹੋਂਦ, ਤੋਂ ਬਣਿਆ ਹੈ, ਅਣਹੋਂਦ ਤੋਂ ਨਹੀਂ। ਉਸ ਨੂੰ ਭਾਵੇਂ ਤਾਂ ਪਸਾਰਾ ਖਲੇਰ ਦਿੰਦਾ ਹੈ, ਉਸ ਨੂੰ ਭਾਵੇਂ ਤਾਂ 'ਇਕ ਸਰੂਪ' ਹੋ ਜਾਂਦਾ ਹੈ :

ਆਪਿ ਸਤਿ ਕੀਆ ਸਭੁ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰ ॥
ਤਿਸੁ ਭਾਵੈ ਤਾ ਏਕੰਕਾਰ ॥ (ਸੁਖਮਨੀ ਮ. ੫/੨੯੪)

ਹੇ ਮੇਰੀ ਅੱਖੀਓਂ ! ਇਹ ਸਾਰਾ ਸੰਸਾਰ ਜੋ ਤੁਸੀਂ ਵੇਖ ਰਹੇ ਹੋ, ਇਹ ਪ੍ਰਭੂ ਦਾ ਹੀ ਰੂਪ ਹੈ, ਪ੍ਰਭੂ ਦਾ ਰੂਪ ਹੀ ਦਿੱਸ ਰਿਹਾ ਹੈ :

ਏਹ ਵਿਸੁ ਸੰਸਾਰੁ ਤੁਮ ਦੇਖਦੇ,
ਏਹੁ ਹਰਿ ਕਾ ਰੂਪ ਹੈ,
ਹਰਿ ਰੂਪ ਨਦਰੀ ਆਇਆ ॥

(ਰਾਮਕਲੀ ਮ. ੩/੯੨੨)

ਅਸਲ ਸਦਾ ਟਿਕੀ ਰਹਿਣ ਵਾਲੀ ਹਸਤੀ ਤਾਂ ਪਰਮਾਤਮਾ ਆਪ ਹੈ, ਜਗਤਉਸ ਪਰਮਾਤਮਾ ਦਾ ਪਰਛਾਵਾਂ ਹੈ, ਜਦੋਂ ਚਾਹੇ ਆਪਣੇ ਇਸ ਪਰਛਾਵੇਂ ਨੂੰ ਆਪਣੇ ਆਪ ਵਿਚ ਹੀ ਗੁੰਮ ਕਰ ਲੈਂਦਾ ਹੈ। ਉਸ ਪਰਮਾਤਮਾ ਦਾ ਨਾ ਕੋਈ ਪਿਉ ਨਾ ਮਾਂ, ਨਾ ਕੋਈ ਭੈਣ ਨਾ ਭਾਈ ਤੇ ਨਾ ਕੋਈ ਸੇਵਕ। ਨਾ ਉਸ ਨੂੰ ਜਨਮ ਤੇ ਨਾ ਮੌਤ, ਨਾ ਉਸ ਦੀ ਕੋਈ ਕੁਲ ਤੇ ਨਾ ਜਾਤਿ। ਉਸ ਨੂੰ ਬੁਢੇਪਾ ਨਹੀਂ ਵਿਆਪ ਸਕਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਮਕਾਨ ਸ੍ਰੇਸ਼ਟ ਹਸਤੀ ਹੈ, ਜਗਤ ਦੇ ਸਭ ਜੀਵਾਂ ਦੇ ਮਨ ਵਿਚ ਉਹੀ ਪਿਆਰਾ ਲੱਗਦਾ ਹੈ :

ਜਗੁ ਤਿਸ ਕੀ ਛਾਇਆ ਜਿਸ ਬਾਪੁ ਨ ਮਾਇਆ ॥
ਨਾ ਤਿਸੁ ਭੈਣ ਨ ਭਰਾਉ ਕਮਾਇਆ ॥
ਨਾ ਤਿਸੁ ਓਪਤਿ ਖਪਤਿ ਕੁਲ ਜਾਤੀ
ਓਹੁ ਅਜਰਾ ਵਰੁ ਮਨਿ ਭਾਇਆ ॥੨॥੧੮॥

(ਮਾਰੂ ਸੋਹਲੇ ਮ. ੧/੧੦੩੮)

ਇਹ ਸਾਰਾ ਜਗਤ-ਖਿਲਾਰਾ ਪਰਮਾਤਮਾ ਨੇ ਆਪ ਬਣਾ ਰੱਖਿਆ ਹੈ। ਇਹ ਮਾਨੋ ਉਸ ਨੇ ਰਾਸਾਂ ਪਾਉਣ ਲਈ ਅਖਾੜਾ ਤਿਆਰ ਕੀਤਾ ਹੈ, ਰਾਸਾਂ ਵਾਸਤੇ ਮੰਡੂਆ ਬਣਾ ਦਿੱਤਾ ਹੈ।

ਇਸ ਜਗਤ-ਅਖਾੜੇ ਵਿਚ ਕਈ ਕਿਸਮਾਂ ਦੇ ਬੇਅੰਤ ਰੂਪ ਹਨ ਰੰਗ ਹਨ, ਪਰਮਾਤਮਾ ਆਪ ਇਸ ਨੂੰ ਖੁਸ਼ੀ ਨਾਲ ਵੇਖਦਾ ਹੈ, ਪਦਾਰਥਾਂ ਦੇ ਭੋਗ ਭੋਗਦਾ ਹੈ, ਪਰ ਭੋਗਦਾ ਥੱਕਦਾ ਨਹੀਂ। ਸਾਰੇ ਰਸ ਮਾਣਦਾ ਹੋਇਆ ਭੀ ਉਹ ਪ੍ਰਭੂ ਆਪ ਨਿਰਲੇਪ ਹੀ ਰਹਿੰਦਾ ਹੈ।

ਹੇ ਪ੍ਰਭੂ ! ਤੇਰਾ ਰਚਿਆ ਜਗਤ-ਖੇਲ ਬਿਆਨ ਨਹੀਂ ਕੀਤਾ ਜਾ ਸਕਦਾ। ਤੇਰਾ ਨਾ ਕੋਈ ਰੰਗ ਹੈ, ਨਾ ਕੋਈ ਨਿਸ਼ਾਨ ਹੈ, ਨਾ ਤੇਰਾ ਕੋਈ ਮੂੰਹ ਹੈ, ਨਾ ਕੋਈ ਦਾੜ੍ਹੀ ਹੈ :

ਰਾਸਿ ਮੰਡਲ ਕੀਨੋ ਆਖਾਰਾ ॥
ਸਗਲੋ ਸਾਜਿ ਰਖਿਓ ਪਾਸਾਰਾ ॥੧॥ਰਹਾਉ॥
ਬਹੁ ਬਿਧਿ ਰੂਪ ਰੰਗ ਆਪਾਰਾ ॥
ਪੇਖੈ ਖੁਸੀ ਭੋਗ ਨਹੀਂ ਹਾਰਾ ॥
ਸਭਿ ਰਸ ਲੈਤ ਬਸਤ ਨਿਹਾਰਾ ॥੧॥
ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥
ਕਹਨੁ ਨ ਜਾਈ ਖੇਲੁ ਤੁਹਾਰਾ ॥੨॥੪੫॥

(ਸੂਹੀ ਮ. ੫/੭੪੬)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਜੀ ਆਖਦੇ ਹਨ—ਹੇ ਮਿੱਤਰ ! ਇਹ ਗੱਲ ਸੱਚੀ ਜਾਣ ਕਿ ਜਗਤ ਦੀ ਸਾਰੀ ਹੀ ਰਚਨਾ ਨਾਸਵੰਤ ਹੈ। ਰੇਤ ਦੀ ਕੰਧ ਵਾਂਗ ਜਗਤ ਵਿਚ ਕੋਈ ਭੀ ਚੀਜ਼ ਸਦਾ ਕਾਇਮ ਰਹਿਣ ਵਾਲੀ ਨਹੀਂ ਹੈ :

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥
(ਸਲੋਕ ਮ. ੯/੧੪੨੮)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ! ਦੁਨੀਆ ਵਿਚ ਜੀਊਣ ਚਾਰ ਦਿਨਾਂ ਦਾ ਹੈ, ਏਥੇ ਮੌਜ ਮਾਣਿਆਂ ਦੁੱਖ ਹੀ ਨਿਕਲਦਾ ਹੈ :

ਨਾਨਕ ਦੁਨੀਆ ਚਾਰਿ ਦਿਹਾੜੇ
ਸੁਖਿ ਕੀਤੈ ਦੁਖੁ ਹੋਈ ॥੨॥੧੯॥
(ਮਲਾਰ ਕੀ ਵਾਰ ਮ. ੧/੧੨੮੬)

ਦੁਨੀਆ ਵੇਖਣ ਨੂੰ ਤਾਂ ਗੁਲਜ਼ਾਰ ਹੈ, ਪਰ ਇਸ ਦਾ ਮੋਹ ਅਸਲ ਵਿਚ ਲੁਕਵੀਂ ਅੱਗ ਹੈ ਜੋ ਅੰਦਰ ਹੀ ਅੰਦਰ ਮਨ ਵਿਚ ਧੁਖਦੀ ਰਹਿੰਦੀ ਹੈ। ਇਸ ਵਿਚ ਪਏ ਹੋਏ ਜੀਵਾਂ ਨੂੰ ਜ਼ਿੰਦਗੀ ਦੇ ਸਹੀ ਰਸਤੇ ਦੀ ਕੁਝ ਸੂਝ-ਬੂਝ ਨਹੀਂ ਪੈਂਦੀ। ਮੇਰੇ ਸਾਂਈ ਨੇ ਮੇਰੇ ਉਤੇ ਮਿਹਰ ਕੀਤੀ ਹੈ ਤੇ ਮੈਨੂੰ ਇਸ ਤੋਂ ਬਚਾ ਲਿਆ ਹੈ, ਨਹੀਂ ਤਾਂ ਬਾਕੀ ਲੋਕਾਂ ਵਾਂਗ ਮੈਂ ਭੀ ਇਸ ਵਿਚ ਸੜ ਜਾਂਦਾ, ਭਾਵ ਮਾਇਆ ਦੇ ਮੋਹ ਤੋਂ ਪ੍ਰਭੂ ਆਪ ਹੀ ਮਿਹਰ ਕਰਕੇ ਬਚਾਉਂਦਾ ਹੈ, ਅਸਾਡੇ ਆਪਣੇ ਵੱਸ ਦੀ ਗੱਲ ਨਹੀਂ ਕਿ ਇਹ 'ਪੋਟਲੀ' ਸਿਰੋਂ ਲਾ ਕੇ ਸੁੱਟ ਦੇਈਏ :

ਕਿਝੁ ਨ ਬੁਝੈ, ਕਿਝੁ ਨ ਸੁਝੈ, ਦੁਨੀਆ ਗੁਝੀ ਭਾਹਿ ॥
ਸਾਂਈ ਮੇਰੈ ਚੰਗਾ ਕੀਤਾ, ਨਾਹੀ ਤ ਹੰਭੀ ਦਝਾਂ ਆਹਿ ॥੩॥
(ਸਲੋਕ ਫਰੀਦ ਜੀ ੧੩੭੮)

ਦੁਨੀਆ ਦਾ ਪਿਆਰ ਖੋਟੀ ਪੂੰਜੀ ਹੈ, ਇਹ ਕਮਾਈ ਕੂੜ ਦਾ ਪਿਆਰ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਨੀਆ ਖੋਟੀ ਰਾਸਿ, ਕੂੜੁ ਕਮਾਈਐ ॥੧੪॥

(ਮਾਝ ਕੀ ਵਾਰ ਮ. ੧/੧੪੪)

ਗੁਰੂ ਨਾਨਕ ਪਾਤਸ਼ਾਹ ਜੀ ਆਖਦੇ ਹਨ ਕਿ ਹੇ ਮੇਰੇ ਦਿਲ ! ਤੂੰ ਸੱਚ ਜਾਣ ਕਿ ਇਹ ਦੁਨੀਆ ਨਾਸਵੰਤ ਹੈ :

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥੧॥ਰਹਾਉ॥੧॥

(ਤਿਲੰਗ ਮ. ੧/੭੨੧)

ਗੁਰੂ ਜੀ ਫੁਰਮਾਉਂਦੇ ਹਨ ! ਦੁਨੀਆ ਦਾ ਰੰਗ-ਤਮਾਸ਼ਾ ਸੁਆਹ ਦੇ ਬਰਾਬਰ ਹੈ, ਨਿਰੀ ਸੁਆਹ ਹੀ ਸੁਆਹ ਹੈ, ਨਿਰੀ ਖੇਹ ਹੀ ਖੇਹ ਹੈ। ਇਨ੍ਹਾਂ ਰੰਗ-ਤਮਾਸ਼ਿਆਂ ਵਿਚ ਲੱਗ ਕੇ ਜੀਵ ਮਾਨੋ, ਖੇਹ ਹੀ ਖੇਹ ਕਮਾਉਂਦਾ ਹੈ, ਜਿਉਂ ਜਿਉਂ ਇਹ ਖੇਹ ਇਕੱਠੀ ਕਰਦਾ ਹੈ ਤਿਉਂ ਤਿਉਂ ਇਸ ਦਾ ਸਰੀਰ ਵਿਕਾਰਾਂ ਦੀ ਖੇਹ ਨਾਲ ਹੀ ਹੋਰ ਹੋਰ ਲਿੱਬੜਦਾ ਹੈ :

ਨਾਨਕ ਦੁਨੀਆ ਭਸੁ ਰੰਗੁ, ਭਸੂ ਹੂ ਭਸੁ ਖੇਹ ॥
ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ ॥੨॥੮॥

(ਸਾਰੰਗ ਕੀ ਵਾਰ ਮ. ੧/੧੨੪੦)

ਮਨੁੱਖ ਆਪਣਾ ਕੀਤਾ ਆਪ ਹੀ ਪਾਉਂਦਾ ਹੈ, ਪਰ ਅੰਞਾਣ-ਪੁਣੇ ਵਿਚ ਦੁਨੀਆ ਨੂੰ ਦੋਸ਼ ਦੇਂਦਾ ਹੈ, ਜਗਤ ਤੇ ਗੁੱਸਾ ਕਰਦਾ ਹੈ :

ਦੁਨੀਆ ਦੋਸੁ, ਰੋਸੁ ਹੈ ਲੋਈ ॥
ਅਪਨਾ ਕੀਆ ਪਾਵੈ ਸੋਈ ॥੩॥੧੫॥

(ਭੈਰਉ ਕਬੀਰ ਜੀ ੧੧੬੧)

ਹੇ ਮਨੁੱਖ ! ਜੋ ਕੁਝ ਤੂੰ ਅੱਖੀਂ ਵੇਖਦਾ ਹੈਂ ਨਾਸਵੰਤ ਹੈ। ਪਰ ਦੁਨੀਆ ਮਾਇਆ ਦੇ ਲਾਲਚ ਵਿਚ ਪਰਮਾਤਮਾ ਵਲੋਂ ਭੁੱਲੀ ਹੋਈ ਹੈ, ਤੇ ਹਰਾਮ ਖਾਂਦੀ ਰਹਿੰਦੀ ਹੈ, ਪਰਾਇਆ ਹੱਕ ਖੋਂਹਦੀ ਰਹਿੰਦੀ ਹੈ :

ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮੁਰਦਾਰ ਖੁਰਦਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਫਲ ਹਵਾਇ ॥ਰਹਾਉ॥੧॥ ਤਿਲੰਗ ਮ. ੫/੭੨੩)

ਹੇ ਭਾਈ ! ਸਾਡੀ ਜੀਵਾਂ ਦੀ ਉਸ ਭਿਆਨਕ ਸੰਸਾਰ-ਸਰੋਵਰ ਵਿਚ ਵਸੋਂ ਹੈ ਜਿਸ ਵਿਚ ਉਸ ਵਾਹਿਗੁਰੂ ਜੀ ਨੇ ਆਪ ਹੀ ਪਾਣੀ ਦੇ ਥਾਂ ਤ੍ਰਿਸ਼ਨਾ ਦੀ ਅੱਗ ਪੈਦਾ ਕੀਤੀ ਹੋਈ ਹੈ ਅਤੇ ਉਸ ਭਿਆਨਕ ਸਰੀਰ ਵਿਚ ਜੋ ਮੋਹ ਦਾ ਚਿੱਕੜ ਹੈ ਉਸ ਵਿਚ ਜੀਵਾਂ ਦਾ ਪੈਰ ਚੱਲ ਨਹੀਂ ਸਕਦਾ, ਜੀਵ ਮੋਹ ਦੇ ਚਿੱਕੜ ਵਿਚ ਫਸੇ ਪਏ ਹਨ। ਸਾਡੇ ਸਾਹਮਣੇ ਹੀ ਅਨੇਕਾਂ ਜੀਵ ਮੋਹ ਦੇ ਚਿੱਕੜ ਵਿਚ ਫਸ ਕੇ ਉਸ ਤ੍ਰਿਸ਼ਨਾ-ਅੱਗ ਦੇ ਅਸਗਾਹ ਸਮੁੰਦਰ ਵਿਚ ਡੁਬਦੇ ਜਾ ਰਹੇ ਹਨ :

ਤਿਤੁ ਸਰਵਰੜੈ ਭਈਲੇ ਨਿਵਾਸਾ,
ਪਾਣੀ ਪਾਵਕੁ ਤਿਨਹਿ ਕੀਆ ॥
ਪੰਕ ਜੁ ਮੋਹ ਪਗੁ ਨਹੀ ਚਾਲੈ,
ਹਮ ਦੇਖਾ ਤਹ ਡੂਬੀਆਲੇ ॥ (ਆਸਾ ਮ. ੧/੧੨)

ਇਸ ਸੰਸਾਰ ਵਿਹੁ ਵਰਗਾ ਮਾਰੂ ਤੇ ਬਹੁਤ ਡਰਾਉਣੇ ਸਮੁੰਦਰ ਵਰਗਾ ਡੋਬੂ ਹੈ, ਗੁਰ ਉਪਦੇਸ਼ ਦੁਆਰਾ ਹੀ ਵਾਹਿਗੁਰੂ ਇਸ ਤੋਂ ਪਾਰ ਲੰਘਾਉਂਦਾ ਹੈ :

ਇਹੁ ਸੰਸਾਰੁ ਬਿਖੁਵਤ ਅਤਿ ਭਉਜਲੁ
ਗੁਰ ਸਬਦੀ ਹਰਿ ਪਾਰਿ ਲੰਘਾਈ ॥
(ਆਸਾ ਮ. ੧/੩੫੩)

ਇਸ ਤਰ੍ਹਾਂ ਇਨਸਾਨ ਸੰਸਾਰ ਵਿਚ ਆਉਣ ਜਾਣ ਦਾ ਧੰਦਾ ਹੀ ਪਿੱਟਦਾ ਰਹਿੰਦਾ ਹੈ ਕਿਉਂਕਿ ਇਸ ਨੂੰ 'ਸੱਚ' ਸਤਿਸਰੂਪ ਵਾਹਿਗੁਰੂ ਚੰਗਾ ਨਹੀਂ ਲੱਗਾ :

ਧੰਧੁ ਪਿਟੰ ਸੰਸਾਰੁ ਸਚੁ ਨ ਭਾਇਆ ॥੧॥੧੬॥
(ਆਸਾ ਮ. ੧/੪੧੯)

ਜਿਸ ਤ਼ਰ੍ਹਾਂ ਨਟ ਸਾਂਗ ਬਣਾਉਂਦਾ ਹੈ ਤੇ ਉਹ ਇਕ ਖੇਡ ਹੁੰਦੀ ਹੈ, ਉਸੀ ਤਰ੍ਹਾਂ ਇਹ ਸੰਸਾਰ ਇਕ ਖੇਲ ਹੈ, ਜਿਵੇਂ ਨਟ ਦੀ ਖੇਲ ਥੋੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਰ ਦੇਖਦੀ ਹੈ, ਉਸ ਦੇ ਉਜੜਦਿਆਂ ਕੁਛ ਚਿਰ ਨਹੀਂ ਲੱਗਦਾ :

ਨਟੂਐ ਸਾਂਗ ਬਣਾਇਆ ਬਾਜੀ ਸੰਸਾਰਾ ॥
ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥੪॥੨੨॥
(ਆਸਾ ਮ. ੧/੪੨੨)

ਇਸ ਵਾਕ ਦੇ ਆਰੰਭ ਤੋਂ ਦ੍ਰਿਸ਼ਟਾਂਤ ਸ਼ੁਰੂ ਕਰਦੇ ਹਨ। ਦ੍ਰਿਸ਼ਟਾਂਤ ਦੇਈਦੇ ਹਨ ਜੋ ਜਾਣ ਅਜਾਣ ਸਭ ਦੇ ਹਿਰਦੇ ਵਿਚ ਕਹੀ ਗੱਲ ਹੋਰ ਸਪੱਸ਼ਟ ਤੇ ਸੌਖੀ ਸਮਝੇ ਪੈ ਜਾਵੇ।

ਦ੍ਰਿਸ਼ਟਾਂਤ ਦੱਸਦਾ ਹੈ ਕਿ ਜਗਤ ਭ੍ਰਮ ਕੂੜਾ ਕਿਵੇਂ ਹੈ ? ਕਿ ਜਿਵੇਂ ਨਟ ਦੀ ਖੇਲ ਹੁੰਦੀ ਹੈ। ਸਾਂਗ ਬਣਾ ਕੇ ਉਹ ਖੇਲ਼ ਕਰਦਾ ਹੈ ਉਹ ਸਾਂਗ ਕਿੰਨਾ ਕੁ ਚਿਰ ਨਿਭਦੇ ਹਨ ? ਥੋੜਾ ਚਿਰ। ਜੋ ਲੋਕ ਉਸ ਨੂੰ ਅਸਲ ਸਮਝਦੇਜਨ, ਸਾਂਗ ਉਤਰਦਿਆਂ ਨਿਰਾਸ ਹੋ ਜਾਂਦੇ ਹਨ ਕਿ ਇਹ ਖੇਲ ਮਾਤਰ ਹੀ ਸੀ। ਤਿਵੇਂ ਇਹ ਦਿਸਦਾ ਜਗਤ ਖੇਲ ਮਾਤਰ ਹੈ, ਅਸਲੀਅਤ ਇਸ ਵਿਚ ਛਿਪੀ ਹੋਈ ਹੈ। ਸੋ ਜਦ ਮੌਤ ਆਉਂਦੀ ਹੈ ਤਾਂ ਨਿਰਾਸਾ ਨੱਪਦੀ ਹੈ ਕਿ ਇਹ ਜੋ ਸਦੈਵੀ ਲੱਗਦੀ ਸੀ ਇਹ ਤਾਂ ਖਿਨ ਭੰਗਰੀ ਖੇਲ ਨਿਕਲੀ।

ਜਗਤ ਮੁਸਾਫਿਰ ਹੈ ਫਿਰ ਭੀ, ਹੰਕਾਰ ਵਿਚ ਲਿੱਬੜਿਆ ਰਹਿੰਦਾ ਹੈ। ਮਾਇਆ ਦੇ ਕੌਤਕਾਂ ਵਿਚ ਮਸਤ ਜੀਵ ਅਨੇਕਾਂ ਪਾਪ ਕਰਦੇ ਰਹਿੰਦੇ ਹਨ। ਜੀਵ ਲੋਭ ਵਿਚ, ਮਾਇਆ ਦੇ ਮੋਹ ਵਿਚ, ਹੰਕਾਰ ਵਿਚ ਡੁੱਬੇ ਰਹਿੰਦੇ ਹਨ, ਇਹਨਾਂ ਨੂੰ ਮੌਤ ਯਾਦ ਹੀ ਨਹੀਂ ਆਉਂਦੀ। ਪੁੱਤਰ, ਮਿੱਤਰ, ਇਸਤਰੀ ਆਦਿਕ ਦੇ ਮੇਲ-ਮਿਲਾਪ ਇਹੀ ਕਰਦਿਆਂ ਜੀਵਾਂ ਦੀ ਉਮਰ ਗੁਜਰਦੀ ਜਾਂਦੀ ਹੈ। ਧੁਰੋਂ ਲਿਖੇ ਹੋਏ ਉਮਰ ਦੇ ਦਿਨ ਜਦੋਂ ਮੁੱਕ ਜਾਂਦੇ ਹਨ, ਤਾਂ ਧਰਮਰਾਜ ਦੇ ਦੂਤਾਂ ਨੂੰ ਵੇਖਿਆਂ ਬੜੀ ਤਕਲੀਫ ਹੁੰਦੀ ਹੈ। ਗੁਰੂ ਜੀ ਆਖਦੇ ਹਨ ਕਿ ਮਨੁੱਖ ਏਥੇ ਪਰਮਾਤਮਾ ਦਾ ਨਾਮ ਧਨ ਨਹੀਂ ਕਮਾਉਂਦਾ, ਹੋਰ ਹੋਰ ਕੀਤੇ ਕਰਮਾਂ ਦਾ ਲੇਖਾ ਨਹੀਂ ਮਿਟਦਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਧਾਨੂ ਸੰਸਾਰੁ ਗਾਰਬਿ ਅਟਿਆ ॥
ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥
ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤ ਨ ਆਵਏ ॥
ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥
ਪੁਜਿ ਦਿਵਸ ਆਏ ਲਿਖੇ ਮਾਏ
ਦੁਖੁ ਧਰਮ ਦੂਤਹ ਡਿਠਿਆ ॥
ਕਿਰਤ ਕਰਮ ਨ ਮਿਟੈ ਨਾਨਕ
ਹਰਿਨਾਮੁ ਧਨੁ ਨਹੀ ਖਟਿਆ ॥ (ਜੈਤਸਰੀ ਮ. ੫/੭੦੫)

ਰਾਜ ! ਹਕੂਮਤ, ਧਨ, ਤੇ ਅਨੇਕਾਂ ਪਦਾਰਥਾਂ ਦੇ ਸੁਆਦ ਇਹ ਸਾਰੇ ਰੁੱਖ ਦੀ ਛਾਂ ਵਰਗੇ ਹਨ ਸਦਾ ਇਕ ਥਾਂ ਟਿਕੇ ਨਹੀਂ ਰਹਿ ਸਕਦੇ। ਪ੍ਰਾਣੀ ਇਹਨਾਂ ਦੀ ਖਾਤਰ ਸਦਾ ਹੀ ਕਈ ਤਰੀਕਿਆਂ ਨਾਲ ਦੌੜ-ਭੱਜ ਕਰਦਾ ਰਹਿੰਦਾ ਹੈ, ਪਰ ਉਸ ਦੇ ਸਾਰੇ ਕੰਮ ਵਿਅਰਥ ਚਲੇ ਜਾਂਦੇ ਹਨ :

ਰਾਜੁ ਮਾਲੁ ਅਨੇਕ ਭੋਗ ਰਸ
ਸਗਲ ਤਰਵਰ ਕੀ ਛਾਮ ।
ਧਾਇ ਧਾਇ ਬਹੁ ਬਿਧਿ ਕਉ ਧਾਵੈ
ਸਗਲ ਨਿਰਾਰਥ ਕਾਮ ॥੧॥੬॥ (ਟੋਡੀ ਮ. ੫/੭੧੩)

ਇਸ ਦੁਨੀਆ ਇਕ ਜਾਦੂ ਜਿਹਾ ਹੈ, ਇਕ ਤਮਾਸ਼ਾ ਜਿਹਾ ਹੈ, ਇਸ ਵਿਚੋਂ ਇਸ ਵਿਅਰਥ ਵਾਦ-ਵਿਵਾਦ ਦੀ ਰਾਹੀਂ ਹੱਥ-ਪੱਲੇ ਪੈਣ ਵਾਲੀ ਕੋਈ ਸ਼ੈ ਨਹੀਂ :

ਇਹ ਜੁ ਦੁਨੀਆ ਸਿਹਰੁ ਮੇਲਾ,
ਦਸਤਗੀਰੀ ਨਾਹਿ ॥ਰਹਾਉ॥ (ਤਿਲੰਗ ਕਬੀਰ ਜੀ ੭੨੭)

ਜਿਵੇਂ ਸੂਰਜ ਡੁੱਲਣ ਵੇਲੇ ਅਨੇਕਾਂ ਪੰਛੀ ਕਿਸੇ ਰੁੱਖ ਉਤੇ ਆ ਇਕੱਠੇ ਹੁੰਦੇ ਹਨ, ਏਸੇ ਤਰ੍ਹਾਂ ਇਸ ਆਕਾਸ਼-ਰੁੱਖ ਹੇਠ ਸਾਰੇ ਜੀਵ-ਜੰਤ ਆ ਇਕੱਠੇ ਹੋਏ ਹਨ, ਕਈ ਖਰ੍ਹਵੇ ਬੋਲਦੇ ਹਨ ਕਈ ਮਿੱਠੇ ਬੋਲ ਬੋਲਦੇ ਹਨ। ਡੁੱਬਾ ਹੋਇਆ ਸੂਰਜ ਜਦੋਂ ਆਕਾਸ਼ ਵਿਚ ਮੁੜ ਚੜ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਂਦਾ ਹੈ ਤਾਂ ਪੰਛੀ ਰੁੱਖ ਉਤੋਂ ਉੱਠ ਕੇ ਉੱਡ ਜਾਂਦੇ ਹਨ ਤਿਵੇਂ ਹੀ ਜਿਉਂ ਜਿਉਂ ਜੀਵਾਂ ਦੀ ਉਮਰ ਮੁੱਕ ਜਾਂਦੀ ਹੈ ਪੰਛੀਆਂ ਵਾਂਗ ਇਥੋਂ ਕੂਚ ਕਰ ਜਾਂਦੇ ਹਨ :

ਬਰਖੈ ਹੇਠਿ ਸਭਿ ਜੰਤ ਇਕਠੇ ॥
ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ ॥੧॥੨੦॥

(ਮਾਰੂ ਮ. ੫/੧੦੧੯)

ਕੱਲਰ ਵਿਚ ਖੇਤੀ ਬੀਜ ਕੇ ਫਸਲ ਦੀ ਆਸ ਰੱਖਣੀ ਵਿਅਰਥ ਹੈ, ਦਰਿਆ ਕੰਢੇ ਉੱਗੇ ਹੋਏ ਰੁੱਖਾਂ ਨੂੰ ਆਸਰਾ ਬਨਾਉਣਾ ਭੁੱਲ ਹੈ, ਜਿਥੇ ਕਾਲਖ ਉੱਡ ਉੱਡ ਕੇ ਪੈਂਦੀ ਹੋਵੇ ਉਥੇ ਜਿਹੜੇ ਬੰਦੇ ਚਿੱਟੇ ਕਪੜੇ ਪਹਿਨਦੇ ਹਨ ਤੇ ਉਹਨਾਂ ਤੇ ਕਾਲਖ ਨਾ ਲੱਗਣ ਦੀ ਆਸ ਰੱਖਦੇ ਹਨ ਉਹ ਭੁੱਲੇ ਹੋਏ ਹਨ, ਇਸ ਤਰ੍ਹਾਂ ਇਹ ਜਗਤ ਤ੍ਰਿਸ਼ਨਾ ਦੀ ਕੋਠੀ ਹੈ ਇਸ ਵਿਚ ਜਿਹੜਾ ਫਸ ਜਾਂਦਾ ਹੈ ਉਹ ਨਿਕਲ ਨਹੀਂ ਸਕਦਾ, ਉਹ ਹੰਕਾਰ ਵਿਚ ਗਰਕ ਹੁੰਦਾ ਹੈ, ਉਸ ਦਾ ਆਤਮਕ ਜੀਵਨ ਤ੍ਰਿਸ਼ਨਾ ਦੀ ਅੱਗ ਵਿਚ ਸੜ ਜਾਂਦਾ ਹੈ :

ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥
ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੇ ਸੋ ਗਰਬਿ ਜਰੈ ॥੬॥੧੧॥

(ਮਾਰੂ ਮ. ੧/੧੦੧੬)

ਗੁਰੂ ਜੀ ਦੱਸਦੇ ਹਨ ਕਿ ਜਿਸ ਤੋਂ ਮੈਂ ਮਾਣ ਕੀਤਾ ਹੈ, ਕਿਉਂ ਕੀਤਾ ਹੈ। ਫੇਰ ਪੁੱਛੋ ਕਿ ਕਿਸ ਦੇ ਡਰ ਤੋਂ ਨਿਰਭੈਤਾ ਦੱਸੀ ਹੈ ਤਾਂ ਦੱਸਦੇ ਹਨ ਕਿ ਸੰਸਾਰ ਵਿਹੁ ਰੂਪ ਹੈ, ਇਸ ਤੋਂ ਡਰ ਲੱਗਦਾ ਹੈ ਤੇ ਰੱਖਿਆ ਦੀ ਲੋੜ ਹੈ ਅਤੇ ਅਰਦਾਸ ਕੀਤੀ ਹੈ ਰੱਖਿਆ ਲਈ :

ਬਾਬਾ ਬਿਖੁ ਦੇਖਿਆ ਸੰਸਾਰ ॥੧॥ਰਹਾਉ॥੪੬॥

(ਆਸਾ ਮ. ੫/੩੮੨)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲਈ ਹੇ ਮੇਰੇ ਸੰਤੋ ! ਸੱਜਣੋਂ ਤੇ ਸਾਰੇ ਮਿੱਤਰੋ, ਇਹ ਜਗਤ ਪਾਸਾਰਾ ਜੋ ਦਿਸ ਰਿਹਾ ਹੈ ਝੂਠਾ ਹੈ :

ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ ॥੪॥੩੯॥

(ਆਸਾ ਮ. ੪/੩੯੦)

ਬਾਬਾ ਫਰੀਦ ਜੀ ਕਹਿੰਦੇ ਹਨ ! ਇਹ ਦੁਨੀਆ ਇਕ ਸੋਹਣਾ ਬਾਗ ਹੈ ਇਥੇ ਮਨ ਵਿਚ 'ਟੋਏ ਟਿੱਬੇ' ਬਣਾਉਣੇ ਭੀ ਕਿਉਂ ਹੋਏ ? ਇਥੇ ਤਾਂ ਸਾਰੇ ਜੀਵ-ਰੂਪ ਪੰਛੀਆਂ ਦੀ ਡਾਰ ਪਰਾਹੁਣੀ ਹੈ। ਜਦੋਂ ਸਵੇਰ ਦਾ ਧੌਂਸਾ ਵੱਜਾ ਸਭ ਨੇ ਜ਼ਿੰਦਗੀ ਦੀ ਰਾਤ ਕੱਟ ਕੇ ਤੁਰ ਜਾਣਾ ਹੈ। ਹੇ ਫਰੀਦ ! ਇਹ 'ਟੋਏ ਟਿੱਬੇ' ਦੂਰ ਕਰ, ਤੇ ਤੂੰ ਭੀ ਤੁਰਨ ਦੀ ਤਿਆਰੀ ਕਰ :

ਫਰੀਦਾ ਪੰਖ ਪਰਾਹੁਣੀ, ਦੁਨੀਆ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ, ਚਲਣ ਕਾ ਕਰਿ ਸਾਜੁ ॥੭੯॥

(ਸਲੋਕ ਫਰੀਦ ਜੀ ੧੩੮੨)

ਜਿਹੜਾ ਪ੍ਰਾਣੀ ਸਮਝਦਾ ਹੈ, ਉਹ ਜਗਤ ਬਾਰੇ ਆਪਣੇ ਖਿਆਲ ਇਉਂ ਬਣਾਉਂਦਾ ਹੈ ਕਿ ਜਿਵੇਂ ਪਾਣੀ ਉਤੇ ਝੱਗ ਹੈ ਬੁਲਬੁਲਾ ਹੈ ਜੋ ਝਬਦੇ ਹੀ ਮਿੱਟ ਜਾਂਦਾ ਹੈ, ਤਿਵੇਂ ਇਹ ਸੰਸਾਰ ਹੈ :

ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥੪॥੧॥

(ਮਲਾਰ ਮ. ੩/੧੨੫੭)

ਭਗਤ ਕਬੀਰ ਜੀ ਆਖਦੇ ਹਨ ਕਿ ਹੇ ਜਿੰਦੇ ! ਇਹ ਜਗਤ ਅਜਿਹਾ ਵੇਖਣ ਵਿਚ ਆ ਰਿਹਾ ਹੈ, ਕਿ ਏਥੇ ਕੋਈ ਵੀ ਜੀਵ ਸਦਾ ਥਿਰ ਨਹੀਂ ਰਹੇਗਾ। ਸੋ, ਤੂੰ ਸਿੱਧੇ ਰਾਹੇ ਤੁਰੀਂ, ਨਹੀਂ ਤਾਂ ਬੁਰਾ ਧੱਕਾ ਵੱਜਣ ਦਾ ਡਰ ਹੈ, ਭਾਵ, ਇਸ ਭੁਲੇਖੇ ਵਿਚ ਕਿ ਇਥੇ ਸਦਾ ਬਹਿ ਰਹਿਣਾ ਹੈ, ਕੁਰਾਹੇ ਪੈਣ ਦਾ ਬੜਾ ਖ਼ਤਰਾ ਹੁੰਦਾ ਹੈ।

ਹੇ ਜਿੰਦੇ ! ਬਾਲਕ ਹੋਵੇ, ਬੁੱਢਾ ਹੋਵੇ, ਚਾਹੇ ਜਵਾਨ ਹੋਵੇ, ਮੌਤ ਸਭਨਾਂ ਨੂੰ ਹੀ ਇਥੋਂ ਲੈ ਜਾਂਦੀ ਹੈ। ਮਨੁੱਖ ਵਿਚਾਰਾ, ਤਾਂ, ਮਾਨੋ, ਚੂਹਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾਇਆ ਗਿਆ ਹੈ ਜਿਸ ਨੂੰ ਮੌਤ-ਰੂਪ ਬਿੱਲਾ ਖਾ ਜਾਂਦਾ ਹੈ।

ਹੇ ਜਿੰਦੇ ! ਮਨੁੱਖ ਧਨਵਾਨ ਹੋਵੇ ਭਾਵੇਂ ਕੰਗਾਲ, ਮੌਤ ਨੂੰ ਕਿਸੇ ਦਾ ਲਿਹਾਜ਼ ਨਹੀਂ ਹੈ। ਮੌਤ ਰਾਜੇ ਤੇ ਪਰਜਾ ਨੂੰ ਇਕ-ਸਮਾਨ ਮਾਰ ਲੈਂਦੀ ਹੈ, ਇਹ ਮੌਤ ਹੈ ਹੀ ਐਸੀ ਡਾਢੀ।

ਪਰ ਜੋ ਬੰਦੇ ਪ੍ਰਭੂ ਦੀ ਭਗਤੀ ਕਰਦੇ ਹਨ ਤੇ ਪ੍ਰਭੂ ਨੂੰ ਪਿਆਰੇ ਲੱਗਦੇ ਹਨ, ਉਹਨਾਂ ਦੀ ਗੱਲ ਸਾਰੇ ਜਹਾਨ ਨਾਲੋਂ ਨਿਰਾਲੀ ਹੈ। ਉਹ ਨਾ ਜੰਮਦੇ ਹਨ ਨਾ ਮਰਦੇ ਹਨ, ਕਿਉਂਕਿ ਹੇ ਜਿੰਦੇ ! ਉਹ ਪ੍ਰਭੂ ਨੂੰ ਸਦਾ ਆਪਣਾ ਸੰਗੀ ਸਾਥੀ ਜਾਣਦੇ ਹਨ।

ਸੋ, ਹੇ ਪਿਆਰੀ ਜਿੰਦੇ ! ਪੁੱਤਰ, ਵਹੁਟੀ, ਧਨ, ਪਦਾਰਥ, ਇਹਨਾਂ ਦਾ ਮੋਹ ਛੱਡ ਦੇ। ਕਬੀਰ ਆਖਦਾ ਹੈ—ਹੇ ਸੰਤ ਜਨੋ ! ਮੋਹ ਛੱਡਿਆਂ ਪਰਮਾਤਮਾ ਮਿਲ ਪੈਂਦਾ ਹੈ ਤੇ ਮੌਤ ਦਾ ਡਰ ਮੁੱਕ ਜਾਂਦਾ ਹੈ :

ਐਸੋ ਇਹੁ ਸੰਸਾਰੁ ਪੇਖਨਾ, ਰਹਨੁ ਨ ਕੋਊ ਪਈ ਹੈ ਰੇ ॥
ਸੂਧੇ ਸੂਧੇ ਰੇਗਿ ਚਲਹੁ ਤੁਮ,
ਨਤਰ ਕੁਧਕਾ ਦਿਵਈਹੈ ਰੇ ॥੧॥ਰਹਾਉ॥
ਬਾਰੇ ਬੂਢੇ ਤਰੁਨੇ ਭਈਆ, ਸਭ ਹੂ ਜਮੁ ਲੈ ਜਈਹੈ ਰੇ ॥
ਮਾਨਸੁ ਬਪੁਰਾ ਮੂਸਾ ਕੀਨੋ, ਮੀਚ ਬਿਲਈਆ ਖਈ ਹੈ ਰੇ ॥੨॥
ਧਨਵੰਤਾ ਅਰੁਨਿਰਧਨ ਮਨਈ, ਤਾ ਕੀ ਕਛੂ ਨਾ ਕਾਨੀ ਰੇ ॥
ਰਾਜਾ ਪਰਜਾ ਸਮਕਰਿ ਮਾਰੈ, ਐਸੋ ਕਾਲੁ ਬਡਾਨੀ ਰੇ ॥੩॥
ਹਰਿ ਕੇ ਸੇਵਕ ਜੋ ਹਰਿ ਭਾਏ, ਤਿਨ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ, ਨ ਕਬਹੂ ਮਰਤੇ, ਪਾਰਬ੍ਰਹਮ ਸੰਗਾਰੀ ਰੇ ॥੪॥
ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥
ਕਹਤ ਕਬੀਰੁ ਸੁਨਹੁ ਰੇ ਸੰਤਹੁ,
ਮਿਲਿ ਹੈ ਸਾਰਿਗ ਪਾਨੀ ਰੇ ॥ (ਬਿਲਾਵਲੁ ਕਬੀਰ ਜੀ ੮੫੫)

ਮੌਤ ਹਰੇਕ ਜੀਵ ਨੂੰ ਇਥੋਂ ਲੈ ਜਾਂਦੀ ਹੈ। ਸਦਾ ਕਿਸੇ ਨੇ ਭੀ ਇਥੇ ਬੈਠ ਨਹੀਂ ਰਹਿਣਾ। ਜੀਵਨ ਦੇ ਠੀਕ ਰਾਹੇ ਤੁਰੋ, ਵਾਹਿਗੁਰੂ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਸਿਮਰਨ ਕਰੋ, ਮੌਤ ਦਾ ਡਰ ਮੁੱਕ ਜਾਏਗਾ।

ਦੁਨੀਆ ਦੀਆਂ ਵਡਿਆਈਆਂ ਨੂੰ ਅੱਗ ਨਾਲ ਸਾੜ ਦੇ। ਇਨ੍ਹਾਂ ਚੰਦਰੀਆਂ ਨੇ ਮਨੁੱਖ ਤੋਂ ਪ੍ਰਭੂ ਦਾ ਨਾਮ ਭੁਲਵਾ ਦਿੱਤਾ ਹੈ, ਪਰ ਇਨ੍ਹਾਂ ਵਿਚੋਂ ਇਕ ਭੀ ਮਰਨ ਪਿਛੋਂ ਨਾਲ ਨਹੀਂ ਜਾਂਦੀ :

ਨਾਨਕ ਦੁਨੀਆ ਕੀਆ ਵਡਿਆਈਆ ਅਸੀ ਸੇਤੀ ਜਾਲਿ ॥
ਏਨੀ ਜਲੀਈ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥੨॥
(ਮਲਾਰ ਕੀ ਵਾਰ ਮ. ੧/੧੨੯੦)

ਜਿਸ ਸਰੀਰ ਤੇ ਸਮੱਗਰੀ ਨੂੰ ਤੂੰ ਸਦਾ ਰਹਿਣੇ ਵਾਲੀ ਕਰਕੇ ਪਿਆ ਮੰਨਦਾ ਹੈਂ ਉਹ ਸਾਰੇ ਦੋ ਦਿਨਾਂ ਦੇ ਪ੍ਰਾਹੁਣੇ ਹਨ। ਪੁੱਤਰ ਦਾ, ਇਸਤਰੀ ਦਾ, ਘਰ ਤੇ ਇਸ ਦੀ ਸਾਰੀ ਸਮੱਗਰੀ ਦਾ, ਗੱਲ ਕੀ ਸਭ ਦਾ ਪਿਆਰ ਮਿਥਆ ਹੈ :

ਜਿਸਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ ॥
ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ ਸਭ ਮਿਥਿਆ ਅਸਨਾਹਾ ॥
(ਆਸਾ ਮ. ੫/੪੦੧)

ਇਹ ਜਗਤ ਵਿਚਾਰਾ ਮਾਨੋ ਕਾਗਜਾਂ ਦਾ ਕਿਲ੍ਹਾ ਹੈ ਜਿਸ ਨੂੰ ਵਾਹਿਗੁਰੂ ਜੀ ਨੇ ਆਪਣੀ ਸਿਆਣਪ ਨਾਲ ਸਜਾਵਟ ਤੇ ਰੂਪ-ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਝੋਲਾ ਕਾਗਜ਼ਾਂ ਦੇ ਕਿਲ੍ਹੇ ਦੀ ਸੋਭਾ ਗਵਾ ਦੇਂਦਾ ਹੈ, ਤਿਵੇਂ ਇਹ ਜਗਤ ਪਲ ਵਿਚ ਜੰਮਦਾ ਹੈ ਤੇ ਮਰਦਾ ਹੈ :

ਕਾਗਦ ਕੋਟਿ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਤਤੁਰਾਈ ॥
ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ ॥
(ਮਲਾਰ ਮ. ੧/੧੨੭੮)

ਅਸਲ ਵਿਚ ਇਹ ਸੰਸਾਰ ਪਰਮਾਤਮਾ ਦਾ ਰੂਪ ਹੈ ਕਿਉਂਕਿ ਹਰੇਕ ਜੀਵ ਪਰਮਾਤਮਾ ਤੋਂ ਹੀ ਪੈਦਾ ਹੁੰਦਾ ਹੈ :

ਨਾਨਕ ਇਹੁ ਜਗਤੁ ਸਭੁ ਜਲੁ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਲ ਹੀ ਤੇ ਸਭ ਕੋਇ ॥

(ਮਲਾਰ ਕੀ ਵਾਰ ਮ. ੧/੧੨੮੩)

ਗੁਰੂ ਜੀ ਦੀ ਰਾਹੀਂ ਇਹ ਸਮਝ ਆਉਂਦੀ ਹੈ ਕਿ ਵਾਹਿਗੁਰੂ ਜੀ ਨੇ ਆਪ ਹੀ ਪਾਣੀ ਅੱਗ ਹਵਾ ਆਦਿਕ ਤੱਤ ਪੈਦਾ ਕੀਤੇ ਹਨ ਤੇ ਪ੍ਰਭੂ ਜੀ ਦੇ ਹੁਕਮ ਵਿਚ ਹੀ ਇਨ੍ਹਾਂ ਤਿੰਨਾਂ ਨੇ ਮਿਲ ਕੇ ਜਗਤ ਪੈਦਾ ਕੀਤਾ ਹੈ। ਵਾਹਿਗੁਰੂ ਜੀ ਨੇ ਹੀ ਇਨ੍ਹਾਂ ਤੱਤਾਂ ਨੂੰ ਬੇਅੰਤ ਤਾਕਤ ਦਿੱਤੀ ਹੋਈ ਹੈ, ਪਰ ਆਪਣੇ ਹੁਕਮ ਨਾਲ ਇਹਨਾਂ ਨੂੰ ਬੇ-ਥਵ੍ਹੀ ਤਾਕਤ ਵਰਤਣ ਵਲੋਂ ਰੋਕ ਭੀ ਰੱਖਿਆ ਹੈ :

ਜਲੁ ਤਰੰਗ ਅਗਨੀ ਪਵਨੈ ਫੁਨਿ
ਤ੍ਰੈ ਮਿਲਿ ਜਗਤੁ ਉਪਾਇਆ ॥
ਐਸਾ ਬਲੁ ਛਲੁ ਤਿਨ ਕਉ ਦੀਆ
ਹੁਕਮੀ ਠਾਕਿ ਰਹਾਇਆ (ਪ੍ਰਭਾਤੀ ਮ. ੧/੧੩੪੫)

ਗੁਰੂ ਜੀ ਫੁਰਮਾਉਂਦੇ ਹਨ ਕਿ ਅਸਾਂ ਚੰਗੀ ਤਰ੍ਹਾਂ ਇਸ ਦੀ ਛਾਣ ਬੀਣ ਕੀਤੀ, ਫੋਲ ਫੋਲ ਕੇ ਦੇਖਿਆ, ਪਰ ਜਗਤ ਦੇ ਪਦਾਰਥ ਧੂੰਏ ਦੇ ਮੰਦਰ ਬਣੇ ਹੋਏ ਸਹੀ ਹੋਏ। ਧੂੰਏ ਦੇ ਮੰਦਰਾਂ ਨੂੰ ਕੋਈ ਸੱਚੇ ਤੇ ਰਹਿਣ ਵਾਲੇ ਮਹਿਲ ਨਹੀਂ ਮੰਨ ਸਕਦਾ। ਇਸੇ ਤਰ੍ਹਾਂ ਇਨ੍ਹਾਂ ਜਗਤ ਦੇ ਪਦਾਰਥਾਂ ਦਾ ਕਾਇਮ ਰਹਿਣਾ ਅਸੰਭਵ ਹੈ :

ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ
ਜਗੁ ਧੂਏ ਕਾ ਧਵਲਹਰੁ ॥੩॥੧॥

(ਵਾਰ ਮਾਝ ਮ. ੧/੧੩੮)

ਜਗਤ ਮਾਨੋਂ ਸੁਪਨਾ ਹੈ, ਸੰਸਾਰ ਇਕ ਖੇਡ ਬਣੀ ਹੋਈ ਹੈ, ਜੀਵ ਇਕ ਖਿਨ ਵਿਚ ਜ਼ਿੰਦਗੀ ਦੀ ਖੇਡ ਖੇਡ ਕੇ ਚਲਾ ਜਾਂਦਾ ਹੈ। ਵਾਹਿਗੁਰੂ ਜੀ ਦੀ ਸੰਜੋਗ-ਸੱਤਿਆ ਨਾਲ ਪ੍ਰਾਣੀ ਮਿਲ ਕੇ ਇਕੱਠੇ ਹੁੰਦੇ ਹਨ, ਵਿਜੋਗ-ਸੱਤਿਆ ਅਨੁਸਾਰ ਜੀਵ ਇਥੋਂ ਉੱਠ ਕੇ ਤੁਰ ਪੈਂਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥੩॥੧੧॥
(ਸਿਰੀ ਰਾਗੁ ਮ. ੧/੧੮)

ਹੇ ਮੇਰੇ ਭਟਕਦੇ ਮਨ ! ਇਹ ਜਗਤ ਇਉਂ ਹੀ ਹੈ ਜਿਵੇਂ ਰਾਤ ਨੂੰ ਸੁੱਤੇ ਪਿਆਂ ਹੋਇਆਂ ਸੁਪਨਾ ਹੁੰਦਾ ਹੈ। ਹੇ ਮੂਰਖ ! ਜੋ ਕੁਝ ਦਿੱਸ ਰਿਹਾ ਹੈ, ਇਹ ਸਾਰਾ ਨਾਸਵੰਤ ਹੈ। ਤੂੰ ਕਿਉਂ ਇਸ ਵਿਚ ਮੋਹ ਬਣਾ ਰਿਹਾ ਹੈ :

ਜੈਸੇ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ ਸਭ ਬਿਨਸੀਐ ਕਿਆ ਲਗਹਿ ਗਵਾਰ ॥੨॥੩੧॥
(ਮ. ੫/੮੦੮)

ਗੁਰੂ ਸਾਹਿਬ ਜੀ ਆਖਦੇ ਹਨ—ਹੇ ਮਨ ! ਜਗਤ ਨੂੰ ਤੂੰ ਇਉਂ ਸਮਝ ਕਿ ਇਥੇ ਜ਼ਿੰਦਗੀ ਤਕ ਹੀ ਵਰਤਣ-ਵਿਹਾਰ ਹੈ। ਉਂਝ, ਇਹ ਸਾਰਾ ਸੁਪਨੇ ਵਾਂਗ ਹੀ ਹੈ। ਇਸ ਵਾਸਤੇ ਜਦ ਤਕ ਜਿਉਂਦਾ ਹੈ, ਵਾਹਿਗੁਰੂ ਦੇ ਗੁਣ ਗਾਉਂਦਾ ਰਹੁ :

ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥
ਨਾਨਕ ਹਰਿਗੁਨ ਗਾਇ ਲੈ ਸਭ ਸੁਫਨ ਸਮਾਨਉ ॥੨॥
(ਤਿਲੰਗ ਮ. ੯/੭੨੭)

ਜਦੋਂ ਉਸ ਅਕਾਲ ਪੁਰਖ ! ਵਾਹਿਗੁਰੂ ਜੀ ਨੂੰ ਚੰਗਾ ਲੱਗਾ ਤਾਂ ਉਸ ਨੇ ਜਗਤ ਪੈਦਾ ਕਰ ਦਿੱਤਾ। ਇਹ ਸਾਰੇ ਜਗਤ-ਖਿਲਾਰੇ ਨੂੰ ਉਸ ਨੇ ਕਿਸੇ ਦਿੱਸਦੇ ਸਹਾਰੇ ਤੋਂ ਬਿਨਾ ਹੀ ਆਪੋ ਆਪਣੇ ਥਾਂ ਟਿਕਾ ਦਿੱਤਾ। ਤਦੋਂ ਉਸ ਨੇ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਭੀ ਪੈਦਾ ਕਰ ਦਿੱਤੇ, ਜਗਤ ਵਿਚ ਮਾਇਆ ਦਾ ਮੋਹ ਭੀ ਵਧਾ ਦਿੱਤਾ :

ਜਾ ਤਿਸੁ ਭਾਣਾ ਤਾ ਜਗਤ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸ ਉਪਾਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਮੋਹੁ ਵਧਾਇਦਾ ॥ (ਮਾਰੂ ਸੋਹਲੇ ਮ. ੫/੧੦੩੬)

ਹੇ ਪ੍ਰਾਣੀ ! ਆਪਣੇ ਦਿਲ ਵਿਚ ਇਹ ਪੱਕੀ ਗੱਲ ਟਿਕਾ ਲੈ ਕਿ ਸਾਰਾ ਸੰਸਾਰ ਸੁਪਨੇ ਵਰਗਾ ਹੈ, ਇਸ ਦੇ ਨਾਸ ਹੁੰਦਿਆਂ ਚਿਰ ਨਹੀਂ ਲੱਗਦਾ :

ਹੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ॥ (ਸੋਰਠਿ ਮ. ੯/੬੩੩)

ਜਿਵੇਂ ਔੜ ਦੇ ਦਿਨੀਂ ਦਰਿਆਵਾਂ ਦੇ ਕੰਢੇ ਮਾਲ ਡੰਗਰ ਚਾਰਨ ਆਏ ਲੋਕਾਂ ਦਾ ਉਥੇ ਥੋੜੇ ਹੀ ਦਿਨਾਂ ਲਈ ਟਿਕਾਣਾ ਹੁੰਦਾ ਹੈ, ਤਿਵੇਂ ਇਥੇ ਦੁਨੀਆ ਵਿਚ ਜੀਵਾਂ ਦਾ ਚਾਰ ਦਿਨਾਂ ਦਾ ਹੀ ਵਸੇਬਾ ਹੈ। ਇਹ ਸੰਸਾਰ ਇਕ ਖੇਡ ਹੈ, ਇਕ ਤਮਾਸ਼ਾ ਹੈ, ਪਰ ਜੀਵ ਮਾਇਆ ਦੇ ਮੋਹ ਦੇ ਕਾਰਨ ਅਗਿਆਨਤਾ ਦੇ ਘੁੱਪ ਹਨੇਰੇ ਵਿਚ ਫਸੇ ਪਏ ਹਨ। ਬਾਜੀਗਰ ਵਾਂਗ ਜੀਵ ਮਾਇਆ ਦੀ ਬਾਜੀ ਖੇਡ ਕੇ ਚਲੇ ਜਾਂਦੇ ਹਨ, ਇਸ ਖੇਡ ਵਿਚੋਂ ਕਿਸੇ ਦੇ ਹੱਥ-ਪੱਲੇ ਕੁਝ ਨਹੀਂ ਪੈਂਦਾ, ਜਿਵੇਂ ਰਾਤ ਨੂੰ ਸੁਪਨੇ ਵਿਚ ਕੋਈ ਬੰਦਾ ਧਨ ਲੱਭ ਕੇ ਬਰੜਾਂਦਾ ਹੈ ਪਰ ਸੁਪਨਾ ਟੁਟਦਿਆਂ ਕੁਝ ਭੀ ਨਹੀਂ ਰਹਿੰਦਾ :

ਐਥੇ ਗੋਇੜਾ ਦਿਨ ਚਾਰੇ ॥
ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ
ਜਿਉ ਨਿਸਿ ਸੁਪਨੈ ਭਖਲਾਈ ॥੯॥੩॥
(ਮਾਰੂ ਸੋਹਲੇ ਮ. ੧/੧੦੨੩)

ਅਕਾਲ ਪੁਰਖ ! ਕਰਤਾਰ ਬਿਨਾ ਸਭ ਚੱਲਣਹਾਰ ਹੈ :—'ਦ੍ਰਿਸ਼ਟਿਮਾਨ ਹੈ ਸਗਲ ਮਿਥੇਨਾ ॥' ਸੋ ਪਰਪੰਚ ਵਿਚ ਰਾਜਾ ਝੂਠ ਹੈ, ਪਰਜਾ ਝੂਠ ਹੈ ਤੇ ਸਾਰਾ ਸੰਸਾਰ ਹੀ ਝੂਠ ਹੈ। ਝੂਠ ਹੈਨ ਮੰਡੂਏ, ਝੂਠ ਹੈਨ ਮਾੜੀਆਂ, ਝੂਠ ਹੈ ਇਨ੍ਹਾਂ ਵਿਚ ਰਹਿਣ ਵਾਲੇ, ਝੂਠ ਹੈ ਸੋਨਾ, ਝੂਠ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਂਦੀ, ਝੂਠ ਹੈ ਸੋਨੇ ਚਾਂਦੀ ਦੇ ਬਣੇ ਗਹਿਣੇ ਪਹਿਨਣੇ ਵਾਲਾ। ਝੂਠ ਹੈ ਸਰੀਰ, ਝੂਠ ਹੈ ਕਪੜਾ, ਝੂਠ ਹੈ ਅਦੁੱਤੀ ਸੁੰਦਰਤਾ ਜਿਸ ਲਈ ਕਪੜੇ ਗਹਿਣੇ ਪਹਿਨੀਦੇ ਹਨ। ਝੂਠ ਹੈ ਪਤੀ, ਝੂਠ ਹੈ ਵਹੁਟੀ ਜੋ ਗ੍ਰਿਹਸਤ ਦੇ ਝੇੜਿਆਂ ਵਿਚ ਉਲਝ ਖਪ ਖਪ ਕੇ ਖੁਆਰ ਹੋਏ। ਝੂਠੇ ਦਾ ਝੂਠ ਨਾਲ ਪਿਆਰ ਪੈ ਗਿਆ ਤੇ ਕਰਤਾਰ ਭੁੱਲ ਗਿਆ, ਸੋ ਹੁਣ ਦੱਸੋ ਕਿਸ ਨਾਲ ਦੋਸਤੀ ਪਾਈਏ, ਸਾਰਾ ਸੰਸਾਰ ਹੀ ਤਾਂ ਚਲਣਹਾਰ ਹੈ। ਚਲਣਹਾਰ ਦੇਖਦਿਆਂ ਬੀ ਲੋਕੀਂ ਇਸ ਕੂੜੇ ਸੰਸਾਰ ਵਿਚ ਹੀ ਵਿਆਪ ਰਹੇ ਹੈਨ, ਇਸ ਦਾ ਕਾਰਣ ਇਹ ਹੈ ਕਿ ਕੂੜ ਮਿੱਠਾ ਹੈ, ਕੂੜ ਮਿੱਠਾ ਬੀ ਐਸਾ ਹੈ ਜੈਸਾ ਸ਼ਹਿਦ। ਇਸ ਡਾਢੀ ਮਿਠਾਸ ਦੇ ਕਾਰਣ ਕੂੜ ਨੇ ਤਾਂ ਪੂਰਾਂ ਦੇ ਪੂਰ ਡੋਬ ਘੱਤੇ ਹਨ। ਗੁਰੂ ਨਾਨਕ ਦੇਵ ਜੀ ਸਾਈ ਅੱਗੇ ਬੇਨਤੀ ਕਰਦੇ ਹਨ—ਸੱਚਮੁੱਚ ਹੇ ਦਾਤਾ! ਤੈਥੋਂ ਬਿਨਾ ਸਭ ਕੁਛ ਝੂਠ ਹੀ ਝੂਠ ਹੈ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ, ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥੧੦॥

(ਆਸਾ ਦੀ ਵਾਰ ਮ. ੧/੪੬੮)

ਸਮੁੰਦਰ

ਕਬੂਤਰ ਬੜਾ ਭੋਲਾ ਪੰਛੀ ਹੈ। ਬਿੱਲੀ ਆਵੇ ਤਾਂ ਉਸ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਚਣ ਲਈ ਉੱਡਣ ਦੇ ਥਾਂ ਅੱਖਾਂ ਮੀਟ ਲੈਂਦਾ ਹੈ।

ਮੂਰਖ ਮਨੁੱਖ ਵਿਕਾਰਾਂ ਦੇ ਹੱਲੇ ਤੋਂ ਬਚਣ ਦਾ ਉੱਦਮ ਕਰਨ ਦੇ ਥਾਂ ਇਨ੍ਹਾਂ ਦੇ ਅੱਗੇ ਹਥਿਆਰ ਸਿੱਟ ਦੇਂਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਵਿਕਾਰਾਂ ਦੇ ਸਮੁੰਦਰ ਸੰਸਾਰ ਵਿਚ ਗੋਤੇ ਖਾਣ ਲੱਗ ਪੈਂਦਾ ਹੈ :

ਵਾਹਿਗੁਰੂ ਜੀ ਦਾ ਨਾਮ ਜਹਾਜ਼ ਹੈ। ਗੁਰੂ ਮਲਾਹ ਆਪਣੇ ਸ਼ਬਦ ਦਾ ਚੱਪੂ ਲਾ ਕੇ ਪਾਰ ਲੰਘਾਉਂਦਾ ਹੈ :

ਅੰਮ੍ਰਿਤੁ ਹਰਿ ਹਰਿ ਨਾਮ ਹੈ ਮੇਰੀ ਜਿੰਦੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤੁ ਬਿਖੁ ਲਹਿ ਜਾਏ ਰਾਮ ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ
ਹਰਿ ਹਰਿ ਨਾਮੁ ਧਿਆਏ ਰਾਮ ॥

(ਬਿਹਾਗੜਾ ਮ. ੪/੫੩੮)

ਕੋਈ ਮਨੁੱਖ ਪਹਿਲਾਂ ਪਹਿਲ ਸਮੁੰਦਰ ਦੇ ਕੰਢੇ ਚਲਾ ਜਾਏ, ਬੇਅੰਤ ਪਾਣੀ ਹੀ ਪਾਣੀ ਵੇਖ ਕੇ ਉਸ ਦੀ ਹੈਰਤ ਗੁੰਮ ਹੋ ਜਾਂਦੀ ਹੈ। ਸਮੁੰਦਰ ਵਿਚ ਬੜੀਆਂ ਭਾਰੀਆਂ ਠਿੱਲਾਂ ਭੀ ਪੈਂਦੀਆਂ ਹਨ। ਇਹਨਾਂ ਠਿੱਲਾਂ ਵਿਚੋਂ ਦੀ ਜਹਾਜ਼ ਲੰਘਦੇ ਵੇਖ ਕੇ, ਇਹ ਘਾਬਰਦਾ ਹੈ ਕਿ ਜਹਾਜ਼ ਕਿਤੇ ਡੁੱਬ ਨ ਜਾਏ। ਜਦੋਂ ਉਸ ਨੂੰ ਜਹਾਜ਼ ਦੀ ਮਜ਼ਬੂਤੀ ਤੇ ਕਪਤਾਨ ਦੀ ਹੁਸ਼ਿਆਰੀ ਦਾ ਪਤਾ-ਥਹੁ ਲੱਗਦਾ ਹੈ, ਤਾਂ ਉਸ ਨੂੰ ਧਰਵਾਸ ਬੱਝਦਾ ਹੈ।

ਸੰਸਾਰ ਇਕ ਸਮੁੰਦਰ ਸਮਾਨ ਹੈ ਜਿਸ ਵਿਚ ਵਿਕਾਰਾਂ ਦੀਆਂ ਲਹਿਰਾਂ ਉੱਠ ਰਹੀਆਂ ਹਨ। ਇਨਸਾਨੀ ਜ਼ਿੰਦਗੀ ਦੀ ਨਿੱਕੀ ਜਿਹੀ ਬੇੜੀ ਦੇ ਡੁੱਬਣ ਦਾ ਭਾਰੀ ਖਤਰਾ ਰਹਿੰਦਾ ਹੈ। ਜੋ ਮਨੁੱਖ ਗੁਰੂ-ਮਲਾਹ ਦੇ ਨਾਮ-ਸਤਿਸੰਗ-ਜਹਾਜ਼ ਵਿਚ ਸਵਾਰ ਹੋ ਜਾਂਦਾ ਹੈ, ਉਸ ਦੇ ਆਤਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਇਹ ਵਿਕਾਰ ਡੋਬ ਨਹੀਂ ਸਕਦੇ :

ਸਾਗਰੁ ਦੇਖਉ ਡਰਿ ਮਰਉ ਭੈ ਤੇਰੇ ਡਰੁ ਨਾਹਿ ॥
ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ ॥੨॥੨॥
(ਮਾਰੂ ਵਾਰ ਮ. ੩/੧੦੮੭)

ਦਰਿਆ ਵਿਚ ਹੜ੍ਹ ਆਇਆ ਹੋਵੇ, ਘੁੰਮਣਘੇਰੀਆਂ ਤੇ ਲਾਰਾਂ ਪੈਂਦੀਆਂ ਹੋਣ, ਵੱਡੇ ਵੱਡੇ ਤਾਰੂ ਭੀ ਉਧਰ ਮੂੰਹ ਕਰਨ ਦਾ ਹੀਆ ਨਹੀਂ ਕਰਦੇ। ਪਰ ਸਿਆਣਾ ਮਲਾਹ ਮੁਸਾਫਿਰਾਂ ਨੂੰ ਆਪਣੀ ਬੇੜੀ ਵਿਚ ਬਿਠਾ ਕੇ, ਉਹ ਘੁੰਮਣਘੇਰੀਆਂ ਤੋਂ ਠਿੱਲਾਂ ਤੋਂ ਬਚਾ ਕੇ ਬੇੜੀ ਨੂੰ ਪਾਰ ਲੈ ਜਾਂਦਾ ਹੈ। ਲੋਹਾ ਭੀ ਬੇੜੀ ਦੇ ਸੰਗ ਪਾਰ ਹੋ ਜਾਂਦਾ ਹੈ।

ਸੰਸਾਰ-ਨਦੀ ਵਿਚ ਮਾਇਆ ਦੀਆਂ ਘੁੰਮਣਘੇਰੀਆਂ ਵਿਚੋਂ ਵਾਹਿਗੁਰੂ ਜੀ ਦੀ ਯਾਦ ਦਾ ਆਸਰਾ ਸਹੀ ਸਲਾਮਤ ਪਾਰ ਲੰਘਾ ਸਕਦਾ ਹੈ :

ਜਪਿ ਮਨ ਰਾਮ ਨਾਮ ਜਗੰਨਾਥ ॥
ਘੂਮਨ ਘੇਰ ਪਰੇ ਬਿਖੁ ਬਿਖਿਆ
ਸਤਿਗੁਰ ਕਾਢਿ ਲੀਏ ਦੇ ਹਾਥ ॥੧॥ਰਹਾਉ॥
(ਕਾਨੜਾ ਮ. ੪/੧੨੯੬)

ਸੰਸਾਰ ਸਮੁੰਦਰ ਹੈ ਜਿਸ ਵਿਚ ਵਿਕਾਰਾਂ ਦੀਆਂ ਲਹਿਰਾਂ ਪੈ ਰਹੀਆਂ ਹਨ। ਵਾਹਿਗੁਰੂ ਜੀ ਦੀ ਯਾਦ ਨੂੰ ਇਸ ਸਮੁੰਦਰ ਵਿਚੋਂ ਪਾਰ ਲੰਘਣ ਲਈ ਜਹਾਜ਼ ਬਣਾਵੋ। ਡੁੱਬਣ ਦਾ ਖ਼ਤਰਾ ਨਹੀਂ ਰਹੇਗਾ :

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥
ਸੰਗ ਸਹਾਈ ਹਰਿਨਾਮੁ ਧਿਆਈ ਬਿਰਥਾ ਕੋਇ ਨਾ ਜਾਇ ॥
ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥੧॥
(ਸਿਰੀ ਰਾਗ ਮ. ੫/੭੯)

ਸੰਸਾਰ ਵਿਕਾਰਾਂ ਦੇ ਜ਼ਹਿਰੀਲੇ ਪਾਣੀਆਂ ਨਾਲ ਭਰਿਆ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮੁੰਦਰ ਹੈ। ਵਾਹਿਗੁਰੂ ਜੀ ਦੇ ਦਰ ਤੇ ਅਰਦਾਸ ਕਰੋ ਕਿ ਸਾਡਾ ਹੱਥ ਫੜ ਲੈ। ਬੱਸ ! ਡੁੱਬਣ ਦਾ ਡਰ ਨਹੀਂ ਰਹੇਗਾ :

ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ ॥੧॥ਰਹਾਉ॥
(ਗਉੜੀ ਮ. ੫/੨੦੩)

ਸਮੁੰਦਰ ਵਿਚ ਤੁਫ਼ਾਨ ਨਾਲ ਲਹਿਰਾਂ ਉੱਠ ਰਹੀਆਂ ਹੋਣ, ਤੇ ਉਸ ਵਿਚ ਮਲਾਹ-ਹੀਣ ਜਹਾਜ਼ ਹੋਵੇ। ਜਹਾਜ਼ ਦੀਆਂ ਸਵਾਰੀਆਂ ਨੂੰ ਹਰ ਵੇਲੇ ਹੀ ਇਹ ਸਹਿਮ ਰਹੇਗਾ ਕਿ ਹੁਣ ਭੀ ਡੁੱਬੇ, ਹੁਣ ਭੀ ਡੁੱਬੇ।

ਸੰਸਾਰ ਵਿਚ ਵਿਕਾਰਾਂ ਦੇ ਝੱਖੜ ਝੁੱਲ ਰਹੇ ਹਨ। ਗੁਰੂ ਤੋਂ ਖੁੰਝੇ ਮਨੁੱਖ ਗੋਤੇ ਖਾਂਦੇ ਹਨ। ਹਰ ਵੇਲੇ ਚਿੰਤਾ ਫ਼ਿਕਰ ਸਹਮ ਉਹਨਾਂ ਨੂੰ ਚੰਬੜੇ ਰਹਿੰਦੇ ਹਨ।

ਜਿਸ ਭਾਗਾਂ ਵਾਲੇ ਨੇ ਵਾਹਿਗੁਰੂ ਜੀ ਨਾਲ ਡੂੰਘੀ ਸਾਂਝ ਪਾ ਲਈ ਉਹ ਇਸ ਸਮੁੰਦਰ ਵਿਚੋਂ ਬਚ ਕੇ ਪਾਰ ਲੰਘ ਗਿਆ :

ਅਉਧ ਘਟੈ ਦਿਨਸੁ ਰੈਨਾਰੇ ॥
ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥
(ਗਉੜੀ ਮ. ੫/੨੦੫)

ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਣ ਲਈ ਗੁਰੂ ਜੀ ਦੀ ਦੱਸੀ ਹੋਈ ਜੀਵਨ-ਜੁਗਤੀ ਜਹਾਜ਼ ਦਾ ਕੰਮ ਦੇਂਦੀ ਹੈ :

ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥
ਨਾਨਕ ਸਤਿਗੁਰੁ ਸੇਵਿ
ਚੜਿ ਬੋਹਿਥਿ ਭਉਜਲੁ ਪਾਰਿ ਪਉ ॥੧॥
(ਗਉੜੀ ਵਾਰ ਮ. ੫/੩੧੮)

ਵਿਕਾਰਾਂ ਦੀ ਅੱਗ ਦੇ ਸਮੁੰਦਰ ਵਿਚੋਂ ਆਤਮਕ ਜੀਵਨ ਨੂੰ ਸੜਨ ਤੋਂ ਬਚਾਉਣ ਲਈ ਵਾਹਿਗੁਰੂ ਜੀ ਦੀ ਓਟ ਆਸਰਾ ਹੀ ਸਮਰੱਥ ਹੈ :

ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥

CC-0. In Public Domain. Gurukul Kangri Collection, Haridwar

ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥
Digitized by Arya Samaj Foundation Chennai and eGangotri

(ਆਸਾ ਮ. ੫/੩੭੮)

ਇਸ ਭਿਆਨਕ ਸੰਸਾਰ-ਸਮੁੰਦਰ ਵਿਚ ਵਿਕਾਰਾਂ ਦੀਆਂ ਅਨੇਕਾਂ ਨਦੀਆਂ ਪੈ ਰਹੀਆਂ ਹਨ। ਗਾਫਲ ਡੁਬਦੇ ਹਨ। ਜੋ ਵਾਹਿਗੁਰੂ ਜੀ ਦੀ ਯਾਦ ਦੇ ਜਹਾਜ਼ ਵਿਚ ਬੈਠ ਗਏ, ਉਹ ਸਹੀ ਸਲਾਮਤ ਪਾਰ ਲੰਘ ਗਏ :

ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥
ਕਿਤੀ ਇਤੁ ਦਰਿਆਇ ਵੰਞਨਿ ਵਹਦਿਆ ॥੮॥
ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥
ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ਰਹਾਉ॥

(ਆਸਾ ਮ. ੫/੩੯੮)

ਇਸ ਧਰਤੀ ਉੱਤੇ ਪੁਰਾਣੇ ਸਮਿਆਂ ਵਿਚ ਜਾਦੂ ਦਾ ਬੜਾ ਜ਼ੋਰ ਸੀ। ਸਾਡੇ ਦੇਸ ਵਿਚ ਵਿਚ ਭੀ ਇਹੀ ਹਾਲ ਸੀ। ਜੋਗੀ ਲੋਕ ਭੀ ਕਈ ਕਰਾਮਾਤਾਂ ਵਿਖਾਉਂਦੇ ਸਨ। ਅੱਗ ਨੂੰ ਬੰਨ੍ਹ ਲੇਣਾ ਇਕ ਸਾਧਾਰਣ ਜਿਹਾ ਕਰਤੱਬ ਹੋ ਗਿਆ ਸੀ। ਅੱਗ ਨੂੰ ਬੰਨ੍ਹਿਆਂ ਅੱਗ ਵਿਚ ਸੇਕ ਨਹੀਂ ਸੀ ਰਹਿੰਦਾ। ਲੱਕੜਾਂ ਪਾਈ ਚੱਲੋ, ਉਹ ਬਲਦੀਆਂ ਜਾਣਗੀਆਂ। ਪਰ ਉਸ ਵਿਚ ਆਪਣਾ ਹੱਥ ਰੱਖ ਦਿਉ, ਹੱਥ ਨੂੰ ਸੇਕ ਨਹੀਂ ਲੱਗੇਗਾ। ਕਈ ਆਦਮੀ ਤਾਂ ਭੱਖਦਿਆਂ ਕੋਲਿਆਂ ਦੇ ਉਤੋਂ ਦੀ ਨੰਗੇ ਪੈਰੀਂ ਲੰਘ ਜਾਂਦੇ ਸਨ। ਹੁਣ ਇਹ ਗੱਲਾਂ ਕਿਤੇ ਟਾਵੀਆਂ ਟਾਵੀਆਂ ਰਹਿ ਗਈਆਂ ਹਨ।

ਸੰਸਾਰ ਸਮੁੰਦਰ ਹੈ ਅੱਗ ਦਾ। ਵਿਕਾਰਾਂ ਦੀ ਜੁਆਲਾ ਭੜ ਭੜ ਕਰ ਰਹੀ ਹੈ। ਜੀਵ ਦੇ ਆਤਮਕ ਜੀਵਨ ਇਸ ਵਿਚ ਸੜ ਕੇ ਸੁਆਹ ਹੋ ਰਹੇ ਹਨ। ਪਰ ਜਿਸ ਮਨੁੱਖ ਨੇ ਇਹਨਾਂ ਵਿਕਾਰਾਂ ਨੂੰ ਕੀਲ ਲਿਆ ਹੈ, ਉਸ ਦੇ ਆਤਮਕ ਜੀਵਨ ਨੂੰ ਇਹਨਾਂ ਦਾ ਰਤਾ ਭੀ ਸੇਕ ਨਹੀਂ ਲੱਗਦਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਪੁਨੇ ਹਰਿ ਪਹਿ ਬਿਨਤੀ ਕਹੀਐ ॥
ਚਾਰਿ ਪਦਾਰਥ ਅਨਦ ਮੰਗਲ
ਨਿਧਿ ਸੂਖ ਸਹਜ ਸਿਧਿ ਕਹੀਐ ॥੧॥ਰਹਾਉ॥
ਮਾਨੁ ਤਿਆਗਿ ਹਰਿ ਚਰਨੀ ਲਾਗਉ
ਤਿਸੁ ਪ੍ਰਭ ਅੰਚਲੁ ਗਹੀਐ ॥
ਆਂਚ ਨ ਲਾਗੈ ਅਗਨਿ ਸਾਗਰ ਤੇ
ਸਰਨਿ ਸੁਆਮੀ ਕੀ ਅਹੀਐ ॥੧॥

(ਦੇਵ ਗੰਧਾਰੀ ਮ. ੫/੫੩੧)

ਸੰਸਾਰ ਸਮੁੰਦਰ ਵਿਚੋਂ ਆਪਣੀ ਅਕਲ ਵਿਦਿਆ ਦੇ ਬਲ ਨਾਲ ਪਾਰ ਨਹੀਂ ਲੰਘ ਸਕੀਦਾ। ਅਹੰਕਾਰ ਮੋਹ ਮੇਰ-ਤੇਰ ਤਿਆਗਣਾ ਇਸ ਔਖੇ ਖੰਡੇ ਦੀ ਧਾਰ ਨਾਲੋਂ ਪਤਲੇ ਰਸਤੇ ਲੰਘ ਸਕੀਦਾ ਹੈ। ਪ੍ਰਭੂ ਦੀ ਕਿਰਪਾ ਹੋਇਆਂ ਸਤਸੰਗ ਦੀ ਬਰਕਤ ਨਾਲ ਪਾਰ ਲੰਘਿਆ ਜਾ ਸਕਦਾ ਹੈ :

ਮਾਨ ਮੋਹ ਮੇਰ ਤੇਰ ਬਿਬਰਜਿਤ
ਏਹੁ ਮਾਰਗੁ ਖੰਡੇ ਧਾਰ ॥੩॥
ਕਹੁ ਨਾਨਕ ਤਿਨਿ ਭਵਜਲੁ ਤਰੀਅਲੇ
ਪ੍ਰਭ ਕਿਰਪਾ ਸੰਤ ਸੰਗਾਰ ॥੮॥੩॥

(ਦੇਵਗੰਧਾਰੀ ਮ. ੫/੫੩੪)

ਰੁੱਖ ਦੀ ਛਾਂ ਦਾ ਕੀ ਭਰਵਾਸਾ ? ਕਦੇ ਵਧਦੀ, ਕਦੇ ਘਟਦੀ। ਬੱਦਲਾਂ ਦੀ ਛਾਂ ਭੀ ਕਾਹਦੀ ਛਾਂ ? ਹਵਾ ਦਾ ਬੁੱਲਾ ਆਇਆ ਤੇ ਉਡਾ ਲੈ ਗਿਆ। ਮਾਇਕ ਪਦਾਰਥਾਂ ਦੀ ਭੀ ਇਤਨੀ ਕੁ ਹੀ ਪਾਇਆ ਹੈ। ਫਿਰ ਭੀ ਤ੍ਰਿਸ਼ਨਾ ਦੀ ਅੱਗ ਵਿਚ ਜਗਤ ਸੜ ਰਿਹਾ ਹੈ।

ਵਾਹਿਗੁਰੂ ਜੀ ਦੀ ਯਾਦ ਹੀ ਇਸ ਅੱਗ ਤੋਂ ਬਚਾਉਂਦੀ ਹੈ :

ਬਿਰਖ ਛਾਇਆ ਜੈਸੇ ਬਿਨਸਤ ਪਵਨ ਝੂਲਤ ਮੇਹ ॥
ਹਰਿ ਭਗਤਿ ਦ੍ਰਿੜੁ ਮਿਲੁ

CC-0. In Public Domain. Gurukul Kangri Collection, Haridwar

ਸਾਧ ਨਾਨਕ ਤੇਰੈ ਕਾਮਿ ਆਵਤ ਏਹ ॥੨॥੨੫॥

Digitized by Arya Samaj Foundation Chennai and eGangotri

(ਮਾਰੂ ਮ. ੫/੧੦੭੬)

ਵੱਡੇ ਵੱਡੇ ਦਰਿਆਵਾਂ ਵਿਚੋਂ ਦੀ ਤਰ ਕੇ ਲੰਘਣਾ ਕਿਸੇ ਵਿਰਲੇ ਵਿਰਲੇ ਸੂਰਮੇ ਤਾਰੂ ਦਾ ਕੰਮ ਹੁੰਦਾ ਹੈ। ਪਰ ਜੇ ਦਰਿਆ ਉਤੇ ਪੱਕਾ ਪੁੱਲ ਬੱਝ ਜਾਏ, ਤਾਂ ਹਰ ਕੋਈ ਸੌਖਾ ਹੀ ਪਾਰ ਲੰਘ ਸਕਦਾ ਹੈ। ਜਹਾਜ਼ ਭੀ ਪਾਰ ਲੰਘਾ ਦੇਂਦੇ ਹਨ।

ਸੰਸਾਰ ਦਰਿਆ ਹੈ। ਵਾਹਿਗੁਰੂ ਜੀ ਦੀ ਯਾਦ ਇਸ ਉਤੇ ਪੁਲ ਹੈ, ਦਰਿਆ ਵਿਚ ਜਹਾਜ਼ ਹੈ :

ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥
ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰ੍ਉ ॥੨॥

(ਸਵਈਏ ਮ. ਪ. ਕੇ ੧੪੦੮)

ਝੱਖੜ ਝੁੱਲ ਪਏ, ਤੂਫਾਨ ਆ ਜਾਏ, ਤਾਂ ਸਮੁੰਦਰ ਵਿਚ ਬੜੀਆਂ ਉੱਚੀਆਂ ਲਹਿਰਾਂ ਉੱਠਦੀਆਂ ਹਨ। ਉਹਨਾਂ ਲਹਿਰਾਂ ਵਿਚੋਂ ਦੀ ਕੋਈ ਵਿਰਲਾ ਸਿਆਣਾ ਕਪਤਾਨ ਹੀ ਆਪਣੇ ਜਹਾਜ਼ ਨੂੰ ਸਹੀ ਸਲਾਮਤ ਲੰਘਾ ਸਕਦਾ ਹੈ।

ਸੰਸਾਰ ਸਮੁੰਦਰ ਵਿਚ ਮਾਇਆ ਦੇ ਮੋਹ ਦਾ ਤੂਫਾਨ ਆਇਆ ਹੋਇਆ ਹੈ, ਲੋਭ ਦੀਆਂ ਲਹਿਰਾਂ ਉੱਠ ਰਹੀਆਂ ਹਨ। ਗੁਰੂ ਪਰਤਾਤਮਾ ਦਾ ਆਸਰਾ ਲਿਆਂ ਹੀ ਮਨੁੱਖ ਦੇ ਗਿਆਨ-ਇੰਦ੍ਰੇ ਡੁੱਬਣੋਂ ਬਚ ਸਕਦੇ ਹਨ :

ਲੋਭ ਲਹਰਿ ਅਤਿ ਨੀਝਰ ਬਾਜੈ ॥
ਕਾਇਆ ਡੂਬੈ ਕੇਸਵਾ ॥੧॥
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ॥
ਤਾਰਿ ਲੈ ਬਾਪ ਬੀਠੁਲਾ ॥ (ਬਸੰਤ ਨਾਮਦੇਵ ੧੧੯੬)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਓਪਰਾ ਪਰਦੇਸੀ ਕਿਸੇ ਸੰਘਣੇ ਜੰਗਲ ਵਿਚ ਰਾਹੋਂ ਖੁੰਝ ਜਾਏ ਤੇ ਜੰਗਲ ਵਿਚ ਉਸ ਨੂੰ ਕੋਈ ਵੱਡਾ ਭਾਰਾ ਅਯਦਹਾ ਟੱਕਰ ਪਏ, ਅਯਦਹਾ ਨੂੰ ਵੇਖ ਕੇ ਉਸ ਨੂੰ ਸੱਤੇ ਸੁਧਾਂ ਭੁੱਲ ਜਾਂਦੀਆਂ ਹਨ। ਅਯਦਹਾ ਨਿਹੱਥੇ ਮਨੁੱਖ ਨੂੰ ਆਪਣੇ ਵੱਡੇ ਮੂੰਹ ਵਿਚ ਹੜੱਪ ਕਰ ਜਾਂਦਾ ਹੈ। ਪਰ ਜਿਸ ਮਨੁੱਖ ਨੂੰ ਗਾਰੁੜ ਮੰਤ੍ਰ ਆਉਂਦਾ ਹੋਵੇ, ਕੋਈ ਭੀ ਸੱਪ ਉਸ ਉਤੇ ਵਾਰ ਨਹੀਂ ਕਰ ਸਕਦਾ।

ਸੰਸਾਰ-ਜੰਗਲ ਵਿਚ ਹਉਮੈ ਦਾ ਅਯਦਹਾ ਮੂੰਹ ਅੱਡੀ ਖੜ੍ਹਾ ਹੈ। ਜਿਸ ਮਨੁੱਖ ਨੇ ਗੁਰ-ਸ਼ਬਦ ਦਾ ਗਾਰੁੜ ਮੰਤ੍ਰ ਆਪਣੇ ਹਿਰਦੇ ਵਿਚ ਟਿਕਾਇਆ ਹੋਇਆ ਹੈ, ਉਸ ਨੂੰ ਹਉਮੈ-ਅਯਦਹਾ ਨਿਗਲ ਨਹੀਂ ਸਕਦਾ। (ਗਰੁੜ ਮੰਤ੍ਰ-ਸੱਪ ਨੂੰ ਵੱਸ ਵਿਚ ਕਰਨਾ ਵਾਲਾ ਇਕ ਮੰਤ੍ਰ) :

ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥
ਗਰੁੜ ਸਬਦੁ ਮੁਖਿ ਪਾਇਆ
ਹਉਮੈ ਬਿਖੁ ਹਰਿ ਮਾਰੀ ॥ (ਮਲਾਰ ਮ. ੩/੧੨੬੦)

ਜੰਗਲ ਵਿਚ ਕੋਈ ਓਪਰਾ ਮੁਸਾਫਿਰ ਰਾਹ ਭੱਲ ਜਾਏ। ਉਸ ਦੀ ਘਬਰਾਹਟ ਉਹੀ ਜਾਣਦਾ ਹੈ। ਕਦਮ ਕਦਮ ਤੇ ਉਸ ਨੂੰ ਡਰ ਲੱਗਦਾ ਹੈ ਕਿ ਕਿਤੇ ਕੋਈ ਜਿੰਦ ਦਾ ਵੈਰੀ ਨਾ ਟੱਕਰ ਜਾਏ।

ਸੰਸਾਰ ਇਕ ਭਿਆਨਕ ਜੰਗਲ ਹੈ। ਕਾਮਾਦਿਕ ਇਥੇ ਆਤਮਕ ਜੀਵਨ ਦੇ ਅਨੇਕਾਂ ਹੀ ਲਾਗੂ ਹਨ। ਇਥੇ ਜਿਸ ਨੂੰ ਹਰਿ-ਨਾਮ ਸਾਥੀ ਮਿਲ ਗਿਆ, ਉਹ ਸਹੀ ਸਲਾਮਤ ਲੰਘ ਗਿਆ :

ਬਨਿ ਭੀਹਾਵਲੈ ਹਿਕੁ ਸਾਥੀ
ਲਧਮੁ ਦੁਖ ਹਰਤਾ ਹਰਿ ਨਾਮਾ ॥
ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥੨॥
(ਗੁਜਰੀ ਕੀ ਵਾਰ ਮ. ੫/੫੧੯)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੇ ਜੰਗਲ ਵਿਚ ਰਾਹੀ ਰਾਹ ਭੁੱਲ ਜਾਏ, ਭਾਦਰੋਂ ਦੀ ਕੜਕਦੀ ਧੁੱਪੇ ਦੁਪੈਹਰ ਵੇਲੇ ਹਵਾ ਬੰਦ ਹੋਵੇ, ਗੁੰਮ ਲੱਗਾ ਹੋਵੇ, ਰਾਹੀ ਦਾ ਦਮ ਘੁੱਟਦਾ ਹੈ। ਸਹਮ ਭੀ ਹੈ ਕਿ ਕੋਈ ਜੰਗਲੀ ਜਾਨਵਰ ਨਾ ਆ ਪਏ।

ਸੰਸਾਰ-ਜੰਗਲ ਵਿਚ ਵਿਕਾਰਾਂ ਦੀ ਤਪਸ਼ ਹੈ। ਜੇ ਪਾਸੇ ਵਲੋਂ ਵੀ ਸਾਂਤੀ ਠੰਢ ਦਾ ਝੋਕਾ ਨਾ ਆਵੇ, ਤਾਂ ਇਸ ਹੁੰਮ ਵਿਚ ਆਤਮਕ ਜੀਵਨ ਘੁੱਟਿਆ ਜਾਂਦਾ ਹੈ। ਜਿੰਨ੍ਹਾਂ ਨੇ ਵਾਹਿਗੁਰੂ ਜੀ ਦਾ ਪੱਲਾ ਫੜਿਆ, ਉਹ ਇਥੇ ਸੌਖਾ ਜੀਵਨ ਗੁਜਾਰ ਗਏ :

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥
ਤਉ ਸਹ ਸੇਤੀ ਲਗੜੀ
ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ ॥੧॥

(ਗੁਜਰੀ ਕੀ ਵਾਰ ਮ. ੫/੫੨੦)

ਕੋਈ ਪਰਦੇਸੀ ਮੁਸਾਫਿਰ ਕਿਸੇ ਜੰਗਲ ਵਿਚ ਵੱਡੇ ਨਾਗ ਦੇ ਕਾਬੂ ਆ ਜਾਏ, ਨਾਗ ਉਸ ਦੇ ਪੈਰਾਂ ਤੋਂ ਵਲੇਵੇ ਮਾਰਦਾ ਸਿਰ ਤੱਕ ਪਹੁੰਚ ਕੇ ਮੱਥੇ ਉਤੇ ਆ ਡੰਗ ਮਾਰਦਾ ਹੈ। ਵਲਾਂ ਵਿਚ ਜਕੜੇ ਮਨੁੱਖ ਦੀ ਕੋਈ ਪੇਸ਼ ਨਹੀਂ ਜਾਂਦੀ।

ਸ਼ਾਮ ਵੇਲੇ ਦੀਵੇ ਜਗਦੇ ਹਨ, ਵਰਖਾ ਰੁੱਤੇ ਪਤੰਗੇ ਧਰਤੀ ਵਿਚੋਂ ਨਿਕਲ ਕੇ ਦੀਵਿਆਂ ਦੀ ਲਾਟ ਉਤੇ ਆ ਸੜਦੇ ਹਨ।

ਤ੍ਰਿਸ਼ਨਾ ਦੀ ਅੱਗ ਉਤੇ ਮਨੁੱਖ ਆਪਣਾ ਆਤਮ ਜੀਵਨ ਸਾੜ ਰਹੇ ਹਨ। ਮਾਇਆ ਨਾਗਨੀ ਵਲ ਪਾ ਕੇ ਆਤਮਕ ਜੀਵਨ ਦੀ ਸੰਘੀ ਘੁੱਟਦੀ ਜਾ ਰਹੀ ਹੈ :

ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥
ਹਉਮੈ ਪਚੇ ਦੀਪਕ ਦੇਖਿ ਪਤੰਗਾ ॥
ਸਗਲ ਸੀਗਾਰ ਕਰੇ ਨਹੀ ਪਾਵੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੪॥

(ਬਿਲਾਵਲ ਮ. ੫/੮੦੧)

ਰਣ-ਭੂਮੀ

ਅਹੰਕਾਰ ਮਨੁੱਖ ਦਾ ਬੜਾ ਡਾਢਾ ਵੈਰੀ ਹੈ। ਜਿਸ ਨੇ ਅਹੰਕਾਰ ਨੂੰ ਮਾਰ ਲਿਆ, ਉਹ ਸੂਰਮਾ ਹੈ। ਉਹ ਵਰਿਆਮ ਹੈ। ਉਸੇ ਦਾ ਜਗਤ ਵਿਚ ਆਉਣਾ ਮੁਬਾਰਿਕ ਹੈ :

ਨਾਨਕ ਸੋ ਸੂਰਾ ਵਰਿਆਮੁ
ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥੧॥

(ਸਿਰੀ ਰਾਗ ਕੀ ਵਾਰ ਮ. ੪/੮੬)

ਰਾਜਸੀ ਤਾਕਤ ਹਾਸਲ ਕਰਨ ਲਈ ਇਸ ਧਰਤੀ ਉਤੇ ਢੇਰ ਪੁਰਾਣੇ ਸਮਿਆਂ ਤੋਂ ਰਜਵਾੜਿਆਂ ਦੇ ਪਰਸਪਰ ਜੰਗ ਹੁੰਦੇ ਚਲੇ ਆ ਰਹੇ ਹਨ। ਜਿਉਂ ਜਿਉਂ ਵਧੀਕ ਸਾਇੰਸ ਉੱਨਤੀ ਕਰ ਰਹੀ ਹੈ ਤਿਉਂ ਤਿਉਂ ਵਧੀਕ ਵਧੀਕ ਮਾਰੂ ਹਥਿਆਰ ਬਣਨ ਦੇ ਕਾਰਨ ਜੰਗਾਂ ਵਿਚ ਵਧੀਕ ਆਹੂ ਲਹਿ ਰਹੇ ਹਨ।

ਆਤਮਕ ਜਗਤ ਵਿਚ ਭੀ ਸਦਾ ਜੰਗ ਹੋ ਰਿਹਾ ਹੈ। ਕਾਮਾਦਿਕ ਮਨੁੱਖ ਦੇ ਆਤਮਾ ਉਤੇ ਰਾਜ ਕਾਇਮ ਕਰਨ ਦਾ ਜਤਨ ਕਰਦੇ ਰਹਿੰਦੇ ਹਨ।

ਹਾਥੀ ਨੂੰ ਮਹਾਵਤ ਕੁੰਡੇ ਹੇਠ ਰੱਖਦਾ ਹੈ। ਅਹਿਰਣ ਲੋਹਾਰ ਦੇ ਵਦਾਨ ਦੀਆਂ ਸੱਟਾਂ ਸਹਾਰਦੀ ਹੈ। ਜੋ ਮਨੁੱਖ ਏਸੇ ਤਰ੍ਹਾਂ ਆਪਣਾ ਮਨ ਗੁਰੂ ਦੇ ਹਵਾਲੇ ਕਰ ਦੇਂਦਾ ਹੈ, ਉਹ ਆਤਮਕ ਜਗਤ ਵਿਚ ਕਾਮਾਦਿਕਾਂ ਉਤੇ ਬਲੀ ਹੋ ਜਾਂਦਾ ਹੈ :

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭੁ ਰਾਜੁ ਸ੍ਰਿਸਟਿ ਕਾ ਲੇਇ ॥ (ਸੋਰਠਿ ਵਾਰ ਮ. ੩/੬੪੮)

ਅਸਲ ਸੂਰਮੇ ਉਹ ਹਨ ਜੋ ਆਪਣੇ ਮਨ ਨਾਲ ਜੰਗ ਕਰਦੇ ਹਨ। ਜਿਨ੍ਹਾਂ ਨੇ ਮੰਨ ਨੂੰ ਜਿੱਤ ਲਿਆ, ਉਹਨਾਂ, ਮਾਨੋ, ਜਗਤ ਜਿੱਤ ਲਿਆ। ਜਗਤ ਦਾ ਕੋਈ ਪਦਾਰਥ ਉਹਨਾਂ ਨੂੰ ਮੋਹ ਨਹੀਂ ਸਕਦਾ :

ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥
(ਮਾਰੂ ਵਾਰ ਮ. ੩/੧੦੮੯)

ਤਾਕਤ ਹਕੂਮਤ ਦੇ ਮਾਣ ਵਿਚ ਮੱਤੇ ਹੋਏ ਜਰਵਾਣੇ ਫੌਜਾਂ ਇਕੱਠੀਆਂ ਕਰਕੇ ਦੂਜਿਆਂ ਉਤੇ ਜਾ ਹੱਲੇ ਕਰਦੇ ਹਨ। ਉਹਨਾਂ ਨੂੰ ਸੂਰਮੇ ਨਹੀਂ ਕਹੀਦਾ। ਵਾਹਿਗੁਰੂ ਜੀ ਨੂੰ ਇਹ ਅਹੰਕਾਰ ਆਕੜ ਪਸੰਦ ਨਹੀਂ :

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
(ਮਾਰੂ ਵਾਰ ਮ. ੩/੧੦੮੯)

ਮਾਇਆ ਦੇ ਮੋਹ ਵਿਚ ਦੁਨੀਆ ਸੁੱਤੀ ਪਈ ਹੈ। ਕਾਮਾਦਿਕ ਚੋਰ ਸ਼ੁਭ ਗੁਣਾਂ ਦੀ ਰਾਸ-ਪੂੰਜੀ ਲੁੱਟੀ ਜਾ ਰਹੇ ਹਨ। ਜਿਸ ਵਿਰਲੇ ਨੇ ਗਿਆਨ ਦੀ ਤਲਵਾਰ ਨਾਲ ਇਹਨਾਂ ਪੰਜਾਂ ਦਾ ਸਿਰ ਲਾਹ ਦਿੱਤਾ, ਉਹ ਜਾਗ ਪਿਆ ਸਮਝੋ :

ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਈ ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥੧੪॥
(ਵਾਰਾਂ ਤੇ ਵਧੀਕ ਮ. ੩/੧੪੧੪)

ਕਾਮਾਦਿਕ ਮਾਇਆ ਨੇ ਅਨੇਕਾਂ ਸੂਰਮੇਂ ਮਨੁੱਖ ਉਤੇ ਹੱਲੇ ਕਰਦੇ ਰਹਿੰਦੇ ਹਨ।

ਗੁਰੂ ਜੀ ਨੇ ਸਤਿਸੰਗ-ਰੂਪ ਇਕ ਕਿਲ੍ਹਾ ਤਿਆਰ ਕਰ ਦਿੱਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਸੰਗੀ ਇਸ ਕਿਲ੍ਹੇ ਦੇ ਰਾਖੇ ਹਨ। ਇਸ ਕਿਲ੍ਹੇ ਦੀ ਓਟ ਲੈਣ ਵਾਲਾ ਮਨੁੱਖ ਮਾਇਆ ਦੇ ਸੂਰਮਿਆਂ ਦੀ ਮਾਰ ਤੋਂ ਬਚ ਜਾਂਦਾ ਹੈ :

ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ ॥
ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥

(ਸੋਰਠਿ ਕੀ ਵਾਰ ਮ. ੪/੬੫੩)

ਇਸ ਸਰੀਰ ਦੀ ਪਾਂਇਆਂ ਤਾਂ ਇਤਨੀ ਹੀ ਹੈ ਜਿਤਨੀ ਰੁੱਖ ਦੀ ਛਾਂ ਦੀ। ਪਰ ਮਾਇਆ ਨੇ ਇਸ ਨੂੰ ਪੱਕਾ ਕਿਲ੍ਹਾ ਬਣਾ ਕੇ ਇਸ ਵਿਚ ਹਰਿ ਨਾਮ ਧਨ ਨੂੰ ਆਪਣੇ ਕਾਬੂ ਕੀਤਾ ਹੋਇਆ ਹੈ।

ਇਹ ਕਿਲ੍ਹਾ ਉਹੀ ਵਡਭਾਗੀ ਸਰ ਕਰ ਸਕਦਾ ਹੈ ਜੋ ਗੁਰੂ ਜੀ ਦੇ ਸ਼ਬਦ ਦਾ ਆਸਰਾ ਲੈਂਦਾ ਹੈ :

ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥
ਹਰਿ ਹਰਿ ਵਸਤੁ ਮਾਇਆ ਗੜ੍ਹਿ ਵੇੜ੍ਹੀ
ਗੁਰ ਕੈ ਸਬਦਿ ਲੀਓ ਗੜੁ ਜੀਤਿ ॥੧॥ਰਹਾਉ॥

(ਕਾਨੜਾ ਮ. ੪/੧੨੯੫)

ਸੰਸਾਰ ਰਣ-ਭੂਮੀ ਵਿਚ ਉਹੀ ਮਨੁੱਖ ਸੂਰਮਾ ਸਮਝੋ ਜਿਸ ਨੇ ਮਨ ਨੂੰ ਜਿੱਤ ਲਿਆ, ਜਿਸ ਨੇ ਹਉਮੈ ਨੂੰ ਪਛਾੜ ਦਿੱਤਾ :

ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥
ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥

(ਗਉੜੀ ਬ. ਅਖਰੀ ਮ. ੫/੨੫੬)

ਕਾਮਾਦਿਕ ਵਿਕਾਰ ਮਨੁੱਖ ਦੇ ਮਨ ਉਤੇ ਮੁੜ ਮੁੜ ਹੱਲਾ ਕਰਦੇ ਹਨ। ਜਿਸ ਮਨੁੱਖ ਨੇ ਗੁਰੂ ਦੀ ਸਿਖਿਆ ਤੇ ਤੁਰ ਕੇ ਵਾਹਿਗੁਰੂ ਜੀ ਦੀ ਸਿਫਤਿ-ਸਲਾਹ ਦੇ ਤੀਰ ਚਲਾਏ, ਉਸ ਦੇ ਨੇੜੇ ਨਹੀਂ ਢੁਕਦੇ :

ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ ਕੈ ॥
ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥

(ਵਾਰ ਗੁਜਰੀ ਮ. ੫/੫੨੧)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛਲੇ ਸਮਿਆਂ ਵਿਚ ਰਾਜੇ ਮਹਾਂਰਾਜੇ ਆਪਣੀ ਰਾਜਧਾਨੀ ਦੀ ਰਾਖੀ ਲਈ ਕਿਲ੍ਹੇ ਉਸਾਰਦੇ ਸਨ, ਕਿਲ੍ਹਿਆਂ ਦੇ ਉਦਾਲੇ ਚੌੜੀ ਤੇ ਡੂੰਘੀ ਖਾਈ ਬਣਾਈ ਜਾਂਦੀ ਸੀ, ਜੋ ਸਦਾ ਪਾਣੀ ਨਾਲ ਭਰੀ ਰਹਿੰਦੀ ਸੀ, ਤਾਕਿ ਵੈਰੀ-ਦਲ ਕਿਸੇ ਪਾਸੇ ਵਲੋਂ ਕਿਲ੍ਹੇ ਦੀ ਫਸੀਲ ਦੇ ਨੇੜੇ ਨਾ ਢੁਕ ਸਕੇ।

ਮਨੁੱਖ ਦਾ ਮਾਇਆ-ਵੇੜਿਆ ਮਨ ਸਰੀਰ-ਨਗਰ ਵਿਚ ਆਕੀ ਹੋ ਬੈਠਦਾ ਹੈ, ਭਰਮ ਦੇ ਕਿਲ੍ਹੇ ਵਿਚ ਆਪਣੇ ਆਪ ਨੂੰ ਸੁਰੱਖਿਅਤ ਕਰ ਲੈਂਦਾ ਹੈ, ਮਾਇਆ ਦਾ ਮੋਹ ਉਸ ਕਿਲ੍ਹੇ ਦੇ ਦੁਆਲੇ ਖਾਈ ਹੈ। ਕਾਮਾਦਿਕ ਸੂਰਮੇ ਇਸ ਦੀ ਮੱਦਦ ਕਰਦੇ ਹਨ। ਬੜੇ ਬੜੇ ਤਪੀਆਂ ਨੂੰ ਭੀ ਇਹ ਜ਼ੇਰ ਕਰ ਲੈਂਦਾ ਹੈ।

ਗੁਰੂ ਦੀ ਸ਼ਰਨ ਪੈ ਕੇ ਵਾਹਿਗੁਰੂ ਜੀ ਦਾ ਨਾਮ ਜਪਿਆਂ ਹੀ ਜਿੱਤ ਹਾਸਲ ਕੀਤੀ ਜਾ ਸਕਦੀ ਹੈ :

ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥
ਫਉਜ ਸਤਾਣੀ ਹਾਠ ਪੰਚਾ ਜੋੜੀਐ ॥
ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥
ਜਿਣਿ ਜਿਣਿ ਲੈਨਿ ਰਸਾਇ ਏਹੋ ਏਨਾ ਲੋੜੀਐ ॥
ਤ੍ਰੈ ਗੁਣ ਇਨ ਕੈ ਵਸਿ ਕਿਨੈ ਨਾ ਮੋੜੀਐ ॥
ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥
ਗੁਰੁ ਪੂਰਾ ਆਰਾਧਿ ਬਿਖਮ ਫਲੁ ਫੋੜੀਐ ॥
ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਆ ॥੧੫।

(ਵਾਰ ਗੂਜਰੀ ਮ. ੫/੫੨੨)

ਸੰਸਾਰ ਇਕ ਰਣ-ਭੂਮੀ ਹੈ। ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦਿਕ ਅਨੇਕਾਂ ਵਿਕਾਰ ਜਗਤ ਦੇ ਸੁੰਦਰ ਮਨ-ਮੋਹਣੇ ਪਦਾਰਥਾਂ ਦੀ ਰਾਹੀਂ ਮਨੁੱਖ ਦੇ ਮਨ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਹ ਜੰਗ ਸਦਾ ਹੀ ਲੱਗਾ ਰਹਿੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਦੀ ਸਹਾਇਤਾ ਨਾਲ ਜੋ ਮਨੁੱਖ ਵਾਹਿਗੁਰੂ-ਪਿਆਰ ਆਪਣੇ ਅੰਦਰ ਵਸਾਉਂਦਾ ਹੈ, ਉਸ ਦਾ ਮਨ ਟਿਕਾਣੇ-ਸਿਰ ਰਹਿੰਦਾ ਹੈ, ਤੇ ਇਸ ਆਤਮਕ ਜੰਗ ਵਿਚ ਹਾਰ ਨਹੀਂ ਖਾਂਦਾ :

ਜਾ ਕਉ ਹਰਿ ਰੰਗੁ ਲਾਗੋ
ਇਸੁ ਜਗੁ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ
ਜਾ ਕਾ ਸਤਿਗੁਰੁ ਪੂਰਾ ॥ (ਧਨਾਸਰੀ ਮ. ੫/੬੮੦)

ਪੱਕਾ ਕਿਲ੍ਹਾ ਹੋਵੇ, ਦੁਆਲੇ ਦੋਹਰੀਆਂ ਫਸੀਲਾਂ ਅਤੇ ਤੇਹਰੀਆਂ ਖਾਈਆਂ ਹੋਣ। ਕਿਲ੍ਹੇ ਦਾ ਦਰਵਾਜ਼ਾ ਬਹੁਤ ਕਰੜਾ ਤੇ ਮਜਬੂਤ ਹੋਵੇ, ਉਸ ਉਤੇ ਰਾਖੇ ਭੀ ਬੜੇ ਲੜਾਕੇ ਸੂਰਮੇ ਬਿਠਾਏ ਹੋਣ। ਅਜਿਹੇ ਕਿਲ੍ਹੇ ਵਿਚ ਬੈਠੇ ਆਕੀ ਵੈਰੀ ਨੂੰ ਜਿੱਤਣਾ ਸੌਖੀ ਖੇਡ ਨਹੀਂ ਹੈ।

ਇਹ ਸਰੀਰ ਕਿਲ੍ਹਾ ਹੈ। ਦ੍ਵੈਤ (ਮੇਰ ਤੇਰ) ਦੀਆਂ ਫਸੀਲਾਂ, ਮਾਇਆ ਦੇ ਤਿੰਨ ਗੁਣਾਂ ਦੀਆਂ ਖਾਈਆਂ ਹਨ। ਕਾਮ ਤੇ ਕ੍ਰੋਧ ਦਰਬਾਨ ਹਨ। ਕਿਲ੍ਹੇ-ਸਰੀਰ ਦੇ ਅੰਦਰ ਮਨ ਆਕੀ ਹੋ ਬੈਠਦਾ ਹੈ। ਮਮਤਾ ਦਾ ਟੋਪ ਪਾਈ ਬੈਠਾ ਹੈ। ਕੁਬੁਧਿ ਦੀ ਉਸ ਨੇ ਕਮਾਣ ਕੱਸੀ ਹੋਈ ਹੈ, ਅੰਦਰੋਂ ਬੈਠਾ ਤ੍ਰਿਸ਼ਨਾ ਦੇ ਤੀਰ ਚਲਾ ਰਿਹਾ ਹੈ।

ਜਿਸ ਨੇ ਗੁਰੂ ਦੀ ਸਹਾਇਤਾ ਨਾਲ ਗਿਆਨ ਦਾ ਗੋਲਾ ਚਲਾਇਆ, ਪ੍ਰੇਮ ਦਾ ਪਲੀਤਾ ਲਾਇਆ, ਸੁਰਤਿ ਦੀ ਹਵਾਈ ਚਾੜ੍ਹੀ, ਸਤ ਸੰਤੋਖ ਸ਼ਸਤ੍ਰ ਫੜੇ, ਸਾਧ ਸੰਗਤ ਦੀ ਫੌਜ ਦਾ ਆਸਰਾ ਲਿਆ, ਉਸ ਨੇ ਇਸ ਗੜ੍ਹ-ਸਰੀਰ ਦੇ ਰਾਜੇ ਮਨ ਨੂੰ ਜਿੱਤ ਲਿਆ :

ਕਿਉ ਲੀਜੈ ਗਢੁ ਬੰਕਾ ਭਾਈ ॥
ਦੋਵਰ ਕੋਟ ਅਰੁ ਤੇਵਰ ਖਾਈ ॥੧॥ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ
ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੂਖੁ ਸੁਖੁ ਦਰਵਾਨੀ
ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ
ਤਹ ਮਨੁ ਮਾਵਾਸੀ ਰਾਜਾ ॥੨॥

ਸ੍ਵਾਦ ਸਨਾਹ ਟੋਪੁ ਮਮਤਾ ਕੋ
ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ
ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ
ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ
ਏਕਹਿ ਚੋਟ ਸਿਝਾਇਆ ॥੪॥

ਸਤੁ ਸੰਤੋਖੁ ਲੈ ਲਰਨੇ ਲਾਗਾ
ਤੋਰੇ ਦੁਇ ਦਰਵਾਜਾ ॥
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ
ਪਕਰਿਓ ਸਢ ਕੋ ਰਾਜਾ ॥ (ਭੈਰਉ ਕਬੀਰ ਜੀ/੧੧੬੧)

ਭੱਟ ਸਲ੍ਹ ਆਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਸੰਸਾਰ ਰਣ ਭੂਮੀ ਵਿਚ ਕਾਮਾਦਿਕ ਵੈਰੀਆਂ ਦੇ ਦਲ ਨੂੰ ਜਿੱਤ ਲਿਆ। ਗੁਰੂ ਅਮਰਦਾਸ ਜੀ ਨੇ ਸਮਾਧੀ ਦੀ ਸੰਜੋਅ ਪਹਿਨ ਲਈ, ਗਿਆਨ ਦੇ ਘੋੜੇ ਉਤੇ ਅਸਵਾਰ ਹੋਇਆ, ਧਰਮ ਦਾ ਧਨੁੱਖ ਹੱਥ ਵਿਚ ਫੜ ਲਿਆ, ਮਿੱਠੇ ਸੁਭਾਵ ਦਾ ਤੀਰ ਮਾਰਿਆ, ਗੁਰੂ-ਸ਼ਬਦ ਦਾ ਨੇਜ਼ਾ ਵੈਰੀਆਂ ਉਤੇ ਚਲਾਇਆ। ਇਸ ਤਰ੍ਹਾਂ ਪੰਜੇ ਹੀ ਵੈਰੀ ਟੋਟੇ ਟੋਟੇ ਹੋ ਗਏ :

ਪਹਿਰਿ ਸਮਾਧਿ ਸਨਾਹੁ
ਗਿਆਨਿ ਹੈ ਆਸਣਿ ਚੜਿਅਉ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧ੍ਰੰਮ ਧਨਖੁ ਕਰ ਗਹਿਓ
ਭਗਤ ਸੀਲਹ ਸਰਿ ਲੜਿਅਉ ॥
ਭੈ ਨਿਰਭਉ ਹਰਿ ਅਟਲੁ ਮਨਿ
ਸਬਦਿ ਗੁਰ ਨੇਜਾ ਗਡਿਓ ॥
ਕਾਮ ਕ੍ਰੋਧ ਲੋਭ ਮੋਹ ਅਪਤੁ,
ਪੰਚ ਦੂਤ ਬਿਖੰਡਿਓ ॥ (ਸਵਈਏ ਮ. ਤੀਜੇ ਕੇ ੧੩੯੬)

ਭੱਟ ਸਲ੍ਹ ਦੀਆਂ ਨਜ਼ਰਾਂ ਵਿਚ ਗੁਰੂ ਰਾਮਦਾਸ ਇਕ ਬਲੀ ਸੂਰਮਾ ਹੈ, ਜਿਸ ਨੇ ਮੋਹ ਨੂੰ ਜਿੱਤ ਲਿਆ, ਜਿਸ ਨੇ ਨਾਮ ਨੂੰ ਭੁੰਞੇ ਪਟਕਾਇਆ, ਜਿਸ ਨੇ ਕ੍ਰੋਧ ਦੇ ਟੋਟੇ ਕਰ ਦਿੱਤੇ ਅਤੇ ਜਿਸ ਨੇ ਲੋਭ ਨੂੰ ਝਿੜਕ ਕੇ ਪਰੇ ਦੁਰਕਾਰ ਦਿੱਤਾ :

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ ॥
ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ ॥੧॥੫੯॥
(ਸਵਈਏ ਮ. ਚੌਥੇ ਕੇ ੧੪੦੯)

ਫੁਲਵਾੜੀ

ਜੰਗਲ ਵਿਚ ਅਨੇਕਾਂ ਕਿਸਮਾਂ ਦੇ ਰੁੱਖ ਆਪੇ ਉੱਗ ਪੈਂਦੇ ਹਨ, ਅਤੇ ਵਰਖਾ ਦੇ ਸਿਰ ਤੇ ਆਪੇ ਪਲ ਜਾਂਦੇ ਹਨ। ਪਰ ਫੁਲਵਾੜੀਆਂ ਤੇ ਬਗੀਚੀਆਂ ਦੇ ਬੂਟੇ ਬਹੁਤ ਕੋਮਲ ਹੁੰਦੇ ਹਨ। ਉਹਨਾਂ ਦੀ ਪਾਲਣਾ ਕਰਨ ਲਈ ਮਾਲਕ ਨੂੰ ਖਾਸ ਧਿਆਨ ਦੇਣਾ ਪੈਂਦਾ ਹੈ, ਮਾਲੀ ਰੱਖਣਾ ਪੈਂਦਾ ਹੈ ਜੋ ਉਹਨਾਂ ਦੀ ਗੋਡੀ ਆਦਿਕ ਹਰੇਕ ਕਿਸਮ ਦੀ ਸੰਭਾਲ ਕਰਦਾ ਹੈ। ਫਾਲਤੂ ਹਾਨੀਕਾਰਕ ਘਾਹ-ਬੂਟ ਪੁੱਟਣਾ ਹੁੰਦਾ ਹੈ, ਅਤੇ ਬੂਟਿਆਂ ਨੂੰ ਕਈ ਰੋਗਾਂ ਤੋਂ ਬਚਾਉਣਾ ਹੁੰਦਾ ਹੈ। ਵੇਲੇ ਸਿਰ ਪਾਣੀ ਦੇਣ ਦੀ ਭੀ ਲੋੜ ਹੁੰਦੀ ਹੈ।

ਇਹ ਜਗਤ ਫੁਲਵਾੜੀ ਹੈ। ਸਿਰਜਣਹਾਰ-ਕਰਤਾਰ ਆਪ ਇਸ ਦਾ ਮਾਲੀ ਹੈ। ਸਭ ਦੀ ਸੰਭਾਲ ਕਰਦਾ ਹੈ। ਫੁੱਲਾਂ ਦੀਆਂ ਵੱਖ ਵੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਗੰਧੀਆਂ, ਜੀਆਂ ਦੇ ਵੱਖ ਵੱਖ ਸੁਭਾਵ :

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥
ਸਦਾ ਸਮਾਲੇ ਕੋ ਨਾਹੀ ਖਾਲੀ ॥
ਜੇਹੀ ਵਾਸਨਾ ਪਾਏ ਤੇਹੀ
ਵਰਤੈ ਵਾਸੁ ਵਾਸੁ ਜਣਾਵਣਿਆ ॥ (ਮਾਝ ਮ. ੩/੧੧੯)

ਇਸ ਸੋਹਣੀ ਧਰਤੀ ਉਤੇ ਵਿਕਾਰਾਂ ਦਾ ਵਿਹੁਲਾ ਬਗੀਚਾ ਭੀ ਹੈ। ਜੋ ਮਨੁੱਖ ਗੁਰੂ ਜੀ ਦੇ ਦੱਸੇ ਰਾਹ ਤੇ ਤੁਰਦੇ ਹਨ, ਉਹਨਾਂ ਨੂੰ ਇਹ ਵਿਕਾਰ ਮੋਹ ਨਹੀਂ ਸਕਦੇ :

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ॥
ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ ॥੧॥
(ਵਾਰ ਰਾਮਕਲੀ ਮ. ੫/੯੬੬)

ਸ਼ਹਿਰਾਂ ਦੀ ਸੰਘਣੀ ਵੱਸੋਂ ਵਿਚ ਸ਼ਹਿਰੀਆਂ ਨੂੰ ਜਾਹ ਕਿਤੇ ਖੁਲ੍ਹੀ ਹਵਾ ਅਤੇ ਨਾ ਹੀ ਕਿਤੇ ਸੈਰ ਨੂੰ ਥਾਂ। ਸਾਰਿਆਂ ਦੀ ਇਹ ਔਖਿਆਈ ਦੂਰ ਕਰਨ ਲਈ ਮਿਊਂਸਿਪਲ ਕਮੇਟੀ ਵਲੋਂ ਸ਼ਹਿਰ ਦੇ ਦੁਆਲੇ ਫੁੱਲਾਂ ਦੇ ਬਗੀਚਿਆਂ ਅਤੇ ਫੁਲਵਾੜੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਪਰ ਇਹ ਫੁੱਲ ਤੋੜਨ ਦੀ ਮਨਾਹੀ ਹੁੰਦੀ ਹੈ। ਨਹੀਂ ਤਾਂ ਫੁਲਵਾੜੀਆਂ ਵਿਚ ਕਿਤੇ ਇਕ ਫੁੱਲ ਭੀ ਨਾ ਰਹਿ ਜਾਏ। ਸਾਊ ਸ਼ਹਿਰੀ ਦਾ ਇਹ ਫ਼ਰਜ ਹੁੰਦਾ ਹੈ ਕਿ ਕਿਸੇ ਫੁੱਲ ਵੱਲ ਕੈਰੀ ਅੱਖੋ ਨਾ ਵੇਖੇ।

ਜਗਤ ਫੁਲਵਾੜੀ ਹੈ। ਇਸਤ੍ਰੀ ਇਸ ਫੁਲਵਾੜੀ ਦਾ ਸੁੰਦਰ ਫੁੱਲ ਹੈ। ਮਨੁੱਖ ਨੇ ਪਰਾਏ ਫੁੱਲ ਵੱਲ ਭੈੜੀ ਨਿਗਾਹ ਨਾਲ ਨਹੀਂ ਤੱਕਣਾ :

ਕਿਆ ਗਾਲਾਇਓ ਭੂਛ
ਪਰ ਵੇਲਿ ਨ ਜੋਹੇ ਕੰਤ ਤੂ ॥
ਨਾਨਕ ਫੁਲਾ ਸੰਦੀ ਵਾੜਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਿੜਿਆ ਹਭੁ ਸੰਸਾਰੁ ਜਿਉ ॥

(ਮਾਰੂ ਵਾਰ ਮ. ੫/੧੦੯੫)

ਖੇਲ ਅਖਾੜਾ

ਸਿੰਞ ਦਾ ਢੋਲ ਕਈ ਦਿਨ ਪਹਿਲਾਂ ਹੀ ਵੱਜਣ ਲੱਗ ਪੈਂਦਾ ਹੈ, ਖਲਕਤ ਵੇਖਣ ਨੂੰ ਆ ਇਕੱਠੀ ਹੁੰਦੀ ਹੈ। ਪਿੜ ਬੱਝਣ ਤੇ ਆਪੋ ਆਪਣੇ ਧੜੇ ਦੇ ਪਹਿਲਵਾਨ ਰਲ ਕੇ ਫੇਰੀ ਲੈਂਦੇ ਹਨ। ਉਹਨਾਂ ਦੇ ਸੁਡੌਲ ਜੁੱਸੇ ਵੇਖ ਵੇਖ ਕੇ ਲੋਕ ਵਾਹ ਵਾਹ ਪਏ ਕਰਦੇ ਹਨ। ਜਿੱਤਣ ਵਾਲਿਆਂ ਨੂੰ ਸਾਥੀ ਥਾਪੀ ਦੇਂਦੇ ਹਨ, ਅਖਾੜੇ ਦੇ ਚੌਧਰੀਆਂ ਪਾਸੋਂ ਮਾਲੀ ਮਿਲਦੀ ਹੈ।

ਸੰਸਾਰ-ਅਖਾੜੇ ਵਿਚ ਜਿਸ ਨੇ ਪੰਜ ਕਾਮਾਦਿਕਾਂ ਦੀ ਪਿੱਠ ਲਾ ਦਿੱਤੀ, ਉਸ ਨੂੰ ਗੁਰੂ ਥਾਪੀ ਦੇਂਦਾ ਹੈ :

ਤੁਸੀ ਭੋਗਿਹੁ ਭੁੰਚਹੁ ਭਾਈ ਹੋ ॥
ਗੁਰਿ ਦੀਬਾਣਿ ਕਵਾਇ ਪੈਨਾਈਓ ॥
ਹਉ ਹੋਆ ਮਾਹਰੁ ਪਿੰਡ ਦਾ ਬੰਨਿ
ਆਦੇ ਪੰਜਿ ਸਰੀਕ ਜੀਉ ॥ (ਸਿਰੀ ਰਾਗੁ ਮ. ੫/੭੩)

ਤੁਰਨੇ—ਸਿਰ ਚੌਧਰੀ ਪਿੰਡਾਂ ਵਿਚ ਛਿੰਝਾਂ ਪਵਾਉਂਦੇ ਹਨ। ਆਸ ਪਾਸ ਦੇ ਘੁਲਾਟੀਏ ਪਹਿਲਵਾਨ ਕੁਸ਼ਤੀਆਂ ਲੜਨ ਆਉਂਦੇ ਹਨ। ਪਿੜ ਬੱਝਦਾ ਹੈ। ਪਹਿਲਵਾਨ ਘੁਲਦੇ ਹਨ। ਜਿੱਤਣ ਵਾਲੇ ਨੂੰ ਮਾਲੀ ਮਿਲਦੀ ਹੈ।

ਇਹ ਜਗਤ ਅਖਾੜਾ ਹੈ, ਵਾਹਿਗੁਰੂ ਜੀ ਦਾ ਰਚਿਆ ਹੋਇਆ। ਸਭ ਜੀਵ ਇਸ ਅਖਾੜੇ ਦੇ ਪਹਿਲਵਾਨ ਹਨ। ਕਾਮਾਦਿਕਾਂ ਨਾਲ ਕੁਸ਼ਤੀਆਂ ਹੋ ਰਹੀਆਂ ਹਨ। ਜਿਹੜਾ ਬੰਦਾ ਇਹਨਾਂ ਨੂੰ ਪਛਾੜ ਲੈਂਦਾ ਹੈ, ਉਸ ਨੂੰ ਅਖਾੜੇ ਦੇ ਮਾਲਕ ਪਾਸੋਂ ਆਦਰ ਮਿਲਦਾ ਹੈ :

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੂ ਮੇਰੀ ਓਟ ਤੂ ਹੈ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ ॥ (ਮਾਝ ਮ. ੫/੧੦੩)

ਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਖੇਲ ਅਕਾਲ ਪੁਰਖ ! ਪਾਰਬ੍ਰਹਮ ਪਰਮੇਸਰ ਦਾ ਆਪਣਾ ਖੇਲ ਹੈ, ਇਸ ਖੇਲ ਨੂੰ ਉਹ ਆਪ ਹੀ ਕਰਦਾ ਹੈ ਤੇ ਆਪ ਹੀ ਦੇਖਦਾ ਹੈ । ਇਸ ਤਰ੍ਹਾਂ ਆਪ ਜਦ ਚਾਹੇ ਇਸ ਖੇਲ ਨੂੰ ਸੰਕੋਚ ਲਵੇ । ਜਦ ਸੰਕੋਚਦਾ ਹੈ ਤਦ ਫਿਰ ਇਕੋ ਦਾ ਇਕ, ਭਾਵ ਉਸੇ ਤਰ੍ਹਾਂ ਇਕੱਲ ਦਾ ਇਕੱਲਾ ਹੁੰਦਾ ਹੈ :

ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥
(ਗਉੜੀ ਸੁਖਮਨੀ ਮ. ੫/੨੯੨)

ਜਿਥੇ ਨਿਰਾਕਾਰ ! ਪਾਰਬ੍ਰਹਮ ! ਪਰਮੇਸ਼ਰ ਆਪ ਹੈ, ਤਿਥੇ ਉਸ ਦਾ ਭਗਤ ਉਸੇ ਰੂਪ ਵਿਚ ਹੈ । ਜਿਥੇ ਪਸਰਦਾ ਹੈ ਉਥੇ ਸੰਤਾਂ ਦੇ ਪ੍ਰਤਾਪ ਲਈ ਹੀ ਹੁੰਦਾ ਹੈ । ਦੁਹਾਂ ਪੱਖਾਂ ਦਾ ਆਪ ਹੀ ਸੁਆਮੀ ਹੈ, ਉਨ੍ਹਾਂ ਦੀ ਸੋਭਾ ਉਨ੍ਹਾਂ ਨੂੰ ਹੀ ਬਣਦੀ ਹੈ, ਭਾਵ : ਆਪੇ ਦਾ ਤੇ ਮੌਤ ਦਾ । ਇਹ ਲੀਲ੍ਹਾ ਉਹ ਆਪ ਹੀ ਕਰਦਾ ਹੈ, ਕਿਉਂ ਕਰਦਾ ਹੈ ? ਉੱਤਰ : ਇਹ ਉਸ ਦੇ ਚੋਜ ਹਨ, ਪਰ ਲਿਪਾਇਮਾਨਤਾ ਦੇ ਨਹੀਂ, ਕਿਉਂਕਿ ਖੇਲ ਕਰਦਾ ਉਹ ਇਨ੍ਹਾਂ ਦੇ ਰਸ ਨੂੰ ਆਪ ਭੋਗਦਾ ਭੀ ਹੈ, ਤੇ ਫੇਰ ਇਨ੍ਹਾਂ ਤੋਂ ਅਸੰਗ ਵੀ ਹੈ। ਜਿਸ ਨੂੰ ਭਾਉਂਦਾ ਹੈ, ਉਸ ਨੂੰ ਆਪਣੇ ਨਾਮ ਵਿਚ ਲਾ ਲੈਂਦਾ ਹੈ। ਜਿਸ ਨੂੰ ਭਾਉਂਦਾ ਹੈ ਉਸ ਨੂੰ ਜਗਤ ਦੀ ਖੇਡ ਖਿਡਾਉਂਦਾ ਹੈ। ਉਹ ਸਾਡਿਆਂ ਹਿਸਾਬਾਂ ਤੋਂ ਪਰੇ ਸਾਡੀ ਟੋਹ ਲੱਗ ਸਕਣ ਤੋਂ ਅਥਾਹ, ਸਾਡੇ ਕਿਆਸਾਂ ਗਿਣਤੀਆਂ ਤੋਂ ਅਣਗਿਣਤ ਤੇ ਸਾਡੀ ਜਾਚ ਮਿਣਤੀ ਤੋਂ ਅਤੋਲ ਹੈ । ਗੁਰੂ ਜੀ ਅਰਦਾਸ ਕਰਦੇ ਹਨ–ਹੇ ਬੇਅੰਤ ! ਹੇ ਅਥਾਹ ਹੇ ਅਗਿਣਤ !! ਹੇ ਅਡੋਲ ਪ੍ਰਭੂ ਜਿਵੇਂ ਤੁਸੀਂ ਬੁਲਾਉਂਦੇ ਹੋ, ਤਿਵੇਂ ਤੇਰੇ ਦਾਸ ਬੋਲਦੇ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਹ ਅਬਿਗਤੁ ਭਗਤੁ ਤਹ ਆਪਿ ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥
ਦੁਹੂ ਪਾਖ ਕਾ ਆਪਹਿ ਧਨੀ ॥
ਉਨ ਕੀ ਸੋਭਾ ਉਨਹੂ ਬਨੀ ॥
ਆਪਹਿ ਕਉਤਕ ਕਰੈ ਅਨਦ ਚੋਜ ॥
ਆਪਹਿ ਰਸ ਭੋਗਨ ਨਿਰਜੋਗ ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥
ਬੇਸੁਮਾਰ ਅਥਾਹ ਅਗਨਤ ਅਤੋਲੈ ॥
ਜਿਉ ਬੁਲਾਵਹੁ ਤਿਉ ਨਾਨਕ ਦਾਸੁ ਬੋਲੈ ॥
(ਗਉੜੀ ਸੁਖਮਨੀ ਮ. ੫/੨੯੨)

ਗੁਰੂ ਆਸ਼ੇ ਅਨੁਸਾਰ ਕੇਵਲ ਅਕਾਲ ਪੁਰਖ ਹੀ ਅਨਾਦੀ ਹੈ। ਜਦੋਂ ਅਜੇ ਜਗਤ ਹੈ ਹੀ ਨਹੀਂ ਸੀ, ਸਿਰਫ ਪਾਰਬ੍ਰਹਮ ਪਰਮੇਸ਼ਰ ਨਿਰੰਕਾਰ ਹੀ ਸੀ, ਤਦੋਂ ਨਾ ਕੋਈ ਜੀਵ ਸਨ, ਨਾ ਹੀ ਮਾਇਆ ਸੀ। ਤਦੋਂ ਕਰਮਾਂ ਦਾ ਭੀ ਅਭਾਵ ਸੀ। ਅਕਾਲ ਪੁਰਖ ! ਵਾਹਿਗੁਰੂ ਜੀ ਨੇ ਆਪ ਹੀ ਇਹ ਖੇਡ ਰਚੀ। ਕਰਮਾਂ ਦਾ, ਨਰਕ ਸੁਰਗ ਦਾ ਪਾਪ ਪੁੰਨ ਦਾ ਸਿਲਸਿਲਾ ਤਦੋਂ ਆਰੰਭ ਹੋਇਆ ਜਦੋਂ ਜਗਤ ਹੋਂਦ ਵਿਚ ਆ ਹੀ ਗਿਆ। ਜਿਵੇਂ ਮਾਂ ਪਿਉ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ, ਤਿਵੇਂ ਉਹ ਸਾਡੀ ਪਾਲਣਾ ਕਰਦਾ ਹੈ, ਉਹ ਸਾਨੂੰ ਜਗਤ ਦੇ ਖੇਲ ਤਮਾਸ਼ੇ ਵਿਚ ਖਿਡਾਉਂਦਾ ਹੈ, ਲਾਡ ਲਡਾਉਂਦਾ ਹੈ, ਉਹ ਸਦਾ ਹੀ ਸੁਖ ਦੇਣ ਵਾਲਾ ਹੈ :

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥
(ਸਾਰੰਗ ਮ. ੫/੧੨੧੪)

ਦਸਮ ਪਾਤਸ਼ਾਹ ਜੀ ਦਾ ਫੁਰਮਾਣ ਹੈ ਕਿ ਉਹ ਖੇਡਾਂ ਖੇਡ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਖੇਡਣ ਤੋਂ ਅਖੇਡ ਹੁੰਦਾ ਹੈ ਤਾਂ ਫਿਰ ਅੰਤ ਨੂੰ ਇਕ ਆਪ ਹੀ ਆਪ ਰਹਿ ਜਾਂਦਾ ਹੈ :-

ਖੇਲ ਖੇਲ ਅਖੇਲ ਖੇਲਨ, ਅੰਤ ਕੋ ਫਿਰਿ ਏਕ ॥

(ਜਾਪੁ ਸਾਹਿਬ ਪਾ. ੧੦)

ਚਉਪੜ

ਚਉਪੜ ਦੀ ਖੇਡ ਸਾਡੇ ਦੇਸ਼ ਵਿਚ ਬੜੀ ਪ੍ਰਸਿੱਧ ਹੈ। ਆਮ ਤੌਰ ਤੇ ਬਿਰਧ ਮਨੁੱਖ ਖੇਡਦੇ ਹਨ, ਜੋ ਦੁਨੀਆਂ ਦੇ ਹੋਰ ਕੰਮ ਕਰਨ ਤੋਂ ਰਹਿ ਜਾਂਦੇ ਹਨ। ਕੱਪੜੇ ਦੇ ਚਾਰ ਪੜ (ਪਟ) ਜੋੜੇ ਹੁੰਦੇ ਹਨ। ਹਰੇਕ ਪੜ ਉੱਤੇ ਇਕੋ ਜਿਤਨੇ ਚੌਰਸ ਖਾਨੇ ਹੁੰਦੇ ਹਨ। ਆਮ੍ਹੋ-ਸਾਹਮਣੇ ਚਾਰ ਮਨੁੱਖ ਬੈਠ ਕੇ ਖੇਡ ਸਕਦੇ ਹਨ। ਚੌਹਾਂ ਪੜਾਂ ਦੇ ਵਿਚਕਾਰ ਇਕ ਵੱਡਾ ਚੌਰਸ ਖਾਨਾ ਹੁੰਦਾ ਹੈ। ਪੁੱਗੀਆਂ ਹੋਈਆਂ ਨਰਦਾਂ (ਮੋਹਰੇ) ਉਸ ਖਾਨੇ ਵਿਚ ਜਾ ਪਹੁੰਚਦੀਆਂ ਹਨ। ਇਸ ਖਾਨੇ ਵਿਚ ਅਪੜਨ ਤੋਂ ਪਹਿਲਾਂ ਇਕ ਦੀ ਨਰਦ ਨੂੰ ਦੂਜੇ ਦੀ ਨਰਦ ਮਾਰ ਸਕਦੀ ਹੈ। ਪਰ ਜੇ ਇਕ ਧਿਰ ਦੀਆਂ ਦੋ ਨਰਦਾਂ ਇਕੱਠੀਆਂ ਇਕੋ ਖਾਨੇ ਵਿਚ ਪਹੁੰਚ ਜਾਣ ਤਾਂ ਜਦ ਤੱਕ ਉਹ ਇਕੱਠੀਆਂ ਹਨ ਵਿਰੋਧੀ ਦੀ ਨਰਦ ਦੀ ਮਾਰ ਤੋਂ ਬਚ ਜਾਂਦੀਆਂ ਹਨ।

ਇਹ ਜਗਤ ਚੌਪੜ ਦੀ ਖੇਡ ਹੈ। ਅਨੇਕਾਂ ਵਿਕਾਰ ਮਨੁੱਖ ਦੇ ਮਨ ਉੱਤੇ ਚੋਟਾਂ ਮਾਰਦੇ ਰਹਿੰਦੇ ਹਨ। ਸਤਸੰਗ ਵਿਚ ਅਪੜਿਆ ਮਨੁੱਖ ਇਹਨਾਂ ਦੀ ਮਾਰ ਤੋਂ ਬਚ ਜਾਂਦਾ ਹੈ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿਨਾਮੈ ਕੇ ਹੋਵਹੁ ਜੋੜੀ ਗੁਰਮੁਖਿ
ਬੈਸਹੁ ਸਫਾ ਵਿਛਾਇ ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ
ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ
ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੂ
ਸੁਖ ਸਹਜ ਸੇਤੀ ਘਰਿ ਜਾਤੇ ॥

(ਬਸੰਤ ਮ. ੫/੧੧੮੫)

ਜਿਸ ਮਨੁੱਖ ਨੇ ਵਾਹਿਗੁਰੂ ਜੀ ਦੀ ਰਜ਼ਾ ਨੂੰ ਸਮਝ ਲਿਆ, ਜਿਸ ਨੇ ਚਉਪੜ ਦੀ ਇਹ ਖੇਡ ਖੇਡੀ, ਉਸ ਦਾ ਮਨ ਆਪਣੇ ਵੱਸ ਵਿਚ ਆ ਗਿਆ। ਉਹ ਕਾਮਾਦਿਕਾਂ ਦੀ ਮਾਰ ਤੋਂ ਬਚ ਨਿਕਲਿਆ :

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥
ਹੁਕਮੈ ਬੂਝੈ ਚਉਪੜਿ ਖੇਲੈ ਮਨ ਜਿਣਿ ਢਾਲੇ ਪਾਸਾ ॥

(ਸੂਹੀ ਕਬੀਰ ਜੀ ੭੯੩)

ਭਾਵ : ਪ੍ਰਭੂ ਆਪ ਜਿਸ ਪ੍ਰਾਣੀ ਦੇ ਮਨ ਵਿਚ ਆਪਣਾ ਨਾਮ ਵਸਾ ਦੇਵੇ, ਉਸ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ। ਉਹ ਹਰੀ ਦੇ ਹੁਕਮ ਨੂੰ ਸਮਝਦਾ ਹੈ, ਇਹ ਚੌਪੜ ਖੇਡਦਾ ਹੈ। ਆਪਣੇ ਮਨ ਨੂੰ ਜਿੱਤਦਾ ਹੈ ਭਾਵ ਵੱਸ ਕਰਦਾ ਹੈ, ਇਹ ਪਾਸਾ ਸਿੱਟਦਾ ਹੈ।

ਰੰਗ-ਭੂਮੀ

ਜੰਮਣ ਤੋਂ ਮਰਣ ਤੱਕ ਮਨੁੱਖ ਦੇ ਜੀਵਨ-ਨਾਟ ਵਿਚ ਕਈ ਝਾਕੀਆਂ ਆਉਂਦੀਆਂ ਹਨ—ਬਾਲ ਅਵਸਥਾ ਦੀਆਂ ਖੇਡਾਂ, ਰਤਾ ਸਿਆਣੀ ਉਮਰੇ ਵਿਦਿਆ ਅਤੇ ਕਿਰਤਕਾਰੀ ਦੀ ਸਿਖਲਾਈ, ਜਵਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੇਲੇ ਵਿਆਹ, ਬੁਢੇਪਾ ਆਦਿਕ। ਵਿਆਹ ਦੀ ਝਾਕੀ ਬਹੁਤ ਸੁਆਦਲੀ ਹੋਇਆ ਕਰਦੀ ਹੈ, ਮੇਲ ਇਕੱਠਾ ਹੋਣਾ, ਸੁਹਾਗ ਗਾਉਣੇ, ਜੰਵ ਢੁਕਣੀ, ਲਾਵਾਂ, ਲੜਕੀ ਦਾ ਸਹੁਰੇ ਘਰ ਜਾਣਾ, ਆਦਿ।

ਇਸ ਸੰਸਾਰ ਅਖਾੜੇ ਵਿਚ ਜੀਵ ਇਸਤ੍ਰੀ ਤੇ ਪਤੀ-ਪਰਮਾਤਮਾ ਦੇ ਮਿਲਾਪ ਦੀ ਜੀਵਨ ਝਾਕੀ ਇਕ ਅਦਭੁਤ ਝਾਕੀ ਹੈ। ਸਤਸੰਗੀ ਜਾਂਞੀਆਂ ਮਾਂਞੀਆਂ ਦੀ ਸਹਾਇਤਾ ਨਾਲ ਜੀਵ-ਇਸਤ੍ਰੀ ਪਤੀ ਪਰਮਾਤਮਾ ਨੂੰ ਮਿਲਦੀ ਹੈ। ਇਸ ਸਰੀਰ ਘਰ ਦੇ ਸਾਰੇ ਗਿਆਨ-ਇੰਦ੍ਰਿਆਂ ਨੂੰ ਆਪਣੇ ਵੱਸ ਕਰ ਲੈਂਦੀ ਹੈ, ਤੇ ਪੰਜੇ ਕਾਮਾਦਿਕ ਦੁਸ਼ਟ ਨੱਸ ਜਾਂਦੇ ਹਨ :

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥
ਹਰਿ ਰਸੁ ਮੀਠਾ ਮਨ ਮਹਿ ਵੂਠਾ
ਸਤਿਗੁਰੁ ਤੂਠਾ ਸਹਜੁ ਭਇਆ ॥
ਗ੍ਰਿਹੁ ਵਸਿ ਆਇਆ ਮੰਗਲੁ ਗਾਇਆ
ਪੰਚ ਦੁਸਟ ਓਇ ਭਾਗਿ ਗਇਆ ॥ (ਆਸਾ ਮ. ੫/੪੫੨)

ਨਾਟਕ ਦਾ ਇਤਿਹਾਸ ਇਸ ਧਰਤੀ ਉੱਤੇ ਬੜਾ ਪੁਰਾਣਾ ਚਲਿਆ ਆ ਰਿਹਾ ਹੈ। ਕਲਾਕਾਰ ਲੋਕ ਕਿਸੇ ਪ੍ਰਸਿੱਧ ਵਿਅਕਤੀ ਦੇ ਜੀਵਨ ਵਿਚੋਂ ਕੋਈ ਇਕ ਝਾਕੀ ਲੈ ਕੇ ਸੰਬੰਧਤ ਵਿਅਕਤੀਆਂ ਦੇ ਸੁਆਂਗ ਧਾਰ ਕੇ ਦਰਸ਼ਕਾਂ ਨੂੰ ਵਿਖਾਇਆ ਕਰਦੇ ਸਨ। ਉਸ ਪ੍ਰਸਿੱਧ ਵਿਅਕਤੀ ਦਾ ਜੀਵਨ ਨਾਟ ਵਿਖਾਲਣ ਲਈ ਇਕ ਉਚੇਰੀ ਰੰਗ-ਭੂਮੀ ਤਿਆਰ ਕੀਤੀ ਜਾਂਦੀ ਸੀ। ਸੂਤਰਧਾਰ ਆਪ ਆ ਕੇ ਨਾਟਕ ਦਾ ਆਰੰਭ ਕਰਾਉਂਦਾ ਸੀ। ਫਿਰ ਨਟ ਆ ਕੇ ਆਪਣੇ ਹਿੱਸੇ ਦਾ ਖੇਲ ਖੇਲਦੇ ਸਨ। ਜਿਹੜਾ ਸੁਚੱਜਾ ਖੇਲ ਖੇਲਦਾ ਸੀ, ਉਸ ਨੂੰ ਦਰਸਕ ਵਾਹ ਵਾਹ ਆਖਦੇ ਸਨ, ਉਸ ਨੂੰ ਸੂਤਰਧਾਰ ਤੋਂ ਭੀ ਆਦਰ-ਮਾਨ ਮਿਲਦਾ ਸੀ।

ਇਹ ਜਗਤ ਇਕ ਰੰਗ ਭੂਮੀ ਹੈ। ਸਭ ਜੀਵ ਆਪਣੇ ਹਿੱਸੇ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਨ ਨਾਟ ਕਰ ਰਹੇ ਹਨ। ਸੁਚੱਜੇ ਜੀਵ-ਨਾਟ ਨੂੰ ਸੋਭਾ ਬੇਅੰਤ ਤੇ ਪ੍ਰਭੂ ਦੇ ਦਰ ਤੇ ਭੀ ਆਦਰ :

ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ
ਜੋ ਕਰੇ ਸੁ ਧਰਮ ਨਿਆਰੇ ਰਾਮ ॥
ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ
ਆਵਣੁ ਜਾਣੁ ਸਬਾਏ ਰਾਮ ॥
ਆਵਣੁ ਤ ਜਾਣਾ ਤਿਨਹਿ ਕੀਆ
ਜਿਨਿ ਮੇਦਨਿ ਸਿਰਜੀਆ ॥
ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ
ਇਕਿ ਭਰਮਿ ਭੂਲੇ ਫਿਰਦਿਆ ॥

(ਬਿਹਾਗੜਾ ਮ. ੫/੫੪੨)
(ਸ੍ਰੀ ਗੁਰੂ ਗ੍ਰੰਥ ਦਰਪਣ, ਪੋਥੀ ਨੌਵੀਂ ਪ੍ਰੋ. ਸਾਹਿਬ ਸਿੰਘ)

ਜਗਤ ਅਕਾਲ ਪੁਰਖ ! ਵਾਹਿਗੁਰੂ ਜੀ ਦਾ ਰਚਿਆ ਰੰਗ ਅਖਾੜਾ ਹੈ। ਉਸ ਵਿਚ ਨਿਆਂ ਵਰਤੀਂਦਾ ਦੱਸਿਆ ਹੈ। ਭਾਵ ਇਹ ਸਹੀ ਹੁੰਦਾ ਹੈ ਕਿ ਨਾਟਕ ਪਾਤਰ, ਸਾਰੇ ਰੂਪਾਂ ਦੇ ਨਾਟ ਕਰਦੇ ਮਾਲਕ ਨੂੰ ਨਹੀਂ ਭੁੱਲਦੇ ਜੋ ਮਾਲਕ ਕਿ ਰੰਗ ਅਖਾੜਾ ਹੈ। ਜੋ ਜੀਵ ਇਸ ਜਗਤ ਰੂਪੀ ਰੰਗ ਅਖਾੜੇ ਵਿਚ ਉਸ ਨੂੰ ਭੁੱਲਦੇ ਨਾਟ ਕਰਦੇ ਹਨ, ਉਹ ਗਲਤੀ ਦਾ ਰਸਤਾ ਹੈ। ਗੁਰੂ ਅਰਜਨ ਦੇਵ ਪਾਤਸ਼ਾਹ ਜੀ ਪਹਿਲੀ ਤੁਕ ਵਿਚ ਵਾਹਿਗੁਰੂ ਜੀ ਦੇ ਜੀ ਦੇ ਧਰਮ ਨਿਆਂ ਕਰਨੇ ਦਾ ਜ਼ਿਕਰ ਹੈ। ਦੁਨੀਆਂ ਵਿਚ ਦੁਖ ਪੀੜਾਂ ਦੇਖ ਕੇ ਇਨਸਾਨੀ ਦਿਲ ਘਾਬਰਦਾ ਹੈ, ਗੁਰੂ ਜੀ ਦੱਸਦੇ ਹਨ ਕਿ ਇਹ ਕਰਮਾਂ ਦਾ ਫਲ ਹੈ ਤੇ ਕਰਮ ਪ੍ਰਦਾਤਾ ਵਾਹਿਗੁਰੂ ਆਪ ਹੈ, ਪਰ ਉਹ ਅਨਿਆਈ ਨਹੀਂ, ਧਰਮ ਦਾ ਨਿਆਂ ਕਰਦਾ ਹੈ। ਚਾਹੇ ਸਾਨੂੰ ਕਾਰਨਾਂ ਦਾ ਥਹੁ ਨਾ ਪਵੇ, ਚਾਹੇ ਪਵੇ, ਪਰ ਕਰਨਹਾਰ ਧਰਮ ਦਾ ਨਿਆਂ ਕਰਦਾ ਹੈ। ਇਸ ਵਿਚ ਸਾਫ ਯੁਕਤੀ ਹੈ ਕਿ ਉਹ 'ਸੱਚ' ਹੈ, ਜੋ ਕੁਛ ਉਸ ਤੋਂ ਹੁੰਦਾ ਹੈ ਸੱਚ ਹੁੰਦਾ ਹੈ। ਸੱਚ ਹੀ ਧਰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਆਂ ਹੈ। ਪਰ ਮਹਾਰਾਜ ਜੀ ਫੁਰਮਾਉਂਦੇ ਹਨ 'ਦੇਖਿਆ'। ਜਿਸ ਦਾ ਮਤਲਬ ਹੈ ਕਿ ਜਿਥੇ ਆਮ ਇਨਸਾਨੀ ਨਜ਼ਰ ਨਹੀਂ ਪਹੁੰਚਦੀ ਉਥੇ (ਗੇਬ ਵਿਚ) ਅਸਾਂ ਝਾਤ ਮਾਰਕੇ ਡਿੱਠਾ ਹੈ ਕਿ ਸਚਮੁਚ ਧਰਮ ਨਿਆਂ ਹੋ ਰਿਹਾ ਹੈ। ਇਸ ਨੂੰ ਫੇਰ 'ਅਚੰਭਉ' ਫੁਰਮਾ ਰਹੇ ਹਨ, ਇਸ ਲਈ ਕਿ ਜਗਤ ਵਿਚ ਆਮ ਕਰਕੇ ਜੋ ਉਦਾਲਾ ਪੁਦਾਲਾ ਉਸ ਵੇਲੇ ਬੀ ਹਿੰਦ ਵਿਚ ਸੀ, ਉਹ ਧਰਮ ਨਿਆਂ ਦਾ ਨਹੀਂ ਸੀ। ਇਨਸਾਨੀ ਦਿਲ ਘਬਰਾ ਤੇ ਨਿਰਾਸਤਾ ਵਿਚ ਜਾਂਦਾ ਹੈ ਉਦਾਲੇ ਦੀ ਬੇਨਿਆਈ ਵੇਖ ਕੇ ਜੋ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਜੀ ਦਾ ਨਿਆਂ ਧਰਮ ਦਾ ਨਿਆਂ-ਪੂਰਾ ਤੁਲਦਾ ਵੇਖ ਕੇ ਅਚੰਭਾ ਹੁੰਦਾ ਹੈ ਕਿ ਧਰਮ ਨਿਆਂ ਮੂਲ ਵਿਚ ਜਿਉਂ ਕਾ ਤਿਉਂ ਹੈ। ਫੇਰ ਅਚੰਭਾ ਐਉਂ ਹੁੰਦਾ ਹੈ ਕਿ ਉਹ ਮਿਹਰਾਂ ਦਾ ਸਾਈਂ ਹੈ। ਫੇਰ ਨਿਆਈਂ ਹੈ। ਮਿਹਰ ਦੇ ਨਾਲ ਧਰਮ ਨਿਆਈਂ ਹੋਣਾ ਇਹ ਅਚੰਭੇ ਵਾਲੀ ਗੱਲ ਹੈ।

ਧਰਮ ਨਿਆਂ ਦੱਸ ਕੇ ਜਗਤ ਨੂੰ ਰੰਗ ਅਖਾੜਾ ਦੱਸਦੇ ਹਨ, ਜਿਵੇਂ ਕਿ ਤਮਾਸ਼ਾ ਘਰ ਹੋਵੇ ਉਥੇ ਨਾਟਕ ਦਾ ਖੇਲ ਕਰਦੇ ਹਨ। ਕਰਨੇ ਵਾਲੇ ਨਾਟਕ ਪਾਤਰ ਉਵੇਂ ਨਾਟ ਕਰਦੇ ਹਨ ਜਿਵੇਂ ਜੀਵਨ ਵਿਚ ਸਚਮੁਚ ਹੁੰਦਾ ਹੈ। ਜੀਵ-ਅਰਥਾਤ ਨਾਟਕ ਪਾਤਰ ਆਪੋ ਆਪਣਾ ਨਾਟ ਕਰਕੇ ਮਰ ਜਾਂਦੇ ਮਾਨੋ ਨਾਟਕ ਦੀ ਰੰਗ ਭੂਮੀ (stage) ਤੋਂ ਖਾਲੀ ਚਲੇ ਜਾਂਦੇ ਹਨ। ਜੋ ਜੰਮਦੇ ਹਨ ਮਾਨੋ ਸਟੇਜ ਰੰਗ ਭੂਮੀ ਤੇ ਆਉਂਦੇ ਹਨ। ਆਪੋ ਆਪਣਾ ਖੇਲ ਕਰਕੇ ਟੁਰ ਜਾਂਦੇ ਹਨ। ਸਟੇਜ ਚਾਹੇ ਖੇਲ ਵਾਂਗੂ ਹੁੰਦਾ ਹੈ ਪਰ ਚੋਰ ਉਥੇ ਭੀ ਪਕੜੀਂਦੇ ਹਨ, ਸਜ਼ਾਵਾਂ ਭੋਗਦੇ ਹਨ, ਉੱਥੇ ਭੀ 'ਨਿਆਂ' ਦਾ ਨੁਕਤਾ ਵਰਤੀਂਦਾ ਹੈ। ਫਿਰ ਨਿਆਂ ਦਾ ਨੁਕਤਾ ਹਰ ਪ੍ਰਾਣਧਾਰੀ ਦੇ ਅੰਦਰ ਹੁੰਦਾ ਹੈ। ਸੋ ਜਿਸ ਨੇ ਧਰਤੀ ਰਚੀ ਜਾਂ ਅਖਾੜਾ ਰਚਿਆ ਉਸ ਦੀ ਇੱਛਾ ਹੈ ਕਿ ਜੀਵ ਭਰਮ ਵਿਚ ਨਾ ਰਹਿਣ। ਨਾਟਕ ਪਾਤ੍ਰ ਜੋ ਸੱਚ ਨੂੰ ਤੇ ਅਸਲੀਅਤ ਨੂੰ ਸਮਝ ਲੈਣ ਤੇ ਜੀਵਨ ਉੱਚਾ ਬਸਰ ਕਰਨ, ਉਹ ਤਾਂ ਮਹਿਲੀਂ ਸੱਦੇ ਜਾਣਗੇ, ਵਾਹਿਗੁਰੂ ਜੀ ਦੀ ਚਰਨ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਨ ਰਹਿਣਗੇ। ਕਿਸੇ ਦੀ 'ਇਕੁ ਤਿਲੁ ਨਹੀ ਭੰਨੈ ਘਾਲੇ ॥' (ਸੂਹੀ ਮ. ੫/੭੮੪) ਵਾਲਾ ਧਰਮ ਨਿਆਂ ਹੋਵੇਗਾ :

ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ ॥
ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ ॥
(ਬਿਹਾਗੜਾ ਮ. ੫/੫੪੨)

ਇਹ ਦੱਸ ਕੇ ਅਗਲੇ ਅੰਕ ੨ ਵਿਚ ਪ੍ਰੇਰਨਾ ਕਰਦੇ ਹਨ ਕਿ ਆਓ ਸਤਿਗੁਰੂ ਜੀ ਦੀ ਸੇਵਾ ਕਰਕੇ ਨਾਮ ਅਰਾਧੀਏ ਤਾਂ ਜੋ ਲਿਵ ਲੱਗ ਜਾਵੇ, ਜਿਸ ਕਰਕੇ ਮੁਕਤੀ ਫਲ ਮਿਲੇ। ਭਾਵ ਐਉਂ ਦਾ ਜਾਪਦਾ ਹੈ ਕਿ ਅਸੀ' ਮਾਨੋ ਇਸ ਨਾਟਕ ਵਿਚ ਵਿਦਿਆਰਥੀ ਹਾਂ, ਜੇ ਨਾ ਪੜ੍ਹਾਂਗੇ ਤਾਂ ਨਾਟਕ ਦਾ ਨਿਆਂ ਹੀ ਸਾਨੂੰ ਦੰਡਿਤ ਕਰੇਗਾ :

ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ
ਹਰਿ ਹਰਿ ਨਾਮੁ ਅਰਾਧੇ ਰਾਮ ॥
ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ
ਜਮ ਕਾ ਮਾਰਗੁ ਸਾਧੇ ਰਾਮ ॥
ਮਾਰਗੁ ਬਿਖੜਾ ਸਾਧਿ ਗੁਰਮੁਖਿ
ਹਰਿ ਦਰਗਹ ਸੋਭਾ ਪਾਈਐ ॥
ਜਿਨ ਕਉ ਬਿਧਾਤੈ ਧੁਰਹੁ ਲਿਖਿਆ
ਤਿਨ੍ਾ ਰੈਣਿ ਦਿਨੁ ਲਿਵ ਲਾਈਐ ॥
ਹਉਮੈ ਮਮਤਾ ਮੋਹੁ ਛੁਟਾ ਜਾਂ ਸੰਗਿ ਮਿਲਿਆ ਸਾਧੇ ॥
ਜਨੁ ਕਹੈ ਨਾਨਕੁ ਮੁਕਤੁ ਹੋਆ
ਹਰਿ ਹਰਿ ਨਾਮੁ ਅਰਾਧੇ ॥੨॥

ਅਗਲੇ ਅੰਕ ੩ ਵਿਚ ਗੁਰੂ ਜੀ ਨੇ ਨਾਸ਼ ਰਹਿਤ ਪ੍ਰਭੂ ਜੀ ਦੀ ਪੂਜਾ ਸਿਖਾਈ ਹੈ, ਹੋਰ ਪੂਜਾ ਤੋਂ ਵਰਜਿਆ ਹੈ। ਅਸਲ ਪੂਜਾ ਮਨ ਤਨ ਅਰਪ ਦੇਣਾ ਹੀ ਦੱਸੀ ਹੈ। ਫੇਰ ਫੁਰਮਾਇਆ ਕਿ ਮਨ ਤਨ ਤਾਂ ਹੈ ਹੀ ਉਸ ਦਾ, ਅਰਪਣ ਵਾਲੇ ਅਸੀਂ ਕੌਣ ਹਾਂ? ਇਹ ਕਹਿ ਕੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮਿਹਰ ਤੇ ਭਰੋਸਾ ਕਰਨਾ ਸਿਖਾਇਆ ਕਿ ਸਭ ਕੁਛ ਕਰਕੇ ਹਉਂ ਤੇ ਭਰੋਸਾ ਨਾ ਧਾਰੋ, ਪਰ ਉਸ ਦੀ ਮਿਹਰ ਉੱਤੇ। ਮਿਹਰਾਂ ਦੇ ਤਕੀਏ ਧਾਰਨੇ ਗੁਰੂ ਤੋਂ ਸਿੱਖੋ, ਕਿਉਂਕਿ ਉਹ ਏਥੋਂ ਹਉਂ ਤੋਂ ਉੱਚਾ ਟਿਕਿਆ ਹੁੰਦਾ ਹੈ। ਉਹ ਨਾਮ ਸਿਖਾਲਦਾ ਹੈ ਸੋ ਨਾਮ ਦੀ ਪੂਜਾ ਕਰੋ, ਉਹ ਤੁਸਾਂ ਨੂੰ 'ਮਿਹਰਾਂ ਦਾ ਪਾਤਰ' ਬਣਾ ਕੱਢੇਗਾ :

ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ
ਅਬਿਨਾਸ਼ੀ ਪੁਰਖੁ ਪੂਜੇਹਾ ਰਾਮ ॥
ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ
ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥
ਮਨੁ ਤਨੁ ਧਨੁ ਸਭੁ ਪ੍ਰਭੂ
ਕੇਰਾ ਕੀਆ ਕੋ ਪੂਜ ਚੜਾਵਏ ॥
ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ
ਸੋ ਪ੍ਰਭ ਅੰਕਿ ਸਮਾਵਏ ॥
ਭਾਗੁ ਮਸਤਕਿ ਹੋਇ ਜਿਸ ਕੈ
ਤਿਸੁ ਗੁਰ ਨਾਲਿ ਸਨੇਹਾ ॥
ਜਨੁ ਕਹੈ ਨਾਨਕੁ ਮਿਲਿ ਸਾਧ ਸੰਗਤਿ
ਹਰਿ ਹਰਿ ਨਾਮੁ ਪੂਜੇਹਾ ॥੩॥

ਹੇ ਮੇਰੇ ਪਿਆਰੇ ! ਅਸੀਂ ਦਸੋ ਦਿਸ਼ਾ ਵਿਚ ਖੋਜਦੇ ਫਿਰੇ, ਪਰ ਹਰੀ ਆਪਣੇ ਘਰ ਵਿਚ ਆਇਆ ਭਾਵ—ਸਰੀਰ ਦੇ ਅੰਦਰ ਹੀ ਮਨ ਵਿਚ ਟਿਕਿਆ ਹੀ ਪਾਇਆ। ਹਰਿ ਜੀਉ ਨੇ ਇਹ ਸਰੀਰ ਹਰੀ ਦਾ ਮੰਦਰ ਰਚਿਆ ਹੈ, ਹੇ ਮੇਰੇ ਪਿਆਰੇ ! ਉਸ ਹਰੀ ਮੰਦਰ ਵਿਚ ਪ੍ਰਭੂ ਆਪ ਸਮਾ ਰਿਹਾ ਹੈ। ਹਾਂ, ਉਹ ਸਭ ਵਿਚ ਸਮਾਇਆ ਹੋਇਆ ਆਪ ਮਾਲਕ ਗੁਰੂ ਦੁਆਰੇ ਪ੍ਰਗਟ ਹੋਇਆ ਹੈ। ਜਦ ਹੀ ਉਹ ਪ੍ਰਗਟਿਆ ਤਦ ਹੀ ਹਨੇਰਾ ਮਿਟ ਗਿਆ, ਦੁੱਖ ਦੂਰ ਹੋ ਗਿਆ, ਹਰੀ ਰਸ ਰੂਪੀ ਅੰਮ੍ਰਿਤ ਮੂੰਹ ਵਿਚ ਚੋਇਆ ਗਿਆ। ਸੋ ਮੈਂ ਜਿੱਧਰ ਦੇਖਦਾ ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਲਕ ਓਧਰੇ ਹੀ ਹੈ, ਹਾਂ ਪਾਰਬ੍ਰਹਮ ਸਭਨੀਂ ਥਾਈਂ ਮੌਜੂਦ ਹੈ, ਸਤਿਗੁਰੂ ਜੀ ਨੇ ਮਿਲਾਇਆ ਹੈ ਤਾਂ ਉਹ ਹਰੀ ਐਉਂ ਆਪਣੇ ਘਰਿ=ਮਨ ਵਿਚ ਆਇਆ ਹੀ ਮਿਲ ਪਿਆ ਹੈ :

ਦਹਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ
ਹਰਿ ਪਾਇਅੜਾ ਘਰਿ ਆਏ ਰਾਮ ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥
ਸਰਬੇ ਸਮਾਣਾ ਆਪਿ ਸੁਆਮੀ
ਗੁਰਮੁਖਿ ਪਰਗਟੁ ਹੋਇਆ ॥
ਮਿਟਿਆ ਅਧੇਰਾ ਦੂਖੁ ਨਾਠਾ
ਅਮਿਉ ਹਰਿ ਰਸੁ ਚੋਇਆ ॥
ਜਹਾ ਦੇਖਾ ਤਹਾ ਸੁਆਮੀ
ਪਾਰਬ੍ਰਹਮੁ ਸਭ ਠਾਏ ॥
ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ
ਹਰਿ ਪਾਇਅੜਾ ਘਰਿ ਆਏ ॥੪॥੧॥

(ਬਿਹਾਗੜਾ ਮ. ੫/੫੪੨)

ਉਤਲੇ ਅੰਕ ਵਿਚ ਵਾਹਿਗੁਰੂ ਜੀ ਟਿਕਾਣਾ ਅੰਦਰ ਦੱਸਿਆ। ਆਮ ਤੌਰ ਤੇ ਸਭ ਲੋਕ ਵਾਹਿਗੁਰੂ ਜੀ ਨੂੰ ਦੂਰ ਬਾਹਰ ਜਾਣਦੇ ਢੂੰਡਦੇ ਹਨ, ਪਰ ਆਪ ਫੁਰਮਾਉਂਦੇ ਹਨ ਕਿ ਬਾਹਰੋਂ ਨਾ ਪਰ ਅੰਦਰ ਆਕੇ ਲੱਭਾ। ਇਹ ਸਰੀਰ ਹਰੀ ਮੰਦਰ ਹੈ ਜਿਸ ਵਿਚ ਹਰੀ ਆਪ ਤੇ ਉਸ ਦਾ ਨਾਮ ਵਸਦਾ ਹੈ :

ਹਰਿ ਮੰਦਰੁ ਏਹੁ ਸਰੀਰੁ ਹੈ
ਗਿਆਨਿ ਰਤਨਿ ਪਰਗਟੁ ਹੋਇ ॥
...ਹਰਿ ਮੰਦਰੁ ਮਹਿ ਨਾਮੁ ਨਿਧਾਨੁ ਹੈ
ਨਾ ਬੁਝਹਿ ਮੁਗਧ ਗਵਾਰ ॥੬॥੧॥ (ਪ੍ਰਭਾਤੀ ਮ. ੩/੧੩੪੬)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਨਾਮ ਨੂੰ ਸੰਭਾਲੋ :

ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥੧੧॥

(ਵਾਰ ਰਾਮਕਲੀ ਮ. ੩/੯੫੨)

ਇਸ ਕਹਿਣ ਨਾਲ ਭੁਲੇਵਾ ਲਗ ਸਕਦਾ ਹੈ ਕਿ ਵਾਹਿਗੁਰੂ ਕੇਵਲ ਅੰਦਰ ਹੀ ਹੈ ਬਾਹਰ ਨਹੀਂ ਹੈ। ਇਸ ਲਈ ਫੁਰਮਾਇਆ ਹੈ :

ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਇ ॥੧॥

(ਬਿਹਾਗੜਾ ਮ. ੫/੫੪੨)

ਭਾਵ ਇਹ ਕਿ ਜਦੋਂ ਅੰਦਰ ਉਸ ਦੀ ਲੱਖਤਾ ਹੋ ਜਾਂਦੀ ਹੈ ਤਾਂ ਉਸ ਦੇ ਸਰਬ ਥਾਈਂ ਸਦਾ ਮੌਜੂਦ ਹੋਣੇ ਦਾ ਅਨੁਭਵ ਵੀ ਖੁਲ੍ਹ ਜਾਂਦਾ ਹੈ। ਐਉਂ ਸਾਰੇ ਸਮਾ ਰਿਹਾ ਸੁਆਮੀ ਪ੍ਰਗਟ ਹੋ ਜਾਂਦਾ ਹੈ।

(ਸੰਥਜਾ ਪੰਨਾ ੩੩੯੭)

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ

ਮਹਾਨ ਕੋਸ਼ ਅਨੁਸਾਰ,

੧. ਮਾਇਆ ਦਾ ਅਰਥ ਕਪਟ, ਛਲ, ਦੰਭ :

ਇਹੁ ਤਨੁ ਮਾਇਆ ਪਾਇਆ ਪਿਆਰੇ,
ਲੀਤੜਾ ਲਬਿ ਰੰਗਾਏ ॥ (ਤਿਲੰਗ ਮ. ੧)

੨. ਭੁਲੇਖਾ, ਭ੍ਰਮ, ਅਵਿਦਿਆ :

ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਿਤ ॥
(ਧਨਾਸਰੀ ਆਸਾ ਮ. ੫)

ਇਹ ਮਾਇਆ, ਜਿਤੁ ਹਰਿ ਵਿਸਰੈ ਮੋਹ ਉਪਜੈ
ਭਾਉ ਦੂਜਾ ਲਾਇਆ ॥ (ਮ. ੩ ਆਨੰਦ)

੩. ਲਛਮੀ, ਧਨ ਸੰਪਦਾ :

ਮਾਇਆ ਕਾਰਨ ਧਾਵਹੀ ਮੂਰਖ ਲੋਗ ਅਜਾਨ ॥
(ਸ. ਮ. ੯)

ਮਾਇਆ ਦਾ ਸਮਝਣਾ ਅਤਿ ਕਠਨ ਹੈ। ਇਸੇ ਵਾਸਤੇ ਧਰਮ ਪੁਸਤਕਾਂ ਵਿਚ ਇਸਨੂੰ ਅਸਰ ਬੱਚਨੀ (ਬਿਆਨ ਤੋਂ ਬਾਹਰ) ਕਿਹਾ ਹੈ। ਇਸਦਾ ਬਿਆਨ ਕਰਨਾ ਜਾਂ ਸਮਝਣਾ ਮੁਸ਼ਕਿਲ ਹੈ। ਕਿਉਂਕਿ ਮਾਇਆ ਹਰ ਛਿਨ ਤਬਦੀਲ ਹੁੰਦੀ ਹੈ ਇਸ ਲਈ ਸਤਿ ਨਹੀਂ ਕਹੀ ਜਾ ਸਕਦੀ, ਕਿਉਂਕਿ ਸਤਿ ਉਹ ਵਸਤੂ ਹੈ ਜਿਹੜੀ ਤਿੰਨੇ ਕਾਲ ਤਬਦੀਲ ਨਾ ਹੋਵੇ ਤੇ ਇਕੋ ਰਸ ਰਹੇ। ਜਿਹੜੀ ਚੀਜ਼ ਸਤਿ ਨਹੀਂ ਹੁੰਦੀ ਉਹ ਅਸੱਤ ਹੋਵੇਗੀ ਪਰ ਮਾਇਆ ਅਸੱਤ ਵੀ ਨਹੀਂ; ਭਾਸਦੀ ਹੈ ਤੇ ਅਸੀਂ ਸਾਰੇ ਉਸ ਵਿਚ ਖੇਲਦੇ ਹਾਂ। ਸਵਾਮੀ ਵਿਵੇਕਾ ਨੰਦ ਜੀ ਆਖਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਜੈਸੀ ਦੁਨੀਆ ਚਲ ਰਹੀ ਹੈ ਮਾਇਆ ਹੀ ਹੈ। ਇਕ ਮਾਂ ਦਾ ਬੱਚਾ ਮਾਂ ਨੂੰ ਬਹੁਤ ਦੁੱਖ ਦਿੰਦਾ ਹੈ ਇਥੋਂ ਤਕ ਕੇ ਮਾਰਦਾ ਵੀ ਹੈ, ਫੇਰ ਵੀ ਮਾਂ ਉਸ ਨੂੰ ਪਿਆਰ ਕਰਦੀ ਹੈ ਔਰ ਉਸਦਾ ਐਸਾ ਕਾਰਨਾ ਮਾਇਆ ਹੀ ਹੈ। ਮਨੁੱਖ ਜਾਣਦਾ ਹੈ ਕਿ ਪਰਾਏ ਹੱਕ ਨੂੰ ਮਾਰਕੇ ਧਨ ਇਕੱਠਾ ਕਰਨਾ ਠੀਕ ਨਹੀਂ, ਦਰਗਾਹ 'ਚ ਸਜ਼ਾ ਮਿਲੇਗੀ ਪਰ ਫੇਰ ਵੀ ਪਾਪ ਨਾਲ ਧਨ ਇਕੱਠਾ ਕਰਦਾ ਰਹਿੰਦਾ ਹੈ, ਇਹ ਮਾਇਆ ਹੈ। ਇਸੇ ਤਰ੍ਹਾਂ ਦੀਆਂ ਹਜ਼ਾਰਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਨਸਾਨ ਸਚਾਈ ਨੂੰ ਜਾਣਦਾ ਹੋਇਆ ਵੀ ਸਚਾਈ ਦੇ ਵਿਰੁਧ ਕੰਮ ਕਰਦਾ ਹੈ, ਇਸ ਦਾ ਕਾਰਨ ਮਾਇਆ ਹੈ, ਜਿਹੜੀ ਅਸਲੀਅਤ ਨੂੰ ਢਕੀ ਰੱਖਦੀ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਸਪੱਸ਼ਟ ਕਰਦੇ ਹਨ ਕਿ ਮਾਇਆ ਦੇ ਕਾਰਣ ਪ੍ਰਾਣੀ ਰਾਤ ਦਿਨ ਭਟਕਦਾ ਫਿਰਦਾ ਹੈ, ਇਸ ਕਰਕੇ ਉਸ ਦੀ ਬੁੱਧੀ ਮਲੀਨ ਰਹਿੰਦੀ ਹੈ ਤੇ ਪਰਮਾਤਮਾ ਨਾਲ ਲਿਵ ਨਹੀਂ ਲੱਗਦੀ। ਆਪ ਜੀ ਜੋਰ ਦੇ ਕੇ ਕਹਿੰਦੇ ਹਨ ਕਿ ਜਿਸ ਨੇ ਮਾਇਆ ਮਮਤਾ ਤਜ ਦਿਤੀ ਹੋਵੇ, ਉਸ ਦੇ ਘਟ ਵਿਚ ਬ੍ਰਹਮ ਦਾ ਨਿਵਾਸ ਹੋ ਸਕਦਾ ਹੈ :

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥
(ਸਲੋਕ ਮ. ੯/੧੪੨੭)

ਵਿਦਾਂਤ ਜੋ ਕਿ ਵੇਦਾਂ ਦਾ ਹੀ ਹਿੱਸਾ ਹੈ, ਮਾਇਆ ਨੂੰ ਵਾਹਿਗੁਰੂ ਜੀ ਦੀ ਇਕ ਸ਼ਕਤੀ ਮੰਨਦਾ ਹੈ। ਜੋ ਕਿ ਅਨਾਦੀ ਹੈ ਯਾਨੀ ਜਿਸਦਾ ਕੋਈ ਸ਼ੁਰੂ ਨਹੀਂ ਪਰ ਅੰਤ ਹੈ। ਮਾਇਆ ਦੀ ਉਤਪਤਿ ਤੇ ਅੰਤ ਦਾ ਚੱਕਰ ਅਨਾਦਿ ਹੈ। ਕਿਉਂਕਿ ਇਹ ਸ਼ਕਤੀ ਹੈ ਇਸ ਦਾ ਸਰੂਪ ਨਹੀਂ ਬਲਕਿ ਇਸ ਦੇ ਗੁਣ ਹੀ ਇਹਦਾ ਸਰੂਪ ਹਨ। ਇਹ ਗੁਣ ਤਿੰਨ ਹਨ—ਸਤੋ ਗੁਣ (ਸਕੂਨ ਪ੍ਰਕਾਸ਼ ਤੇ ਸਾਫ) ਰਜੋ ਗੁਣ (ਚੰਚਲਤਾ) ਅਤੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਮੋ ਗੁਣ (ਸੁਸਤੀ ਅੰਧਕਾਰ)। ਮਾਇਆ ਤੋਂ ਪੰਜ ਭੂਤ ਅਕਾਸ਼, ਹਵਾ, ਪਾਣੀ, ਅੱਗ ਤੇ ਮਿਟੀ ਪੈਦਾ ਹੋਇ, ਇਨ੍ਹਾਂ ਦੇ ਮੇਲ ਨਾਲ ਸਰਿਸ਼ਟੀ ਦੀ ਸਥਾਪਨਾ ਹੋਈ। ਇਸ ਖਿਆਲ ਨੂੰ ਕਿਸੇ ਹੱਦ ਤਕ ਗੁਰੂ ਸਾਹਿਬਾਨ ਜੀ ਨੇ ਭੀ ਮੰਨਿਆ ਹੈ। ਸੁਖਮਨੀ ਸਾਹਿਬ ਦੀ ੨੧ ਵੀਂ ਅਸ਼ਟਪਦੀ ਤੋਂ ਮਲੂਮ ਹੁੰਦਾ ਹੈ ਕਿ ਵਾਹਿਗੁਰੂ ਜੀ ਪਹਿਲਾਂ ਨਿਰੰਕਾਰ (ਅਕਾਰ ਤੋਂ ਰਹਿਤ) ਸੀ, ਉਸ ਸਮੇਂ 'ਆਪਨ ਆਪ ਆਪ' ਪਾਰਬ੍ਰਹਮ ਸੀ, ਇਸ ਕਰਕੇ ਬੰਧ ਮੁਕਤਿ, ਹਰਖ ਸੋਗ, ਦੁੱਖ ਸੁੱਖ ਆਦਿ ਦਾ ਕੋਈ ਸਵਾਲ ਨਹੀਂ ਸੀ। ਵਾਹਿਗੁਰੁ ਜੀ ਨੇ ਜਦ ਸੰਸਾਰ ਰਚਿਆ ਤਾਂ ਉਸ ਦੇ ਵਿਚ ਤਿੰਨ ਗੁਣਾਂ ਦਾ ਪ੍ਰਵੇਸ਼ ਕਰ ਦਿੱਤਾ :

ਜਹ ਆਪਿ ਰਚਿਓ ਪਰਪੰਚੁ ਆਕਾਰੁ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ (ਸੁਖਮਨੀ ਮ. ੫/੨੯੧)

ਇਸ ਤੋਂ ਪਤਾ ਚਲਦਾ ਹੈ ਕਿ ਇਹ ਪਰਪੰਚ ਜਾਂ ਮਾਇਆ ਤਿੰਨ ਗੁਣੀ ਹੈ। ਕਿਸੇ ਨੇ ਸਤਿਗੁਰੂ ਅਮਰਦਾਸ ਸਾਹਿਬ ਜੀ ਤੇ ਪ੍ਰਸ਼ਨ ਕੀਤਾ : ਹੇ ਗੁਰੋ ! ਮਾਇਆ ਕਿਸ ਨੂੰ ਆਖੀਦਾ ਹੈ ? ਮਾਇਆ ਕੀਹ ਕਰਮ ਕਰਦੀ ਕਰਾਉਂਦੀ ਹੈ ? ਸਤਿਗੁਰੂ ਜੀ ਨੇ ਉਤਰ ਦਿਤਾ। ਜਿਸ ਕਰਕੇ ਇਹ ਜੀਵ ਦੁੱਖ ਸੁੱਖ ਵਿਚ ਬੰਧਾਇਮਾਨ ਹੈ, ਉਹ ਮਾਇਆ ਹੈ ਤੇ ਇਹ ਮਾਇਆ ਹਉਮੈ ਦੇ ਕਰਮ ਕਰ ਰਹੀ ਹੈ :

ਮਾਇਆ ਕਿਸਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
(ਸਿਰੀ ਰਾਗੁ ਮ. ੩/੬੭)

ਹਜ਼ੂਰ ਫੁਰਮਾਉਂਦੇ ਹਨ ਕਿ ਮਾਇਆ ਮੋਹ ਰੂਪੀ ਮੈਲ ਹੈ। ਜੇ ਕਹੋ ਕਿ ਸਮਾਧੀਆਂ ਲਾਉਣ ਵਾਲੇ ਤਾਂ ਪਹੁੰਚ ਪੈਂਦੇ ਹੋਣਗੇ ਤਾਂ ਫੁਰਮਾਉਂਦੇ ਹਨ ਕਿ ਸਿੱਧ ਲੋਕ ਭੀ ਮਾਇਆ ਵਿਚ ਭੁੱਲੇ ਫਿਰਦੇ ਹਨ, ਉਹਨਾਂ ਦੀ ਸੁਭਾਵਕ ਸਮਾਧੀ ਨਹੀਂ ਲੱਗਦੀ। ਸੋ ਉਹ ਭੀ ਪਰਮਾਤਮਾ ਨੂੰ ਨਹੀਂ ਪਹੁੰਚੇ। ਇਹ ਮਾਇਆ ਤਿੰਨਾਂ ਲੋਕਾਂ ਵਿਚ ਫੈਲ ਰਹੀ ਹੈ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਹੁਤ ਚੰਬੜ ਗਈ ਹੈ। ਮਾਇਆ ਦੁਬਿਧਾ ਦਾ ਸਰੂਪ ਹੈ। ਦੂਰ ਨਹੀਂ ਹੁੰਦੀ, ਇਸ ਕਰਕੇ ਗੁਰੂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ :-

ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥
ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥
(ਸਿਰੀ ਰਾਗੁ ਮ. ੩/੬੭)

ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਇਹ ਸੱਚ ਹੈ ਕਿ ਮਾਇਆ ਤੋਂ ਵੱਡਾ ਬਲਵਾਨ ਸੰਸਾਰ ਵਿਚ ਕੋਈ ਨਹੀਂ, ਜਿਸਨੇ ਦੇਖੋ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਸਭ ਤੋਂ ਵੱਡੇ ਦੇਉਤਿਆਂ ਨੂੰ ਭੀ ਛਲ ਲਿਆ। ਆਖਦੇ ਹਨ ਕਿ ਇਹ ਮਾਇਆ ਸਰਪਣੀ ਆਪਣੀ ਵਿਸ ਨਾਲ ਡੰਗਦੀ, ਮਾਰੋ ਮਾਰ ਕਰਦੀ ਬਿਜੈਮਾਨ ਸੂਰਮੇ ਵਾਂਗੂੰ ਫਿਰਦੀ ਨਿਰਮਲ ਜਲਾਂ ਵਿਚ ਪਹੁੰਚ ਪੈਂਦੀ ਹੈ। ਭਾਵ ਹੈ ਵਿਦਵਾਨਾਂ ਤੇ ਸਾਧਸੰਗਾਂ ਵਿਚ ਜੋ ਨਿਰਮਲ ਸਥਾਨ ਹਨ, ਉਥੇ ਭੀ ਪਰਵੇਸ਼ ਕਰ ਗਈ ਦਿਸ ਪੈਂਦੀ ਹੈ :

ਸਰਪਨੀ ਤੇ ਊਪਰਿ ਨਹੀ ਬਲੀਆ ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥
ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥
(ਆਸਾ ਕਬੀਰ ੪੮੦)

ਗੁਰੂ ਅਰਜਨ ਦੇਵ ਜੀ ਉਚਾਰਦੇ ਹਨ ਕਿ ਹੇ ਮੇਰੇ ਭਾਈ ! ਪਰਮਾਤਮਾ ਨੇ ਮਾਇਆ ਇਕ ਅਜੇਹੀ ਇਸਤ੍ਰੀ ਪੈਦਾ ਕੀਤੀ ਹੋਈ ਹੈ ਕਿ ਉਸ ਨੇ ਸਾਰੇ ਜਗਤ ਨੂੰ ਖਾ ਲਿਆ ਹੈ। ਮਾਇਆ ਡਰਾਉਣੇ ਰੂਪ ਵਾਲੀ ਭਿਆਨਕ ਹੈ, ਪਰ ਭਿਆਨਕ ਸੂਰਤ ਤੇ ਹਾਨੀਕਾਰਕ ਵਰਤਾਉ ਨੂੰ ਕੋਈ ਸਮਝਦਾ ਨਹੀਂ, ਕਿਉਂਕਿ ਉਹ ਆਪਣੀ ਹਰ ਪ੍ਰਕਾਰ ਦੀ ਭਿਆਨਕਤਾ ਨੂੰ ਲੁਕਾ ਲੈਂਦੀ ਹੈ। ਉਸ ਪਾਸ ਇਕ ਠੱਗ-ਬੂਟੀ ਹੈ, ਉਹ ਜੀਵਾਂ ਨੂੰ ਪਾ ਕੇ ਠੱਗ ਲੈਂਦੀ ਹੈ, ਜਿਸਦੇ ਨਸ਼ੇ ਵਿਚ ਜੀਵਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਬੜੀ ਸੁੰਦਰ ਮੋਹਨੀ ਤੇ ਸੁਖਦਾਤੀ ਦਿੱਸਣ ਲੱਗ ਪੈਂਦੀ ਹੈ। ਇਸ ਨੇ ਇਸ ਦਾਉ ਬਾਜ਼ੀ ਨਾਲ ਸਾਰੇ ਜਗਤ ਨੂੰ ਕਾਬੂ ਕਰ ਰੱਖਿਆ ਹੈ। ਪ੍ਰਸ਼ਨ ਹੁੰਦਾ ਹੈ ਕਿ ਤੀਰਥਾਟਨੀ, ਪਾਵਨ ਸਥਾਨ ਤੇ ਸ਼ਨਾਨੀ, ਬਰਤੀ ਨੇਮ ਤੇ ਪੁੰਨਦਾਨ ਕਰਨੇ ਵਾਲੇ ਲੋਕ ਤਾਂ ਬੱਚ ਗਏ ਹੋਣਗੇ? ਉੱਤਰ ਹੈ ਕਿ ਉਹ ਭੀ ਸਭ ਕੁਛ ਕਰ ਕਰਕੇ ਥੱਕ ਗਏ, ਭਾਵ ਬਚ ਨਹੀਂ ਸਕੇ। ਫੇਰ ਪ੍ਰਸ਼ਨ ਹੁੰਦਾ ਹੈ ਕਿ ਦੇਉਤੇ ਤਾਂ ਬਚ ਗਏ ਹੋਣਗੇ? ਫੁਰਮਾਉਂਦੇ ਹਨ : ਨਹੀਂ, ਵੱਡੇ ਦੇਵਤੇ ਬ੍ਰਹਮਾ, ਬਿਸ਼ਨ, ਸ਼ਿਵ ਭੀ ਉਸ ਦੇ ਮੋਹੇ ਹੋਏ ਮੋਹੇ ਗਏ, ਛੋਟਿਆਂ ਦਾ ਕੀ ਕਹਿਣਾ ਹੈ। ਉਸ ਮਾਇਆ ਇਸਤ੍ਰੀ ਪਾਸ 'ਮੋਹ' ਇਕ ਐਸੀ ਠੱਗ ਲੈਣ ਵਾਲੀ ਸ਼ੈ ਹੈ ਕਿ ਜਿਸ ਨਾਲ ਸਭ ਠੱਗੇ ਜਾਂਦੇ ਹਨ। ਉਹਨਾਂ ਜੀਵਾਂ ਦੇ ਅੰਦਰ 'ਹਉਮੈ' ਦੀ ਇਕ ਕਮਜ਼ੋਰੀ ਹੈ ਜੋ 'ਮੋਹ' ਦੇ ਕਾਬੂ ਝੱਟ ਪੈ ਜਾਂਦੀ ਹੈ :

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥
ਬੋਲੈ ਕਉੜਾ ਜਿਹਬਾ ਕੀ ਫੂੜਿ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥
ਐਸੀ ਇਸਤ੍ਰੀ ਇਕ ਰਾਮਿ ਉਪਾਈ ॥
ਉਨਿ ਸਭੁ ਜਗੁ ਖਾਇਆ
ਹਮ ਗੁਰਿ ਰਾਖੇ ਮੇਰੇ ਭਾਈ ॥੧॥ ਰਹਾਉ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥
ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥
ਤਟ ਤੀਰਥ ਭਵੇ ਸਭ ਧਰਨਾ ॥
ਸੇ ਉਬਰੇ ਜਿ ਸਤਿਗੁਰ ਸਰਨਾ ॥੩॥
ਮਾਇਆ ਮੋਹਿ ਸਭੋ ਜਗੁ ਬਾਧਾ ॥
ਹਉਮੈ ਪਚੈ ਮਨਮੁਖ ਮੂਰਾਖਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥

(ਆਸਾ ਮ. ੫/੩੯੪)

ਭਗਤ ਕਬੀਰ ਜੀ ਆਖਦੇ ਹਨ ਹੇ ਭਰਾਵੋ ! ਮਾਇਆ ਇਤਨੀ ਬਲ ਵਾਲੀ, ਮੋਹਣ ਵਾਲੀ ਹੈ ਕਿ ਜਿਤਨੇ ਭੀ ਜੀਵ ਜਗਤ ਵਿਚ ਹਨ, ਸਭ ਨੂੰ ਡੁਲਾ ਦੇਂਦੀ ਹੈ। ਪਾਣੀ ਵਿਚ ਰਹਿਣ ਵਾਲੀਆਂ ਮੱਛੀਆਂ ਮਾਇਆ ਵਿਚ ਵਿਝੀਆਂ ਪਈਆਂ ਹਨ, ਦੀਵਿਆਂ ਉੱਤੇ ਸੜਨ ਵਾਲੇ ਭੰਬਟ ਮਾਇਆ ਵਿਚ ਪਰੋਤੇ ਹੋਏ ਹਨ। ਕਾਮ-ਵਾਸ਼ਨਾ ਰੂਪ ਮਾਇਆ ਹਾਥੀ ਉੱਤੇ ਦਬਾਉ ਪਾਉਂਦੀ। ਸੱਪ ਤੇ ਭੌਰੇ ਭੀ ਮਾਇਆ ਵਿਚ ਦੁਖੀ ਹੋ ਰਹੇ ਹਨ। ਪੰਛੀ, ਜੰਗਲ ਦੇ ਪਸ਼ੂ ਸਭ ਮਾਇਆ ਵਿਚ ਰੰਗੇ ਪਏ ਹਨ। ਸ਼ੱਕਰ (ਮਿੱਠਾ) ਰੂਪ ਮਾਇਆ ਮੱਖੀ ਨੂੰ ਬੜਾ ਦੁਖੀ ਕਰ ਰਹੀ ਹੈ। ਘੋੜੇ ਊਠ ਸਭ ਮਾਇਆ ਵਿਚ ਫਸੇ ਪਏ ਹਨ। ਚੌਰਾਸੀਹ ਸਿੱਧ ਭੀ ਮਾਇਆ ਵਿਚ ਖੇਡ ਰਹੇ ਹਨ। ਜਤੀ ਭੀ ਮਾਇਆ ਦੇ ਹੀ ਗੁਲਾਮ ਹਨ। ਨੌਂ ਨਾਥ ਸੂਰਜ ਦੇਵਤਾ ਅਤੇ ਚੰਦ੍ਰਮਾ ਵੱਡੇ ਵੱਡੇ ਤਪੀ ਤੇ ਰਿਸ਼ੀ ਸਭ ਮਾਇਆ ਵਿਚ ਸੁੱਤੇ ਪਏ ਹਨ। ਮੌਤ ਦਾ ਸਹਿਮ ਤੇ ਪੰਜੇ ਵਿਕਾਰ ਭੀ ਮਾਇਆ ਵਿਚ ਹੀ ਜੀਵਾਂ ਨੂੰ ਵਿਆਪਦੇ ਹਨ। ਕੁੱਤੇ, ਗਿੱਦੜ, ਬਾਂਦਰ, ਚਿਤਰੇ, ਸ਼ੇਰ ਸਭ ਮਾਇਆ ਵਿਚ ਰੰਗੇ ਪਏ ਹਨ। ਬਿੱਲੇ, ਭੇਡਾਂ, ਲੂੰਬੜ, ਰੁੱਖ, ਕੰਦ-ਮੂਲ ਸਭ ਮਾਇਆ ਦੇ ਹੀ ਅਧੀਨ ਹਨ। ਦੇਵਤੇ ਭੀ ਮਾਇਆ ਦੇ ਮੋਹ ਵਿਚ ਭਿੱਜੇ ਪਏ ਹਨ। ਸਮੁੰਦਰ, ਸ੍ਵਰਗ, ਧਰਤੀ ਇਹਨਾਂ ਸਭਨਾਂ ਦੇ ਜੀਵ ਮਾਇਆ ਵਿਚ ਹੀ ਹਨ। ਮੁੱਕਦੀ ਗੱਲ ਇਹ ਹੈ ਕਿ ਜਿਸ ਨੂੰ ਢਿੱਡ ਲੱਗਿਆ ਹੋਇਆ ਹੈ ਉਸ ਨੂੰ ਭਾਵ ਹਰੇਕ ਜੀਵ ਨੂੰ ਮਾਇਆ ਵਿਆਪ ਰਹੀ ਹੈ। ਜਦੋਂ ਗੁਰੂ ਜੀ ਮਿਲੇ ਤਦੋਂ ਹੀ ਜੀਵ ਮਾਇਆ ਦੇ ਪ੍ਰਭਾਵ ਤੋਂ ਬਚਦਾ ਹੈ :

ਜਲ ਮਹਿ ਮੀਨ ਮਾਇਆ ਕੇ ਬੇਧੇ ॥
ਦੀਪਕ ਪਤੰਗ ਮਾਇਆ ਕੇ ਛੇਦੇ ॥
ਕਾਮ ਮਾਇਆ ਕੁੰਚਰ ਕਉ ਬਿਆਪੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥
ਮਾਇਆ ਐਸੀ ਮੋਹਨੀ ਭਾਈ ॥
ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥
ਸਾਕਰ ਮਾਖੀ ਅਧਿਕ ਸੰਤਾਪੇ ॥
ਤੁਰੇ ਉਸਟ ਮਾਇਆ ਮਹਿ ਭੇਲਾ ॥
ਸਿਧ ਚਉਰਾਸੀ ਹ ਮਾਇਆ ਮਹਿ ਖੇਲਾ ॥੨॥
ਛਿਅ ਜਤੀ ਮਾਇਆ ਕੇ ਬੰਦਾ ॥
ਨਵੈ ਨਾਥ ਸੂਰਜ ਅਰੁ ਚੰਦਾ ॥
ਤਪੇ ਰਖੀਸਰ ਮਾਇਆ ਮਹਿ ਸੂਤਾ ॥
ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥
ਸੁਆਨ ਸਿਆਲ ਮਾਇਆ ਮਹਿ ਰਾਤਾ ॥
ਬੰਤਰ ਚੀਤੇ ਅਰੁ ਸਿੰਘਾਤਾ ॥
ਮਾਂਜਾਰ ਗਾਡਰ ਅਰੁ ਲੂਬਰਾ ॥
ਬਿਰਖ ਮੂਲ ਮਾਇਆ ਮਹਿ ਪਰਾ ॥੪॥
ਮਾਇਆ ਅੰਤਰਿ ਭੀਨੇ ਦੇਵ ॥
ਸਾਗਰ ਇੰਦ੍ਰਾ ਅਰੁ ਧਰਤੇਵ ॥
ਕਹਿ ਕਬੀਰ ਜਿਸੁ ਉਦਰੁ, ਤਿਸੁ ਮਾਇਆ ॥
ਤਬ ਛੂਟੇ ਜਬ ਸਾਧੂ ਪਾਇਆ ॥

(ਭੈਰਉ ਕਬੀਰ ਜੀ ੧੧੬੦)

ਮਾਇਆ ਇਕ ਛਲਾਵਾ ਹੈ ਜੋ ਕਈ ਰੂਪ ਵਿਖਾ ਕੇ ਛੇਤੀ ਹੀ ਗੁੰਮ ਹੋ ਜਾਂਦਾ ਹੈ। ਪਰਮਾਤਮਾ ਦੇ ਭਜਨ ਤੋਂ ਬਿਨਾਂ ਇਸ ਮਾਇਆ ਦੀ ਪਾਂਇਆਂ ਇਤਨੀ ਹੈ ਜਿਵੇਂ ਕਿ ਕੱਖਾਂ ਦੀ ਅੱਗ ਹੈ, ਬੱਦਲਾਂ ਦੀ ਛਾਂ ਹੈ, ਦਰਿਆ ਦੇ ਹੜ ਦਾ ਪਾਣੀ :

ਮਾਈ ਮਾਇਆ ਛਲੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥
(ਟੋਡੀ ਮ. ੫/੭੧੭)

ਜੋ ਜੋਗੀ, ਮੁਨੀ ਇੰਦ੍ਰੀਆਂ ਨੂੰ ਵੱਸ ਕਰਨ ਵਾਲੇ, ਸ਼ਾਸਤਰਾਂ ਦੇ ਗਿਆਤਾ ਕਹਾਉਂਦੇ ਹਨ, ਉਹ ਸਭ ਮਾਇਆ ਨੇ ਆਪਣੇ ਵੱਸ ਕਰ ਲਏ ਹਨ। ਤਿੰਨੇ ਦੇਵਤੇ (ਬ੍ਰਹਮਾ, ਵਿਸਨੂੰ ਅਤੇ ਸ਼ਿਵ) ਅਤੇ ਹੋਰ ਛੋਟੇ ਤੇਤੀ ਕ੍ਰੋੜ ਦੇਵਤੇ ਸਭ ਮਾਇਆ ਅੱਗੇ ਹੈਰਾਨ ਹਨ ਅਤੇ ਉਹਨਾਂ ਦੀ ਹੈਰਾਨਗੀ ਦੀ ਹੱਦ ਨਾ ਰਹੀ :-

ਮੁਨਿ ਜੋਗੀ ਸਾਸਤ੍ਰਗਿ ਕਹਾਵਤ
ਸਭ ਕੀਨ੍ਹੇ ਬਸਿ ਅਪਨਹੀ ॥
ਤੀਨਿ ਦੇਵ ਅਰੁ ਕੋੜਿ ਤੇਤੀਸਾ
ਤਿਨ ਕੀ ਹੈਰਤਿ ਕਛੁ ਨ ਰਹੀ ॥ (ਗੁਜਰੀ ਮ. ੫/੪੯੮)

ਜਿਸ ਮਾਇਆ ਨੇ ਸਾਰੇ ਤ੍ਰੈ-ਗੁਣੀ ਸੰਸਾਰ ਨੂੰ ਸਾਰੇ ਚਾਰ-ਕੂਟ ਜਗਤ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ, ਜਿਸ ਨੇ ਜੱਗ ਕਰਨ ਵਾਲੇ, ਇਸ਼ਨਾਨ ਕਰਨ ਵਾਲੇ, ਤਪ ਕਰਨ ਵਾਲੇ ਸਾਰੇ ਥਾਂ ਭੰਨ ਕੇ ਰੱਖ ਦਿੱਤੇ ਹਨ, ਇਸ ਜੀਵ ਵਿਚਾਰੇ ਦੀ ਕੀ ਪਾਂਇਆਂ ਹੈ ਕਿ ਉਸ ਦਾ ਟਾਕਰਾ ਕਰ ਸਕੇ। ਉਹ ਮਾਇਆ ਜਦੋਂ ਮਨੁੱਖ ਨੂੰ ਆ ਕੇ ਭਰਮਾਉਂਦੀ ਹੈ, ਤਦੋਂ ਨਾ ਉਸ ਦੀ ਆਵਾਜ਼ ਸੁਣੀਂਦੀ ਹੈ, ਨਾ ਉਹ ਮੂੰਹੋਂ ਬੋਲਦੀ ਹੈ, ਨਾ ਉਹ ਅੱਖੀਂ ਦਿੱਸਦੀ ਹੈ। ਕੋਈ ਅਜੇਹੀ ਨਸ਼ੀਲੀ ਚੀਜ਼ ਖਵਾ ਕੇ ਮਨੁੱਖ ਨੂੰ ਕੁਰਾਹੇ ਪਾ ਦੇਂਦੀ ਹੈ ਕਿ ਸਭਨਾਂ ਦੇ ਮਨ ਵਿਚ ਉਹ ਪਿਆਰੀ ਪਈ ਲੱਗਦੀ ਹੈ। ਮਾਂ, ਪਿਉ, ਪੁੱਤਰ, ਭਰਾ ਉਸ ਮਾਇਆ ਨੇ ਹਰੇਕ ਦੇ ਹਿਰਦੇ ਵਿਚ ਵਿਤਕਰਾ ਪਾ ਰੱਖਿਆ ਹੈ। ਕਿਸੇ ਪਾਸ ਮਾਇਆ ਬਹੁਤੀ ਹੈ, ਕਿਸੇ ਪਾਸ ਥੋੜੀ ਹੈ, ਬੱਸ ਇਸੇ ਗੱਲੇ ਸਾਰੇ ਆਪੋ ਵਿਚ ਲੜ ਲੜ ਕੇ ਪਏ ਖਪਦੇ ਹਨ :

ਜਿਨਿ ਕੀਨੇ ਵਸਿ ਅਪੁਨੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥
ਜਗ ਇਸਨਾਨ ਤਾਪ ਥਾਨ ਖੰਡੇ
ਕਿਆ ਇਹੁ ਜੰਤੁ ਵਿਚਾਰਾ ॥੧॥
ਪ੍ਰਭ ਕੀ ਓਟ ਗਹੀ ਤਉ ਛੂਟੋ ॥
ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ
ਬਿਖੇ ਬਿਆਧਿ ਤਬ ਹੂਟੋ ॥੧॥ਰਹਾਉ॥

ਨਹ ਸੁਣੀਐ ਨਹ ਮੁਖ ਤੇ
ਬਕੀਐ ਨਹ ਮੋਹੈ ਉਹ ਡੀਠੀ ॥
ਐਸੀ ਠਗਉਰੀ ਪਾਇ ਭੁਲਾਵੈ
ਮਨਿ ਸਭ ਕੈ ਲਾਗੈ ਮੀਠੀ ॥੨॥
ਮਾਇ ਬਾਪ ਪੂਤ ਹਿਤ ਭ੍ਰਾਤਾ
ਉਨਿ ਘਰਿਘਰਿ ਮੇਲਿਓ ਦੂਆ ॥
ਕਿਸ ਹੀ ਵਾਧਿ ਘਾਟਿ ਕਿਸ ਹੀ
ਪਹਿ ਸਗਲੇ ਲਰਿ ਲਰਿ ਮੂਆ ॥

(ਧਨਾਸਰੀ ਮ. ੫/੬੭੩)

ਮਾਇਆ ਸੱਪਣੀ ਬਣੀ ਹੋਈ ਹੈ ਜਗਤ ਵਿਚ ਹਰੇਕ ਜੀਵ ਨੂੰ ਚੰਬੜੀ ਹੋਈ ਹੈ, ਜੋ ਇਸ ਦਾ ਗੁਲਾਮ ਬਣਦਾ ਹੈ ਉਸੇ ਨੂੰ ਇਹ ਤਬਾਹ ਕਰ ਦਿੰਦੀ ਹੈ। (ਭਾਵ ਜੋ ਨਿਰੇ ਪੂਰੇ ਮਾਇਆ ਦੇ ਪ੍ਰੇਮੀ ਹੋ ਜਾਂਦੇ ਹਨ ਉਹਨਾਂ ਦਾ ਅੱਗਾ ਬਹੁਤ ਵਿਗਾੜ ਦਿੰਦੀ ਹੈ, ਇਹ ਇਸ ਦਾ ਖਾ ਜਾਣਾ ਹੈ)। ਕੋਈ ਵਿਰਲਾ ਇਸ ਝਾੜਨ ਵਾਲਾ ਗੁਰਮੁਖਿ ਰੂਪੀ ਮਾਂਦੀ ਹੁੰਦਾ ਹੈ ਉਹ ਇਸ ਨੂੰ ਮਲਕੇ, ਦਲਕੇ ਪੈਰਾਂ ਤਲੇ ਸਿੱਟ ਲੈਂਦਾ ਹੈ। ਗੁਰੂ ਜੀ ਆਖਦੇ ਹਨ। ਇਸ ਤੋਂ ਉਹੀ ਬਚਦੇ ਹਨ ਜੋ ਸੱਚ ਵਿਚ ਲਿਵ ਲਾਈ ਰਖਦੇ ਹਨ (ਭਾਵ ਸਤਿ ਸਰੂਪ ਵਾਹਿਗੁਰੂ ਜੀ ਵਿਚ ਲਿਵ ਲਾਈ ਰੱਖਦੇ ਹਨ :

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

(ਗੁਜਰੀ ਕੀ ਵਾਰ ਮ. ੩/੫੧੦)

ਇਸ ਸਲੋਕ ਵਿਚ ਗੁਰੂ ਅਮਰ ਦਾਸ ਸਾਹਿਬ ਜੀ ਨੇ ਮਾਇਆ ਦੀ ਸਬਲਤਾ ਹੋਰ ਦਿਖਲਾਈ ਹੈ। ਇਸ ਵਿਚ ਇਸ ਦੀ ਸਬਲਤਾ ਤੋੜਨ ਦਾ ਇਲਾਜ ਭੀ ਦੱਸਿਆ ਤੇ ਜਗਤ ਦੇ ਇਕ ਮਾਦਾ ਤੋਂ ਹੁੰਦੇ ਆਏ ਤੇ ਆ ਰਹੇ ਪ੍ਰਸ਼ਨ ਦਾ ਉੱਤਰ ਭੀ ਦਿੱਤਾ ਹੈ। ਮਾਇਆ ਨੂੰ ਉਸ ਨਾਗਨ ਨਾਲ ਤਸ਼ਬੀਹ ਦਿੱਤੀ ਹੈ ਜੋ ਆਪਣੇ ਸ਼ਿਕਾਰ ਦੇ ਦੁਆਲੇ ਲਪੇਟ ਮਾਰਕੇ ਉਸ ਨੂੰ ਨੱਸਣ ਭੱਜਣ ਜੋਗਾ ਨਹੀਂ ਛੱਡਦੀ। ਫੇਰ ਉਸ ਨੂੰ ਸਹਿਜੇ ਸਹਿਜੇ ਨਿਗਲਦੀ ਖਾ ਜਾਂਦੀ ਹੈ ਤੇ ਪੰਜਾਬੀ ਵਿਚ ਅਸਰਾਲ ਆਖਦੇ ਹਨ। ਇਹ ਜੇ ਕਿਸੇ ਹਿਰਨ ਨੂੰ ਪਕੜ ਲਵੇ ਤਾਂ ਲਪੇਟ ਪਾਕੇ ਕਾਬੂ ਕਰਦੀ ਹੈ ਤੇ ਇਸ ਦਾ ਕੋਈ ਅੰਗ ਮੂੰਹ ਵਿਚ ਪਾਕੇ ਬਹਿ ਜਾਂਦੀ ਹੈ, ਉਹ ਅੰਗ ਮੂੰਹ ਵਿਚ ਗਲਦੇ ਘੁਲਦੇ ਅੰਦਰ ਲੰਘਦੇ ਜਾਂਦੇ ਹਨ। ਜੋ ਇਸ ਦੇ ਨੇੜੇ ਜਾਂ ਪਹੁੰਚ ਅੰਦਰ ਆ ਜਾਵੇ ਉਸੇ ਨੂੰ ਇਸ ਤਰ੍ਹਾਂ ਖਾ ਜਾਂਦੀ ਹੈ। 'ਸੇਵ ਕਰ' ਦਾ ਇਹ ਭਾਵ ਹੈ।

ਇਸ ਮਾਇਆ ਨਾਗਨ ਤੋਂ ਬਚਣੇ ਦਾ ਦਾਰੂ ਦੱਸਦੇ ਹਨ ਇਹ ਹੈ ਕਿ ਸੱਚ ਨਾਲ ਲਿਵ ਲਾਓ। ਉਹ ਲਿਵ ਨਾਮ ਦੁਆਰਾ ਲਗਦੀ ਹੈ, ਨਾਮ ਦਾਤਾ ਗੁਰੂ ਹੈ।

ਹੁਣ ਸੁਆਲ ਹੁੰਦਾ ਹੈ ਕਿ ਮਾਇਆ ਬਿਨਾਂ ਵਿਹਾਰ ਕੀ ਕੂ ਚੱਲਦੇ ਹਨ, ਰੋਟੀ ਕਿਵੇਂ ਪ੍ਰਾਪਤ ਹੁੰਦੀ ਹੈ? ਤਾਂ ਦੱਸਦੇ ਹਨ ਕਿ ਇਸ ਤੋਂ ਡਰ ਕੇ ਭੱਜ ਜਾਣਾ ਤਾਂ ਅਸੀਂ ਨਹੀਂ ਸਿਖਾਲ ਰਹੇ, ਅਸੀਂ ਤਾਂ ਗੁਰਮੁਖਿ ਬਣਾਨਾ ਸਿਖਾਲ ਰਹੇ ਹਾਂ। ਗੁਰਮੁਖਿ ਹੋ ਜਾਉਗੇ ਤਾਂ ਤੁਸੀਂ ਮਾਇਆ ਨਾਗਨ ਦੇ ਮਾਂਦੀ ਹੋ ਜਾਓਗੇ। 'ਗਾਰੁੜੂ ਮੰਤ੍ਰ' ਆਖਦੇ ਹਨ ਕਿ ਨਾਗਨਾਂ ਨੂੰ ਵੱਸ ਕਰ ਲੈਂਦਾ ਹੈ, ਤਿਵੇਂ ਗੁਰਮੁਖਿ ਦਾ 'ਨਾਮ ਮੰਤ੍ਰ' ਮਾਇਆ ਨੂੰ ਵੱਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰ ਲੈਂਦਾ ਹੈ,ਵੱਸ ਕਰਕੇ ਗੁਰਮੁਖਿ ਉਸਤੋਂ ਪਰਉਪਕਾਰ ਤੇ ਭਲੇ ਕਰਮ ਕਰਨ ਦੀ ਸੇਵਾ ਲੈਂਦੇ ਹਨ, ਇਹ ਹੈ, 'ਮਲ ਦਲ ਲਾਈ ਪਾਇ' ਦਾ ਭਾਵ। ਐਸੇ ਗੁਰਮੁਖਿ ਮਾਇਆ ਦੀ ਮਾਇਕ ਅਸੱਤਿਤਾ ਨੂੰ ਪਛਾਣਦੇ ਹਨ। ਸੱਚ ਵਿਚ ਲਿਵ ਧਾਰੀ ਹੁੰਦੇ ਹਨ, ਉਹਨਾਂ ਨੂੰ ਨਾ ਮਾਇਆ ਲਪੇਟ ਮਾਰ ਸਕਦੀ ਹੈ, ਨਾ ਖਾ ਸਕਦੀ ਹੈ, ਨਾ ਵਿਸ ਚਾੜ ਸਕਦੀ ਹੈ।

ਮਨਮੁਖ ਮਾਇਆ ਦੇ ਵੱਸ ਪੈ ਕੇ ਜ਼ਿੰਦਗੀ ਗਾਲ ਲੈਂਦੇ ਹਨ, ਤੇ ਗੁਰਮੁਖਿ ਬਚੇ ਰਹਿੰਦੇ ਹਨ। ਮਨਮੁਖਾਂ ਨੂੰ ਹਰੀ-ਨਾਮ ਦਾ ਸੁਆਦ ਨਹੀਂ ਆਉਂਦਾ, ਭਾਵੇਂ ਉਹ ਉਨ੍ਹਾਂ ਦੇ ਅੰਦਰ ਹੀ ਪਿਆ ਹੁੰਦਾ ਹੈ। ਗੁਰਮੁਖਿ ਲੋਕ ਗੁਰੂ ਜੀ ਦੇ ਸਮਝਾਏ ਹੋਏ ਨਾਮ ਨੂੰ ਅੰਦਰ ਹੀ ਦੇਖ ਲੈਂਦੇ ਅਤੇ ਇਸ ਦੇ ਸੁਆਦ ਵਿਚ ਲੱਗੇ ਰਹਿੰਦੇ ਹਨ।

ਸਤਿਗੁਰੂ ਜੀ ਦੇ ਸਨਮੁਖ ਹੋ ਕੇ ਇਹ ਦਿੱਸ ਪੈਂਦਾ ਹੈ ਕਿ ਸੰਸਾਰ ਨਾਮ ਤੋਂ ਬਿਨਾਂ ਕਮਲਾ ਹੋਇਆ ਭਟਕਦਾ ਹੈ, ਮਾਇਆ ਦੇ ਕਜ਼ੀਏ ਕਰਦਿਆਂ ਮਨੁੱਖਾ ਜਨਮ ਨਿਸਫਲ ਗਵਾ ਲੈਂਦਾ ਹੈ ਤੇ ਸੁਖਦਾਤਾ ਨਾਮ ਮਨ ਵਿਚ ਨਹੀਂ ਵਸਾਉਂਦਾ :

ਮਾਇਆ ਮਮਤਾ ਮੋਹਣੀ ਜਿਨਿ
ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ
ਜਿਨੀ ਸਚਿ ਨਾਮਿ ਚਿਤੁ ਲਾਇਆ ॥
ਬਿਨੁ ਨਾਵੈ ਜਗੁ ਕਮਲਾ ਫਿਰੈ
ਗੁਰਮੁਖਿ ਨਦਰੀ ਆਇਆ ॥
ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ
ਸੁਖਦਾਤਾ ਮਨਿ ਨ ਵਸਾਇਆ ॥੧॥

(ਸੋਰਠਿ ਵਾਰ ਮ. ੪/੬੪੩)

ਮਾਇਆ ਦਾ ਮੋਹ ਸਾਰੇ ਜਗਤ ਨੂੰ ਵਿਆਪ ਰਿਹਾ ਹੈ, ਸਾਰੇ ਹੀ ਜੀਵ ਤਿੰਨਾਂ ਗੁਣਾਂ ਦੇ ਪ੍ਰਭਾਵ ਹੇਠ ਹਨ, ਮਾਇਆ ਦੇ ਮੋਹੇ ਹੋਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਦੀ ਕਿਰਪਾ ਨਾਲ ਕਈ ਵਿਰਲਾ ਮਨੁੱਖ ਇਸ ਗੱਲ ਨੂੰ ਸਮਝਦਾ ਹੈ। ਉਹ ਇਹਨਾਂ ਤਿੰਨਾਂ ਗੁਣਾਂ ਦੀ ਮਾਰ ਤੋਂ ਉੱਪਰ ਚੌਥੇ ਪਦ ਵਿਚ ਲਿਵ ਲਾਉਂਦਾ ਹੈ। ਗੁਰੂ ਜੀ ਆਖਦੇ ਹਨ ਕਿ ਮੈਂ ਉਨ੍ਹਾਂ ਮਨੁੱਖਾਂ ਤੋਂ ਸਦਾ ਸਦਕੇ ਹਾਂ, ਕੁਰਬਾਨ ਹਾਂ, ਜਿਹੜੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਣੇ ਅੰਦਰੋਂ ਮਾਇਆ ਦਾ ਮੋਹ ਸਾੜ ਦੇਂਦੇ ਹਨ। ਜੋ ਮਾਇਆ ਦਾ ਮੋਹ ਸਾੜ ਲੈਂਦਾ ਹੈ ਉਹ ਪਰਮਾਤਮਾ ਨਾਲ ਲਿਵ ਲਾਉਂਦਾ ਹੈ। ਉਹੀ ਹਰੀ ਦੇ ਦਰ ਤੇ ਹਰੀ ਦੀ ਹਜ਼ੂਰੀ ਵਿਚ ਇੱਜ਼ਤ ਪਾਉਂਦਾ ਹੈ। ਇਹ ਮਾਇਆ ਹੀ ਭਾਵ, ਸੁਖਾਂ ਦੀ ਕਾਮਨਾ ਤੇ ਦੁੱਖਾਂ ਤੋਂ ਡਰ ਦੇਵੀਆਂ ਦੇਵਤੇ ਰਚੇ ਜਾਣ ਦਾ ਕਾਰਨ ਹੈ, ਇਸ ਮਾਇਆ ਨੇ ਹੀ ਸਿਮ੍ਰਿਤੀਆਂ ਤੇ ਸ਼ਾਸਤਰ ਪੈਦਾ ਕਰ ਦਿਤੇ ਭਾਵ, ਸੁਖਾਂ ਦੀ ਪ੍ਰਾਪਤੀ ਤੇ ਦੁੱਖਾਂ ਦੀ ਨਿਵਿਰਤੀ ਦੀ ਖਾਤਰ ਹੀ ਸਿਮ੍ਰਿਤੀਆਂ ਸ਼ਾਸਤਰਾਂ ਦੇ ਰਾਹੀਂ ਕਰਮ ਕਾਂਡ ਰਚੇ ਗਏ। ਸਾਰੇ ਸੰਸਾਰ ਵਿਚ ਸੁਖਾਂ ਦੀ ਲਾਲਸਾ ਤੇ ਦੁੱਖਾਂ ਤੋਂ ਡਰ ਦਾ ਜਜ਼ਬਾ ਪਸਰ ਰਿਹਾ ਹੈ, ਜਿਸ ਕਰਕੇ ਜੀਵ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਪਾ ਰਹੇ ਹਨ :

ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ
ਚਉਥੈ ਪਦਿ ਲਿਵ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਮਾਇਆ
ਮੋਹੁ ਸਬਦਿ ਜਲਾਵਣਿਆ ॥
ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ
ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ਰਹਾਉ॥
ਦੇਵੀ ਦੇਵਾ ਮੂਲੁ ਹੈ ਮਾਇਆ ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਇ ਜਾਇ ਦੁਖੁ ਪਾਵਣਿਆ ॥ (ਮਾਝ ਮ. ੩/੧੨੯)

ਇਹ ਮਾਇਆ ਦੀ ਹਉਮੈ ਸਾਰੇ ਸੰਸਾਰ ਨੂੰ ਆਪਣੇ ਵੱਸ ਵਿਚ ਕਰਨ ਦੀ ਸਮਰਥਾ ਵਾਲੀ ਹੈ, ਇਸ ਦੇ ਅਸਰ ਹੇਠ ਜੀਵ ਪਰਮਾਤਮਾ ਨੂੰ ਵਿਸਾਰ ਕੇ ਹੋਰ ਦੇ ਮੋਹ ਵਿਚ ਜਾ ਫਸਦਾ ਹੈ। ਇਹ ਹਉਮੈ ਨਾ ਕਿਸੇ ਪਾਸੋਂ ਮਾਰੀ ਜਾ ਸਕਦੀ ਹੈ, ਨਾ ਹੀ ਇਹ ਆਪ ਮਰਦੀ ਹੈ, ਨਾ ਹੀ ਇਹ ਕਿਸੇ ਹੱਟੀ ਤੇ ਵੇਚੀ ਜਾ ਸਕਦੀ ਹੈ। ਜਦੋਂ ਇਸ ਨੂੰ ਗੁਰੂ ਦੇ ਸ਼ਬਦ ਦੀ ਰਾਹੀਂ ਚੰਗੀ ਤਰ੍ਹਾਂ ਸਾੜ ਦੇਈਏ, ਤਦੋਂ ਹੀ ਇਹ ਜੀਵ ਦੇ ਅੰਦਰੋਂ ਮੁੱਕਦੀ ਹੈ। ਜਿਸ ਪ੍ਰਾਣੀ ਦੇ ਅੰਦਰੋਂ ਮਾਇਆ ਦੀ ਹਉਮੈ ਮੁੱਕਦੀ ਹੈ ਉਸ ਦਾ ਤਨ ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ, ਉਸ ਦੇ ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ। ਗੁਰੂ ਜੀ ਦਾ ਸਬਦ ਹੀ ਮਾਇਆ ਦਾ ਪ੍ਰਭਾਵ ਮੁਕਾਣ ਦਾ ਵਸੀਲਾ ਹੈ, ਤੇ ਇਹ ਸ਼ਬਦ ਗੁਰੂ ਦੀ ਸ਼ਰਨ ਪਿਆਂ ਮਿਲਦਾ ਹੈ :

ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥
ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥
ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ
ਗੁਰਮੁਖਿ ਪਾਇਆ ਜਾਇ ॥ (ਬਿਲਾਵਲ ਮ. ੩/੮੫੩)

ਭਗਤ ਤ੍ਰਿਲੋਚਣ ਜੀ ਆਖਦੇ ਹਨ ਹੇ ਜੀਵ ! ਮਾਇਆ ਦਾ ਮੋਹ ਤੇਰੇ ਮਨ ਵਿਚ ਬਹੁਤਾ ਭਰਿਆ ਪਿਆ ਹੈ ਜਿਸ ਕਰਕੇ ਤੈਨੂੰ ਇਹ ਡਰ ਨਹੀਂ ਰਿਹਾ ਕਿ ਬੁਢੇਪਾ ਆਉਣਾ ਹੈ, ਮੌਤ ਆਉਣੀ ਹੈ। ਆਪਣੇ ਪਰਿਵਾਰ ਨੂੰ ਵੇਖ ਕੇ ਇਉਂ ਖਿੜਦਾ ਹੈ ਜਿਵੇਂ ਕਉਲ ਫੁੱਲ ਸੂਰਜ ਨੂੰ ਵੇਖ ਕੇ ਖਿੜਦਾ ਹੈ ਅਤੇ ਪਰਾਏ ਘਰ ਵਿੱਚ ਤੱਕਦਾ ਫਿਰਦਾ ਹੈ। ਕੋਈ ਵਿਰਲਾ ਭਗਤ ਜਨ ਜਗਤ ਵਿਚ ਆ ਕੇ ਇਉਂ ਬੇਨਤੀ ਕਰਦਾ ਹੈ— ਹੇ ਮੇਰੇ ਪ੍ਰਭੂ ! ਮੈਨੂੰ ਮਿਲ, ਗਲਵੱਕੜੀ ਪਾ ਕੇ ਮਿਲ। ਹੇ ਮੇਰੇ ਰਮਈਆ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਮਿਲ, ਮੈਨੂੰ ਮਾਇਆ ਦੇ ਮੋਹ ਤੋਂ ਛੁਡਾ ਲੈ, ਜਮਦੂਤ ਵਗਾ ਤੱਗ ਆ ਰਹੇ ਹਨ, ਉਹਨਾਂ ਦੇ ਸਾਹਮਣੇ ਮੈਥੋਂ ਪਲ ਮਾਤ੍ਰ ਭੀ ਅਟਕਿਆ ਨਹੀਂ ਜਾ ਸਕੇਗਾ। ਆਖਦੇ ਹਨ ਹੇ ਪ੍ਰਾਣੀ! ਮਾਇਆ ਦੇ ਅਨੇਕ ਭੋਗਾਂ ਤੇ ਪ੍ਰਤਾਪ ਦੇ ਕਾਰਨ ਤੂੰ ਪ੍ਰਭੂ ਨੂੰ ਭੁਲਾ ਬੈਠਾ ਹੈਂ, ਤੂੰ ਸਮਝਦਾ ਹੈਂ ਕਿ ਇਸ ਸੰਸਾਰ ਸਮੁੰਦਰ ਵਿਚ ਮੈਂ ਸਦਾ ਕਾਇਮ ਰਹਾਂਗਾ, ਮਾਇਆ ਦਾ ਠੱਗਿਆ ਹੋਇਆ ਤੂੰ ਪ੍ਰਭੂ ਨੂੰ ਨਹੀਂ ਸਿਮਰਦਾ। ਹੇ ਆਲਸੀ ਮਨੁੱਖ! ਤੂੰ ਆਪਣਾ ਜਨਮ ਅਜ਼ਾਈਂ ਗਵਾ ਲਿਆ ਹੈ। ਹੇ ਪ੍ਰਾਣੀ! ਤੂੰ ਮਾਇਆ ਦੇ ਮੋਹ ਦੇ ਅਜਿਹੇ ਡਾਢੇ ਹਨੇਰੇ ਰਾਹੇ ਤੁਰ ਰਿਹਾ ਹੈਂ ਜਿੱਥੇ ਨਾ ਸੂਰਜ ਨੂੰ ਦਖਲ ਹੈ, ਨਾ ਚੰਦ੍ਰਮਾ ਨੂੰ, ਭਾਵ, ਜਿਥੇ ਭੈਨੂੰ ਨਾ ਦਿਨੇ ਸੁਰਤ ਆਉਂਦੀ ਹੈ ਨਾ ਰਾਤ ਨੂੰ। ਜਦੋਂ ਮਰਨ ਵੇਲੇ ਸੰਸਾਰ ਨੂੰ ਛੱਡਣ ਲੱਗੋਂ, ਤਦੋਂ ਤਾਂ ਮਾਇਆ ਦਾ ਇਹ ਮੋਹ ਭਾਵ, ਸੰਬੰਧ ਅਵੱਸੋਂ ਛੱਡੇਂਗਾ ਹੀ ਤਾਂ ਫਿਰ ਕਿਉਂ ਨਹੀਂ ਹੁਣੇ ਹੀ ਛੱਡਦਾ ?

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ
ਜਰਾ ਮਰਣੁ ਭਉ ਵਿਸਰਿ ਗਇਆ।
ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ
ਪਰ ਘਰਿ ਜੋਹਹਿ ਕਪਟ ਨਰਾ ॥
ਦੂੜਾ ਆਇਓਹਿ ਜਮਹਿ ਤਣਾ ॥
ਤਿਨ ਆਗਲੜੈ ਮੈ ਰਹਣੁ ਨਾ ਜਾਇ ॥
ਕੋਈ ਕੋਈ ਸਾਜਣ ਆਇ ਕਹੈ ॥
ਮਿਲੁ ਮੇਰੇ ਬੀਠੁਲਾ, ਲੈ ਬਾਹੜੀ ਵਲਾਇ ॥
ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥੧॥ਰਹਾਉ ॥
ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ
ਸੰਸਾਰ ਸਾਗਰ ਪੈ ਅਮਰੁ ਭਇਆ ॥
ਮਾਇਆ ਮੂਠਾ ਚੇਤਸਿ ਨਾਹੀ
ਜਨਮੁ ਗਵਾਇਓ ਆਲਸੀਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ
ਰਵਿ ਸਸਿ ਤਹ ਨ ਪ੍ਰਵੇਸੰ ॥
ਮਾਇਆ ਮੋਹੁ ਤਬ ਬਿਸਰਿ ਗਇਆ
ਜਾਂ ਤਜੀਅਲੇ ਸੰਸਾਰ ॥

8304

(ਸਿਰੀ ਰਾਗੁ ਤ੍ਰਿਲੋਚਨ ਜੀ ੯੨)

ਭਾਵ ! ਜੀਵ ਮਾਇਆ ਦੇ ਮੋਹ ਵਿਚ ਨਕਾ-ਨੱਕ ਫਸੇ ਪਏ ਹਨ, ਕਿਸੇ ਨੂੰ ਨਾ ਮੌਤ ਚੇਤੇ ਹੈ, ਨਾ ਪਰਮਾਤਮਾ। ਪਦਾਰਥ ਦੇ ਰਸਾਂ ਵਿਚ ਮੱਤੇ ਹੋਏ ਸਮਝਦੇ ਹਨ, ਅਸਾਂ ਕਦੇ ਮਰਨਾ ਹੀ ਨਹੀਂ। ਮਨੁੱਖਾ ਜਨਮ ਅਜਾਈਂ ਗਵਾ ਰਹੇ ਹਨ, ਇਹ ਖਿਆਲ ਨਹੀਂ ਆਉਂਦਾ ਕਿ ਇਕ ਦਿਨ ਇਹ ਜਗਤ ਛੱਡਣਾ ਹੀ ਪਏਗਾ ਤੇ ਇਸ ਬਦਕਿਸਮਤੀ ਦੇ ਕਾਰਣ ਜਮਾਂ ਦਾ ਦੰਡ ਸਹਿਣਾ ਹੀ ਪਏਗਾ।

ਪਰ ਹਾਂ, ਕੋਈ ਵਿਰਲੇ ਵਿਰਲੇ ਭਾਗਾਂ ਵਾਲੇ ਹਨ ਜੋ ਇਸ ਅੰਤ ਸਮੇਂ ਨੂੰ ਚੇਤੇ ਰੱਖ ਕੇ ਪਰਮਾਤਮਾ ਦੇ ਦਰ ਤੇ ਅਰਜ਼ੋਈ ਕਰਦੇ ਹਨ ਤੇ ਉਸ ਨੂੰ ਮਿਲਣ ਲਈ ਤਾਂਘਦੇ ਹਨ।

ਮਾਇਆ ਦੀ ਮੈਲ ਹਉਮੈ ਹੈ, ਮਨੁੱਖ ਦਾ ਮਨ ਮਾਇਆ ਦੀ ਮਮਤਾ ਦੀ ਮੈਲ ਨਾਲ ਲਿਬੜਿਆ ਰਹਿੰਦਾ ਹੈ। ਗੁਰੂ ਦੀ ਮਤਿ ਉੱਤੇ ਤੁਰਿਆਂ ਮਨ ਪਵਿੱਤਰ ਹੋ ਜਾਂਦਾ ਹੈ। ਇਸ ਵਾਸਤੇ ਗੁਰੂ ਦੀ ਮਤਿ ਉੱਤੇ ਤੁਰ ਕੇ ਜੀਭ ਨਾਲ ਹਰੀ-ਨਾਮ ਦਾ ਰਸ ਪੀਵੀਏ, ਅੰਦਰ ਜਾਏ ਭਿੱਜ, ਪ੍ਰੇਮ ਨਾਲ ਹਿਰਦਾ ਤਰੋ-ਤਰ ਹੋ ਜਾਵੇ ਤੇ ਸੱਚੇ ਸ਼ਬਦ ਦੁਆਰਾ ਵੀਚਾਰਵਾਨ ਹੋ ਜਾਈਏ । ਹੇ ਭਾਈ ! ਸਭ ਦੇ ਅੰਦਰ ਮਨ ਵਿਚ ਅੰਮ੍ਰਿਤ ਨਾਲ ਭਰਿਆ ਹੋਇਆ ਇਕ ਖੂਹ ਹੈ, ਉਸ ਵਿਚੋਂ ਪਾਣੀ ਭਰਨ ਵਾਲੀ ਸੁਰਤਿ ਸ਼ਬਦ ਦੁਆਰਾ ਅੰਮ੍ਰਿਤ ਕੱਢ ਕੱਢ ਕੇ ਪੀਂਦੀ ਹੈ। ਜਿਸ ਉੱਤੇ ਵਾਹਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹੋ ਹੀ ਸੱਚ ਵਿਚ ਲੱਗਦਾ ਹੈ, ਉਹੀ ਰਸਨਾ ਨਾਲ ਨਾਮ ਨੂੰ ਜਪਦਾ ਹੈ। ਜੋ ਨਾਮ ਵਿਚ ਰੱਤੇ ਹੋਏ ਹਨ ਉਹੀ ਪਵਿੱਤਰ ਹਨ, ਹੋਰ ਹਉਮੈ ਰੂਪੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਲ ਨਾਲ ਭਰੇ ਜਾਂਦੇ ਹਨ :

ਹੰਉਮੈ ਮਾਇਆ ਮੈਲੁ ਹੈ
ਮਾਇਆ ਮੈਲੁ ਭਰੀਜੈ ਰਾਮ ॥
ਗੁਰਮਤੀ ਮਨੁ ਨਿਰਮਲਾ
ਰਸਨਾ ਹਰਿਰਸੁ ਪੀਜੈ ਰਾਮ ॥
ਰਸਨਾ ਹਰਿ ਰਸੁ ਪੀਜੈ ਅੰਤਰੁ
ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ
ਸਬਦੇ ਕਾਢਿ ਪੀਐ ਪਨਿਹਾਰੀ ॥
ਜਿਸੁ ਨਦਰਿ ਕਰੇ ਸੋਈ ਸਚਿ
ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ
ਹੋਰ ਹਉਮੈ ਮੈਲੁ ਭਰੀਜੈ ॥ (ਵਡਹੰਸ ਮ. ੩/੫੭੦)

ਮਨ ਤਾਂ ਮਾਇਆ ਦੇ ਮੋਹ ਨਾਲ ਰੰਗਿਆ ਹੋਇਆ ਹੈ ਤੇ ਮੋਹ ਵਿਚ ਹੋਸ਼ ਹੀ ਕੋਈ ਨਹੀਂ ਰਹਿੰਦੀ। ਤਾਂ ਕੀ ਕੀਤਾ ਜਾਏ ? ਉੱਤਰ ! ਇਸ ਮਨ ਨੂੰ ਗੁਰੂ ਦੁਆਰਾ ਨਾਮ ਨਾਲ ਰੰਗੀਏ, ਤਦ ਦੂਜਾ ਮਾਇਆ ਦਾ ਰੰਗ ਲਹਿ ਜਾਵੇਗਾ। ਹਾਂ, ਦੂਜਾ ਰੰਗ ਚਲਾ ਜਾਵੇਗਾ ਤੇ ਸੱਚ ਵਿਚ ਸਮਾਈ ਹੋ ਜਾਏਗੀ ਤੇ ਅੰਦਰਲੇ ਭੰਡਾਰੇ ਭਾਵ, ਅੰਤਹਕਰਣ ਸੱਚ ਨਾਲ ਭਰੇ ਰਹਿਣਗੇ। ਜੋ ਗੁਰਮੁਖਿ ਹੋਵੇਗਾ ਇਹ ਗੱਲ ਉਹੋ ਸਮਝੇਗਾ ਕਿ ਸੱਚ ਹੀ ਵਿਗੜੇ ਜੀਵ ਨੂੰ ਸੰਵਾਰਨਹਾਰ ਹੈ। ਗੱਲ ਕੀ ਕਿ ਹਰੀ ਆਪੇ ਜਿਸ ਨੂੰ ਮੇਲ ਲਵੇ ਉਹੀ ਉਸ ਨੂੰ ਮਿਲ ਪੈਂਦਾ ਹੈ, ਹੋਰ ਕੁਛ ਕਿਹਾ ਨਹੀਂ ਜਾ ਸਕਦਾ। ਨਾਮ ਤੋਂ ਬਿਨਾ ਹੋਣ ਕਰਕੇ ਜੀਵ ਭਰਮ ਨੇ ਭੁਲਾਇਆ ਹੋਇਆ ਹੈ, ਪਰ ਇਕ ਐਸੇ ਬੀ ਹਨ ਜੋ ਨਾਮ ਵਿਚ ਰੱਤੇ ਹੋਏ ਪ੍ਰਭੂ ਨਾਲ ਰੰਗ ਲਾਏ ਸੁਖੀ ਹਨ :

ਮਾਇਆ ਮੋਹਿ ਮਨੁ ਰੰਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਹਿ ਸੁਧਿ ਨ ਕਾਈ ਰਾਮ ।।
ਗੁਰਮੁਖਿ ਇਹੁ ਮਨੁ ਰੰਗੀਐ
ਦੂਜਾ ਰੰਗੁ ਜਾਈ ਰਾਮ ।।
ਦੂਜਾ ਰੰਗੁ ਜਾਈ ਸਾਚਿ ਸਮਾਈ
ਸਚਿ ਭਰੇ ਭੰਡਾਰਾ ।।
ਗੁਰਮੁਖਿ ਹੋਵੈ ਸੋਈ ਬੂਝੈ
ਸਚਿ ਸਵਾਰਣਹਾਰਾ ।।
ਆਪੇ ਮੇਲੇ ਸੇ ਸੋ ਹਰਿ ਮਿਲੈ
ਹੋਰੁ ਕਹਣਾ ਕਿਛੂ ਨ ਜਾਏ ।।
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ
ਇਕਿ ਨਾਮਿ ਰਤੇ ਰੰਗੁ ਲਾਏ ।।੪।।੫।।

(ਵਡਹੰਸ ਮ. ੩/੫੭੧)

ਮਾਇਆ ਦਾ ਮੋਹ ਸਾਰਾ ਇਕ ਝੱਲ ਪੁਣਾ ਹੈ, ਇਹ ਦ੍ਵੈਤ ਭਾਵਨਾ ਵਿਚ ਪਾ ਕੇ ਰਸਤਿਓਂ ਖੁੰਝਾ ਦਿੰਦਾ ਹੈ। ਮਾਤਾ ਪਿਤਾ ਸਾਰੇ ਸਨਬੰਧ ਮੋਹ ਦਾ ਰੂਪ ਹਨ, ਏਹ ਮੋਹ ਵਿਚ ਫਸਾ ਦੇਂਦੇ ਹਨ। ਪਰ ਇਹ ਮੋਹ ਵਿਚ ਫਸੌਤੀ ਪੂਰਬਲੇ ਕੀਤੇ ਕਰਮਾਂ ਦੀ ਕਮਾਈ ਹੁੰਦੀ ਹੈ, ਇਸਨੂੰ ਕੋਈ ਮੇਟ ਨਹੀਂ ਸਕਦਾ। ਜਿਸ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਸਾਜੀ ਹੈ ਉਸ ਜੇਡਾ ਹੋਰ ਕੋਈ ਨਹੀਂ। ਉਹ ਇਸ ਨੂੰ ਰਚਕੇ ਵੇਖਦਾ ਹੈ ਕਿ ਇਹ ਕਿਵੇਂ ਕਰਮ ਕਰਦੀ ਫਸਦੀ, ਫੇਰ ਉਹੋ ਕਰਮ ਕਰਦੀ ਤੇ ਫਸਦੀ ਟੁਰਦੀ ਹੈ। ਇਸ ਤਰ੍ਹਾਂ ਮਨਮੁਖ ਮੋਹ ਵਿਚ ਅੰਨ੍ਹਾਂ ਹੋਇਆ ਤਪਦਾ ਸੜਦਾ ਤੇ ਖਪਦਾ ਹੈ ਤੇ ਦੁਖੀ ਹੁੰਦਾ ਹੈ। ਸ਼ਬਦਤੋਂ ਬਿਨਾਂ ਸ਼ਾਂਤਿ ਨਹੀਂ ਆਉਂਦੀ। ਨਾਮ ਤੋਂ ਬਿਨਾਂ ਸਭ ਕੋਈ ਭੁੱਲਾ ਫਿਰਦਾ ਹੈ, ਮਾਇਆ ਦੇ ਮੋਹ ਨੇ ਇਨ੍ਹਾਂ ਨੂੰ ਰਸਤਿਓਂ ਖੁੰਝਾ ਛਡਿਆ ਹੈ :

ਮਾਇਆ ਮੋਹੁ ਸਭੁ ਬਰਲੁ ਹੈ
ਦੂਜੈ ਭਾਇ ਖੁਆਈ ਰਾਮ ।।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਤਾ ਪਿਤਾ ਸਭੁ ਹੇਤੁ ਹੈ
ਹੇਤੇ ਪਚਲਾਈ ਰਾਮ ॥
ਹੇਤੇ ਪਚਲਾਈ ਪੂਰਬਿ ਕਮਾਈ
ਮੇਟਿ ਨ ਸਕੈ ਕੋਈ ॥
ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ
ਤਿਸੁ ਜੇਵਡੁ ਅਵਰੁ ਨ ਕੋਈ ॥
ਮਨਮੁਖਿ ਅੰਧਾ ਤਪਿ ਤਪਿ ਖਪੈ
ਬਿਨੁ ਸਬਦੈ ਸਾਂਤਿ ਨ ਆਈ ॥
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ
ਮਾਇਆ ਮੋਹਿ ਖੁਆਈ ॥੨॥ (ਵਡਹੰਸੁ ਮ. ੩/੫੭੧)

ਭਾਈ ਗੁਰਦਾਸ ਜੀ ਆਪਣੇ ਕਬਿੱਤਾਂ ਵਿਚ ਫੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਪੋਸਤ ਪੀਣ ਵਾਲਾ ਇਹ ਜਾਣਦਾ ਹੋਇਆ ਕਿ ਇਹ ਚੰਗਾ ਨਹੀਂ, ਭੈੜੀ ਆਦਤ ਹੈ, ਪਰ ਉਸਨੂੰ ਤਿਆਗਦਾ ਨਹੀਂ । ਜਿਸ ਤਰ੍ਹਾਂ ਜੁਆਰੀ, ਹਾਰ ਕੇ ਵਿਰਲਾਪ ਵੀ ਕਰਦਾ ਹੈ ਪਰ ਜੂਆ ਖੇਡਣ ਦੀ ਆਦਤ ਨੂੰ ਛੱਡਦਾ ਨਹੀਂ । ਜਿਸ ਤਰ੍ਹਾਂ ਚੋਰ ਚੋਰੀ ਕਰਦਾ ਹਰ ਵੇਲੇ ਡਰਦਾ ਵੀ ਹੈ ਪਰ ਮਰਨ ਤਕ ਚੋਰੀ ਨਹੀਂ ਤਿਆਗਦਾ । ਇਸੇ ਪ੍ਰਕਾਰ ਸਾਰੇ ਮਾਇਆ ਨੂੰ ਦੁੱਖ ਰੂਪ ਕਹਿੰਦੇ ਤਾਂ ਹਨ ਪਰ ਇਸ ਮਾਇਆ ਉੱਪਰ ਕਿਸੇ ਨੇ ਵੀ ਵੱਸੀਕਾਰ ਨਹੀਂ ਪਾਇਆ ਸਗੋਂ ਸਾਰਿਆਂ ਨੂੰ ਮਾਇਆ ਹੀ ਲੁਟੀ ਜਾ ਰਹੀ ਹੈ :

ਜੈਸੇ ਪੋਸਤੀ ਸੁਨਤ ਕਹਤ ਪੋਸਤ ਬੁਰੋ
ਤਾਂ ਕੇ ਬਸਿ ਭਯੋ, ਛਾਡਯੋ ਚਾਹੈ ਪੈਨ ਛੂਟਈ ॥
ਜੈਸੇ ਜੂਆ ਖੇਲਿ ਬਿਤ ਹਾਰਿ ਬਿਲਖੈ ਜੁਆਰੀ
ਤਊ ਪਰ ਜੁਆਰਨ ਕੀ ਸੰਗਤਿ ਨ ਟੂਟਈ ॥
ਜੈਸੇ ਚੋਰ ਚੋਰੀ ਜਾਤਿ ਹਿਰਦੈ ਸੰਕਾਤਿ ਪੁਨ
ਤਜਤ ਨ ਚੋਰੀ ਜੌ ਲੌ ਸੀਸ ਹੀ ਨ ਫੂਟਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੈਸੇ ਸਭ ਕਹਤ ਸੁਨਤ ਮਾਇਆ ਦੁਖਦਾਈ ॥
ਕਾਹੂ ਪੈਨ ਜੀਤੀ ਪਰੈ ਮਾਯਾ ਜਗ ਲੂਟਈ ॥
(ਕਬਿੱਤ ਭਾ: ਗੁ: ਜੀ)

ਮਾਇਆ ਦਾ ਮੋਹ ਮੇਰੇ ਪ੍ਰਭੂ ਜੀ ਨੇ ਰਚਿਆ ਹੈ ਤੇ ਜੀਵਾਂ ਨੂੰ ਉਸ ਦੇ ਭਰਮ ਵਿਚ ਆਪੇ ਭੁਲਾਇਆ ਹੈ। ਇਹ ਗੱਲ ਸਮਝ ਕੇ ਕਿ ਮਾਇਆ ਦਾ ਕਰਤਾ ਉਹ ਆਪ ਹੈ ਤੇ ਮੈਂ ਕਿਉਂ ਮਾਇਆ ਦੇ ਅਸਰ ਹੇਠ ਆਪ ਨੂੰ ਕਰਤਾ ਮੰਨਦਾ ਹਾਂ। ਮਨਮੁਖ ਮਨ ਹੱਠ ਦੇ ਕਰਮ ਕਰਦਾ ਹੈ ਜਿਸ ਕਰਕੇ ਇਸ ਅਗਿਆਨਵੱਸ ਹੋਏ ਨੇ ਜਨਮ ਬਿਰਥਾ ਗੁਆ ਲਿਆ ਹੈ। ਗੁਰਬਾਣੀ ਇਸ ਜਗਤ ਵਿਚ ਮਾਇਆ ਦੇ ਮੋਹ ਦਾ ਹਨੇਰਾ ਦੂਰ ਕਰਨੇ ਲਈ ਚਾਨਣਾ ਹੈ, ਪਰ ਉਹ ਗੁਰੂ ਜੀ ਦੀ ਕ੍ਰਿਪਾ ਨਾਲ ਹੀ ਮਨ ਵਿਚ ਆ ਕੇ ਵਸਦੀ ਹੈ :

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ
ਆਪੇ ਭਰਮਿ ਭੁਲਾਏ ॥
ਮਨਮੁਖਿ ਕਰਮ ਕਰਹਿ ਨਹੀ
ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ ॥੧॥ (ਸਿਰੀ ਰਾਗ ਮ. ੩/੬੭)

ਪਰਮਾਤਮਾ ਦੇ ਨਾਮ ਤੋਂ ਖੁੰਝੇ ਹੋਏ ਸਾਰੇ ਜਗਤ ਨੂੰ ਮਾਇਆ ਦੇ ਮੋਹ ਨੇ ਪ੍ਰਭਾਵਿਤ ਕੀਤਾ ਹੋਇਆ ਹੈ, ਕਿਤੇ ਤਾਂ ਇਹ ਇਸਤ੍ਰੀ ਨੂੰ ਵੇਖਕੇ ਕਾਮ-ਵਾਸਨਾ ਵਿਚ ਫ਼ਸਦਾ ਹੈ, ਕਿਤੇ ਇਹ ਜਗਤ ਪੁੱਤਰਾਂ ਤੋਂ ਸੋਨੇ ਆਦਿਕ ਧਨ ਨਾਲ ਪਿਆਰ ਵਧਾ ਰਿਹਾ ਹੈ। ਜਗਤ ਨੇ ਦਿੱਸਦੀ ਹਰੇਕ ਚੀਜ਼ ਨੂੰ ਆਪਣੀ ਬਣਾਇਆ ਹੋਇਆ ਹੈ, ਸਿਰਫ ਪਰਮਾਤਮਾ ਨੂੰ ਹੀ ਇਹ ਓਪਰਾ ਸਮਝਦਾ ਹੈ :

ਮਾਇਆ ਮੋਹਿ ਸਗਲ ਜਗੁ ਛਾਇਆ ॥
ਕਾਮਣਿ ਦੇਖਿ ਕਾਮਿ ਲੋਭਾਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਤ ਕੰਚਨ ਸਿਉ ਹੇਤੁ ਵਧਾਇਆ ॥

ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥

(ਪ੍ਰਭਾਤੀ ਮ. ੧, ੧੩੪੨)

ਨਾਮ ਸਿਮਰਨ ਦੇ ਰਸਤੇ ਵਿਚ ਮਾਇਆ ਦਾ ਮੋਹ ਇਕ ਹਨੇਰਾ ਹੈ ਜੋ ਮਨਾਂ ਤੇ ਛਾ ਰਿਹਾ ਹੈ, ਇਸ ਨੂੰ ਛੈ ਕਰਨੇ ਵਾਲਾ ਚਾਨਣ ਜੋ ਗਿਆਨ ਹੈ ਉਹ ਗੁਰੂ ਬਿਨਾ ਪ੍ਰਾਪਤ ਨਹੀਂ ਹੁੰਦਾ। ਹਾਂ ਜੋ ਗੁਰੂ ਦੇ ਦਿਤੇ ਸ਼ਬਦ ਵਿਚ ਲਗੇ ਰਹਿੰਦੇ ਹਨ ਉਹਨਾਂ ਨੇ ਇਸ ਗੱਲ ਨੂੰ ਸਮਝ ਲਿਆ ਹੈ, ਬਾਕੀ ਦੀ ਪਰਜਾ (ਸ੍ਰਿਸ਼ਟੀ) ਦ੍ਵੈਤ ਭਾਵਨਾ ਦੇ ਵਿਚ ਲਗਕੇ ਖਰਾਬ ਹੋ ਰਹੀ ਹੈ :

ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥

ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥

(ਵਡਹੰਸ ਮ. ੩/੫੫੯)

ਜਿਹੜਾ ਮਨੁੱਖ ਮਾਲਿਕ-ਪ੍ਰਭੂ ਨੂੰ ਆਪਣੇ ਅੰਦਰ ਵੱਸਦਾ ਨਹੀਂ ਵੇਖਦਾ, ਪ੍ਰਭੂ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਉਂਦਾ, ਉਸ ਦੀ ਮਾਇਆ ਦੀ ਤ੍ਰਿਸ਼ਨਾ ਨਹੀਂ ਮੁੱਕਦੀ, ਉਸ ਦਾ ਮਨ ਵਿਕਾਰਾਂ ਵਲੋਂ ਨਹੀਂ ਹਟਦਾ, ਉਸ ਦਾ ਹਿਰਦਾ-ਸਰੋਵਰ ਮੈਂ ਮੈਂ ਦੀਆਂ ਲਹਿਰਾਂ ਨਾਲ ਭਰਪੂਰ ਰਹਿੰਦਾ ਹੈ। ਉਹੀ ਜੀਵਨ-ਬੇੜਾ ਸੰਸਾਰ ਸਮੁੰਦਰ ਦੀਆਂ ਵਿਕਾਰ-ਲਹਿਰਾਂ ਦੇ ਪਾਣੀਆਂ ਉਤੇ ਤੁਰ ਕੇ ਪ੍ਰਭੂ-ਚਰਨਾਂ ਵਿਚ ਟਿਕਿਆ ਰਹਿੰਦਾ ਹੈ, ਜਿਸ ਵਿਚ ਸਦਾ ਥਿਰ ਰਹਿਣ ਵਾਲਾ ਨਾਮ-ਸੌਦਾ ਹੈ। ਜਿਸ ਮਨ ਵਿਚ ਨਾਮ-ਮੋਤੀ ਵੱਸਦਾ ਹੈ, ਉਸ ਮਨ ਨੂੰ ਉਹ ਮੋਤੀ ਵਿਕਾਰਾਂ ਵਲੋਂ ਬਚਾ ਲੈਂਦਾ ਹੈ, ਸੱਚੇ ਨਾਮ ਵਿਚ ਜੁੜੇ ਰਹਿਣ ਦੇ ਕਾਰਣ ਉਸ ਮਨ ਵਿਚ ਤ੍ਰੇੜ ਨਹੀਂ ਆਉਂਦੀ, ਉਹੀ ਮਨ ਮਾਇਆ ਵਿਚ ਡੋਲਦਾ ਨਹੀਂ। ਵਾਹਿਗੁਰੂ ਜੀ ਦੇ ਡਰ-ਅਦਬ ਵਿਚ ਰੱਤਾ ਹੋਇਆ ਜੀਵਾਤਮਾ ਪ੍ਰਭੂ ਦੇ ਗੁਣਾਂ ਵਿਚ ਪਰਵਿਰਤ ਰਹਿਣ ਕਰਕੇ ਅੰਦਰ ਹੀ ਹਿਰਦੇ-ਤਖ਼ਤ ਉਤੇ ਟਿਕਿਆ ਰਹਿੰਦਾ ਹੈ, ਬਾਹਰ ਨਹੀਂ ਭਟਕਦਾ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥
ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥
ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥

(ਮਾਰੂ ਮ. ੧/੯੯੨)

ਇਹ ਮਾਇਆ ਇਕ ਐਸੀ ਸੁਹਾਗਣ ਨਾਰ ਹੈ ਜਿਸ ਨੂੰ ਸਾਰਾ ਜਗਤ ਪਿਆਰ ਕਰਦਾ ਹੈ, ਸਾਰੇ ਜੀਅ ਜੰਤ ਇਸ ਨੂੰ ਆਪਣੀ ਇਸਤ੍ਰੀ ਬਣਾ ਕੇ ਰੱਖਣਾ ਚਾਹੁੰਦੇ ਹਨ, ਭਾਵ ਆਪਣੇ ਵੱਸ ਵਿਚ ਰੱਖਣਾ ਚਾਹੁੰਦੇ ਹਨ। ਪਰ ਇਸ ਮਾਇਆ ਨੂੰ ਇਸਤ੍ਰੀ ਬਣਾ ਕੇ ਰੱਖਣ ਵਾਲਾ ਮਨੁੱਖ ਆਖ਼ਰ ਮਰ ਜਾਂਦਾ ਹੈ, ਇਹ ਮਾਇਆ ਵਹੁਟੀ ਉਸ ਦੇ ਮਰਨ ਤੇ ਰੋਂਦੀ ਭੀ ਨਹੀਂ ਕਿਉਂਕਿ ਇਸ ਦਾ ਰਾਖਾ (ਖਸਮ) ਕੋਈ ਧਿਰ ਹੋਰ ਬਣ ਜਾਂਦਾ ਹੈ, ਸੋ, ਇਹ ਕਦੇ ਭੀ ਰੰਡੀ ਨਹੀਂ ਹੁੰਦੀ। ਇਸ ਮਾਇਆ ਦਾ ਰਾਖਾ ਮਰ ਜਾਂਦਾ ਹੈ, ਮਨੁੱਖ ਇੱਥੇ ਇਸ ਮਾਇਆ ਦੇ ਭੋਗਾਂ ਵਿਚ ਮਸਤ ਰਹਿਣ ਕਰਕੇ ਅਗਾਂਹ ਆਪਣੇ ਲਈ ਨਰਕ ਸਹੇੜਦਾ ਹੈ। ਇਸ ਸੁਹਾਗਣ ਨਾਰ ਦੇ ਗਲ ਵਿਚ ਹਾਰ ਸੋਭਦਾ ਹੈ, ਭਾਵ ਜੀਵਾਂ ਦੇ ਮਨ ਮੋਹਣ ਨੂੰ ਸਦਾ-ਸੁਹਣੀ ਬਣੀ ਰਹਿੰਦੀ ਹੈ। ਇਸ ਨੂੰ ਵੇਖ ਵੇਖ ਕੇ ਜਗਤ ਖੁਸ਼ ਹੁੰਦਾ ਹੈ, ਪਰ ਸੰਤਾਂ ਨੂੰ ਇਹ ਜ਼ਹਿਰ ਵਾਂਗ ਦਿੱਸਦੀ ਹੈ। ਵੇਸਵਾ ਵਾਂਗ ਸ਼ਿੰਗਾਰ ਕਰੀ ਰੱਖਦੀ ਹੈ, ਪਰ ਸੰਤਾਂ ਦੀ ਫਿਟਕਾਰੀ ਹੋਈ ਵਿਚਾਰੀ ਸੰਤਾਂ ਤੋਂ ਪਰੇ ਪਰੇ ਹੀ ਫਿਰਦੀ ਹੈ। ਇਹ ਮਾਇਆ ਭੱਜ ਕੇ ਸੰਤਾਂ ਦੇ ਲੜ ਲੱਗਣ ਦੀ ਕੋਸ਼ਿਸ਼ ਕਰਦੀ ਹੈ, ਪਰ ਸੰਤਾਂ ਉਤੇ ਗੁਰੂ ਜੀ ਦੀ ਮਿਹਰ ਹੋਣ ਕਰਕੇ, ਇਹ ਸੰਤਾਂ ਦੀ ਮਾਰ ਤੋਂ ਭੀ ਡਰਦੀ ਹੈ, ਇਸ ਵਾਸਤੇ ਨੇੜੇ ਨਹੀਂ ਢੁਕਦੀ। ਇਹ ਮਾਇਆ ਵਾਹਿਗੁਰੂ ਜੀ ਨਾਲੋਂ ਟੁੱਟੇ ਹੋਏ ਬੰਦਿਆਂ ਦੀ ਜਿੰਦ-ਜਾਨ ਬਣ ਜਾਂਦੀ ਹੈ, ਕਬੀਰ ਜੀ ਆਖਦੇ ਹਨ ਕਿ ਮੈਨੂੰ ਤਾਂ ਇਹ ਭਿਆਨਕ ਡੈਣ ਦਿਸਦੀ ਹੈ। ਆਖਦੇ ਹਨ ਕਿ ਜਦੋਂ ਮੇਰੇ ਸਤਿਗੁਰੂ ਜੀ ਮੇਰੇ ਉਤੇ ਦਿਆਲ ਹੋਏ ਤੇ ਮੈਨੂੰ ਮਿਲ ਪਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਦੋਂ ਤੋਂ ਮੈਂ ਇਸ ਮਾਇਆ ਦਾ ਭੇਤ ਪਾ ਲਿਆ ਹੈ। ਹੁਣ ਮੈਥੋਂ ਇਹ ਮਾਇਆ ਪਰੇ ਹਟ ਗਈ ਹੈ, ਤੇ ਸੰਸਾਰੀ ਜੀਵਾਂ ਦੇ ਪੱਲੇ ਜਾ ਲੱਗੀ ਹੈ :

ਖਸਮੁ ਮਰੈ ਤਉ ਨਾਰਿ ਨ ਰੋਵੈ ॥
ਉਸੁ ਰਖਵਾਰਾ ਅਉਰੋ ਹੋਵੈ ॥
ਰਖਵਾਰੇ ਕਾ ਹੋਇ ਬਿਨਾਸ ॥
ਆਗੈ ਨਰਕੁ ਈਹਾ ਭੋਗ ਬਿਲਾਸ ॥੧॥
ਏਕ ਸੁਹਾਗਨਿ ਜਗਤ ਪਿਆਰੀ ॥
ਸਗਲੇ ਜੀਅ ਜੰਤ ਕੀ ਨਾਰੀ ॥੧॥ਰਹਾਉ ॥
ਸੋਹਾਗਨਿ ਗਲਿ ਸੋਹੈ ਹਾਰੁ ॥
ਸੰਤ ਕਉ ਬਿਖੁ ਬਿਗਸੈ ਸੰਸਾਰੁ ॥
ਕਰਿ ਸੀਗਾਰੁ ਬਹੈ ਪਖਿਆਰੀ ॥
ਸੰਤ ਕੀ ਠਿਠਕੀ ਫਿਰੈ ਬਿਚਾਰੀ ॥੨॥
ਸੰਤ ਭਾਗਿ ਓਹ ਪਾਛੈ ਪਰੈ ॥
ਗੁਰਪਰਸਾਦੀ ਮਾਰਹੁ ਡਰੈ ॥
ਸਾਕਤ ਕੀ ਓਹ ਪਿੰਡ ਪਰਾਇਣਿ ॥
ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥੩॥
ਹਮ ਤਿਸ ਕਾ ਬਹੁ ਜਾਨਿਆ ਭੇਉ ॥
ਜਬ ਹੂਏ ਕ੍ਰਿਪਾਲ ਮਿਲੇ ਗੁਰਦੇਉ ॥
ਕਹੁ ਕਬੀਰ ਅਬ ਬਾਹਰਿ ਪਰੀ ॥
ਸੰਸਾਰੈ ਕੈ ਅੰਚਲਿ ਲਰੀ ॥ (ਗੋਂਡ ਕਬੀਰ ਜੀ ੮੭੧)

ਮਾਇਆ ਦਾ ਵਾਜਾ ਸਾਰੇ ਜਗਤ ਵਿਚ ਠਨ ਠਨ ਕਰਕੇ ਵੱਜ ਰਿਹਾ ਹੈ। ਭਾਵ, ਇਹ ਸਾਰੇ ਪ੍ਰਧਾਨ ਹੋ ਰਹੀ ਹੈ ਪਰ ਕਿਸੇ ਵਿਰਲੇ ਗਿਆਨਵਾਨ ਨੇ ਮਾਇਆ ਦਾ ਬਲ ਪੈਣ ਨਹੀਂ ਦਿੱਤਾ। ਜਿਧਰ ਤੱਕੋ ਸਭ ਜੀਵਾਂ ਦੇ ਮਨਾਂ ਵਿਚ ਮਾਇਆ ਦਾ ਜ਼ੋਰ ਪੈ ਰਿਹਾ ਹੈ, ਮਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਨਾਂ ਦੇ ਆਤਮਕ ਜੀਵਨ ਨੂੰ ਮਾਰ ਕੇ ਗਹੁ ਨਾਲ ਵੇਖਦੀ ਹੈ ਕਿ ਕੋਈ ਬਚ ਤਾਂ ਨਹੀਂ ਗਿਆ। ਮਾਇਆ! ਮਾਨੋ, ਆਖਦੀ ਹੈ—ਮੈਂ ਸਭ ਜੀਵਾਂ ਦੀ ਭੈਣ ਭਾਣਜੀ ਹਾਂ, ਭਾਵ ਸਾਰੇ ਜੀਵ ਮੈਨੂੰ ਤਰਲੇ ਲੈ ਲੈ ਕੇ ਇਕੱਠੀ ਕਰਦੇ ਹਨ, ਪਰ ਜਿਸ ਮਨੁੱਖ ਨੇ ਮੈਨੂੰ ਵਿਆਹ ਲਿਆ, ਜਿਸ ਨੇ ਆਪਣੇ ਉੱਤੇ ਮੇਰਾ ਜ਼ੋਰ ਨਹੀਂ ਪੈਣ ਦਿੱਤਾ, ਮੈਂ ਉਸ ਦੀ ਦਾਸੀ ਹੋ ਜਾਂਦੀ ਹਾਂ। ਕੋਈ ਵੱਡਾ ਗਿਆਨਵਾਨ ਪ੍ਰਾਣੀ ਹੀ, ਜਿਸ ਨੂੰ ਜਗਤ ਸੰਤ ਆਖਦਾ ਹੈ, ਮੇਰਾ (ਮਾਇਆ ਦਾ) ਖਸਮ ਬਣ ਸਕਦਾ ਹੈ। ਉਹੀ ਮੇਰੇ ਉੱਤੇ ਕਾਬੂ ਪਾ ਰੱਖਣ ਦੇ ਸਮਰਥ ਹੁੰਦਾ ਹੈ। ਹੋਰ ਕੋਈ ਤਾਂ ਮੇਰੇ ਨੇੜੇ ਭੀ ਨਹੀਂ ਢੁਕ ਸਕਦਾ। ਭਾਵ, ਕਿਸੇ ਹੋਰ ਦੀ ਮੇਰੇ ਅੱਗੇ ਪੇਸ਼ ਨਹੀਂ ਜਾ ਸਕਦੀ। ਕਬੀਰ ਜੀ ਜਗਤ ਨੂੰ ਉਪਦੇਸ਼ ਕਰਦੇ ਹਨ ਕਿ ਅਸਾਂ ਉਹ ਮਾਇਆ ਨੱਕ ਤੋਂ ਕੱਟ ਦਿੱਤੀ, ਕੰਨਾਂ ਤੋਂ ਕੱਟ ਦਿੱਤੀ, ਕੱਟ ਕੁਟਕੇ ਵਗਾਹ ਮਾਰੀ, ਕਿਉਂ? ਇਸ ਕਰਕੇ ਕਿ ਉਹ ਚਾਹੇ ਤਿੰਨਾਂ ਲੋਕਾਂ ਨੂੰ ਪਿਆਰੀ ਹੈ, ਪਰ ਉਹ ਸੰਤਾਂ ਦੀ ਵੈਰਨ ਹੈ:

ਨਕਟੀ ਕੋ ਠਨਗਨੁ ਬਾਡਾਡੂੰ ॥
ਕਿਨਹਿ ਬਿਬੇਕੀ ਕਾਟੀ ਤੂੰ ॥੧॥ਰਹਾਉ ॥
ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥
ਸਗਲਿਆ ਕੀ ਹਉ ਬਹਿਨ ਭਾਨਜੀ
ਜਿਨਹੀ ਬਰੀ ਤਿਸੁ ਚੇਰੀ ॥੨॥
ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥
ਓਹੁ ਹਮਾਰੈ ਮਾਥੈ ਕਾਇਮੁ
ਅਉਰੁ ਹਮਰੈ ਨਿਕਟਿ ਨ ਆਵੈ ॥੩॥
ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
ਕਹੁ ਕਬੀਰ ਸੰਤਨ ਕੀ ਬੈਰਨਿ
ਤੀਨਿ ਲੋਕ ਕੀ ਪਿਆਰੀ ॥ (ਆਸਾ ਕਬੀਰ ਜੀ ੪੭੬)

ਮਾਇਕ ਬ੍ਰਿਤੀ ਮਨ ਵਿਚ ਨੇਕ ਸਲਾਹਾਂ ਤੇ ਇਰਾਦੇ ਪੁੱਗਣ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿੰਦੀ, ਭਾਵ ! ਸਿਰੇ ਨਹੀਂ ਚੜ੍ਹਨ ਦਿੰਦੀ। ਇਹ 'ਸ਼ੁਭ ਆਚਰਣ' ਤੇ 'ਇੰਦ੍ਰੇ ਦਮਨ' ਆਦਿ ਯਤਨਾਂ ਤੋਂ ਹੋੜਦੀ ਹੈ। ਕੀਕੂੰ ਮਾਇਕ ਬ੍ਰਿਤੀ ਇਹ ਕੰਮ ਕਰਦੀ ਹੈ ਕਿ ਮਤਾਂ ਇਹ ਆਪਣਾ ਵਸੀਕਾਰ ਪਾ ਲੈਣ। ਕਈ ਵੇਸ ਧਾਰਦੀ ਹੈ, ਕਈ ਰੂਪ ਦਿਖਾਉਂਦੀ ਹੈ ਜੀਵ ਨੂੰ। ਹਿਰਦੇ ਘਰ ਵਿਚ ਅੰਤਰਮੁਖ ਹੋ ਕੇ ਵੱਸਣ ਨਹੀਂ ਦਿੰਦੀ, ਭੁਲਾਵੇ ਵਿਚ ਪਾ ਦਿੰਦੀ ਹੈ। ਇੰਦ੍ਰਿਆਂ ਨੂੰ ਭੋਗਾਂ ਵਿਚ ਪ੍ਰੇਰਦੀ ਹੈ, ਆਪਣੇ ਆਪ ਵਿਚ ਰੁਕਕੇ ਟਿਕਣ ਨਹੀਂ ਦੇਂਦੀ। ਇਹ ਮਾਇਆ ਸੀ ਤਾਂ ਇਹ ਮਨ ਦੀ ਇਸਤ੍ਰੀ, ਅਰਥਾਤ ਉਸ ਦੇ ਹੁਕਮ ਵਿਚ ਤੁਰਨ ਵਾਲੀ, ਪਰ ਇਹ ਮਨ ਨੂੰ ਮਨ ਵਿਚ ਇਸਥਿਤ ਨਹੀਂ ਹੋਣ ਦਿੰਦੀ। ਜੇ ਜਤਨ ਕਰੋ ਟਿਕਨ ਦਾ ਕਿ ਅੰਤਰਮੁਖ ਹੋਣ ਦਾ ਤਾਂ ਇਹ ਉਲਝਣਾਂ ਖੜੀਆਂ ਕਰ ਦੇਵੇਗੀ, ਜਿਨ੍ਹਾਂ ਵਿਚ ਅਵਸ਼ ਚਿਤ ਬ੍ਰਿਤੀ ਦੇਣੀ ਪਵੇ, ਐਉਂ ਫੇਰ ਬਾਹਰ ਮੁਖ ਹੋਣਾ ਪੈ ਜਾਂਦਾ ਹੈ। ਇਹ ਮਾਇਆ ਦਰਗਾਹ ਤੋਂ ਤਾਂ ਸੇਵਕਾ ਬਣਾ ਕੇ ਭੇਜੀ ਹੋਈ ਜਗਤ ਵਿਚ ਆਈ ਹੈ, ਪਰ ਏਥੇ ਆ ਕੇ ਸਭ ਥਾਵਾਂ ਤੇ ਥਾਵਾਂ ਦੇ ਵਿਚਾਲੇ ਜੋ ਟਿਕਾਣੇ ਹਨ ਸਭ ਜਿੱਤ ਲਏ ਹਨ, ਭਾਵ ! ਸਾਰਾ ਜਗਤ ਜਿੱਤ ਲਿਆ ਹੈ। ਤੀਰਥ ਵਿਚ ਬੈਠੇ, ਨਦੀਆਂ ਕਿਨਾਰੇ ਟਿਕੇ ਹੋਏ ਜੋਗੀ ਕਿ ਸੰਨਿਆਸੀ, ਸਿਮ੍ਰਿਤੀਆਂ ਪੜੇ ਹੋਏ ਕਿ ਵੇਦ ਅਭਿਆਸੀ ਥੱਕ ਗਏ ਹਨ ਇਸ ਤੋਂ ਬਚਾਉ ਕਰਦੇ ਪਰ ਇਹ ਖਹਿੜਾ ਨਹੀਂ ਛੱਡਦੀ। ਜਿਥੇ ਜਾਕੇ ਬੈਠਾਂ ਉਥੇ ਹੀ ਜਾ ਕੇ ਨਾਲ ਆ ਬੈਠਦੀ ਹੈ। ਸਾਰਿਆਂ ਲੋਕਾਂ ਵਿਚ ਬਲਵਾਨ ਹੋ ਕੇ ਵੜ ਜਾਂਦੀ ਹੈ, ਸੋ ਜਿੱਥੇ ਜਾਓ ਇਹ ਨਾਲ ਹੀ ਪਹੁੰਚੀ ਹੋਈ ਦਿੱਸ ਪੈਂਦੀ ਹੈ। ਜੇ ਦੇਵੀ ਦੇਉਤੇ ਦੀ ਸ਼ਰਨ ਲਓ ਤਾਂ ਬੀ ਇਹ ਨੱਪ ਲੈਂਦੀ ਹੈ :

ਮਤਾ ਕਰਉ ਸੋ ਪਕਨਿ ਨ ਦੇਈ ॥
ਸੀਲ ਸੰਜਮ ਕੈ ਨਿਕਟਿ ਖਲੋਈ ॥
ਵੇਸ ਕਰੇ ਬਹੁ ਰੂਪ ਦਿਖਾਵੈ ॥
ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥੧॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥
ਜਤਨ ਕਰਉ ਉਰਝਾਇ ਪਰੇਵੈ ॥੧॥ ਰਹਾਉ ॥
ਧੁਰ ਕੀ ਭੇਜੀ ਆਈ ਆਮਰਿ ॥
ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥
ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥
ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥
ਜਹ ਬੈਸਉ ਤਹ ਨਾਲੇ ਬੈਸੈ ॥
ਸਗਲ ਭਵਨ ਮਹਿ ਸਬਲ ਪ੍ਰਵੇਸੈ ॥
ਹੋਛੀ ਸਰਣਿ ਪਇਆ ਰਹਣੁ ਨ ਪਾਈ ॥

(ਆਸਾ ਮ. ੫/੩੭੧)

ਵਾਹਿਗੁਰੂ ਜੀ ਦੀ ਰਚੀ ਹੋਈ ਮਾਇਆ ਦਾ ਮੋਹ ਤੇ ਅਗਿਆਨ ਰੂਪ ਸਮੁੰਦਰ ਬੜਾ ਭਾਰਾ ਔਖਾ ਹੈ। ਜੇ ਬੜੇ ਪਾਪਾਂ ਰੂਪ ਪੱਥਰਾਂ ਨਾਲ ਲੱਦੇ ਹੋਈਏ ਤਾਂ ਇਸ ਸਮੁੰਦਰ ਵਿਚੋਂ ਕਿਵੇਂ ਤਰ ਕੇ ਲੰਘ ਸਕੀਦਾ ਹੈ ? ਭਾਵ ਇਸ ਮੋਹ-ਸਮੁੰਦਰ ਵਿਚੋਂ ਸੁੱਕਾ ਬੱਚ ਕੇ ਲੰਘ ਨਹੀਂ ਸਕੀਦਾ :

ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥
ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥੩॥

(ਵਾਰ ਗੁਜਰੀ ਮ. ੩/੫੦੯)

ਮਾਇਆ ਦੂਜੀ ਸ਼ੈ ਹੈ, ਇਹ ਜੀਵ ਨੂੰ ਮੋਹ ਲਾਉਂਦੀ ਹੈ, ਇਸ ਗਲਤ ਰਸਤੇ ਪੈ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਸ ਨੂੰ ਆ ਚੰਬੜਦੇ ਹਨ, ਇਹ ਮਾਨੋ ਪ੍ਰੇਤ ਹਨ (ਪ੍ਰੇਤ ਦੇ ਅਰਥ ਭੂਤ ਜਿੰਨ ਆਦਿ ਕੀਤੇ ਜਾਂਦੇ ਹਨ ਜੋ ਚੰਬੜੇ ਹੋਏ ਮਗਰੋਂ ਲਾਹੁਣੇ ਕਠਨ ਹੋ ਜਾਂਦੇ ਹਨ)। ਇਹ ਸਾਰੇ ਜਮਰਾਜ ਦੀ ਸਰਕਾਰ ਹਨ, ਇਨ੍ਹਾਂ ਉੱਤੇ ਜਮਰਾਜ ਦਾ ਜ਼ੋਰ ਚੱਲਦਾ ਹੈ। ਮਾਇਆ, -ਮੋਹ, ਕਾਮ, ਕ੍ਰੋਧ, ਲੋਭ, ਹੰਕਾਰ ਸਾਰੇ ਜਮ ਦੀ ਰਈਅਤ ਹਨ, ਇਹ ਰੱਬ ਦੀ ਰਈਅਤ ਨਹੀਂ ਹਨ। ਜਮ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੂਮਤ ਦੇ ਰਾਜ ਪ੍ਰਬੰਧ ਕਰਨ ਵਾਲੇ ਕਾਮ, ਕਰੋਧ, ਹੰਕਾਰ ਆਦਿ ਹਨ ਜੋ ਲੋਕਾਂ ਨੂੰ ਉਸ ਦੀ ਹਕੂਮਤ ਹੇਠ ਠੱਪੀ ਰੱਖਦੇ ਹਨ। ਇਸੇ ਕਰਕੇ ਕਿਹਾ ਹੈ ਕਿ ਇਨ੍ਹਾਂ ਦੇ ਸਿਰ ਤੇ ਜਮ ਦਾ ਦੰਡ ਸਖਤ ਹੈ। ਪ੍ਰੇਤ ਭੀ ਇਸੇ ਕਰਕੇ ਕਿਹਾ ਕਿ ਭੂਤ ਪ੍ਰੇਤ ਜਮ ਦੇ ਹੀ ਕਾਰਕੁਨ ਹਨ, ਜੋ ਜੀਵਾਂ ਨੂੰ ਪਰਮਾਤਮਾ ਤੋਂ ਬੇਮੁਖ ਰਖਦੇ ਹਨ। ਅੰਤ ਬੇਮੁਖ ਜਮ ਦੇ ਰਸਤੇ ਪਾਏ ਜਾਂਦੇ ਹਨ। ਤੇ ਜਮ ਦੇ ਦਰ ਪਹੁੰਚਾ ਕੇ ਸਜਾਈ ਪਾਉਂਦੇ ਹਨ। ਕੋਈ ਉਨ੍ਹਾਂ ਨੂੰ ਛੁਡਾ ਨਹੀਂ ਸਕਦਾ :

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ
ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥
ਮਨਮੁਖ ਜਮ ਮਗਿ ਪਾਈਅਨਿ
ਜਿਨ੍ਹ ਦੂਜਾ ਭਾਉ ਪਿਆਰਾ ॥
ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨਾ ਪੁਕਾਰਾ ॥

(ਵਾਰ ਗੁਜਰੀ ਮ. ੩/੫੧੩)

ਕਰਮ ਕਾਂਡ ਦੇ ਕਰਮ ਧਰਮ ਸਾਰੇ ਬੰਧਨ ਰੂਪ ਹੀ ਹਨ, ਇਨ੍ਹਾਂ ਕਰਕੇ ਪਾਪ ਪੁੰਨ ਨਾਲ ਸਨਬੰਧ ਬਣਿਆ ਰਹਿੰਦਾ ਹੈ, ਕਿਉਂਕਿ ਕਰਮ ਧਰਮ ਹਉਂ ਆਸ਼੍ਰਿਤ ਕਰੀਦੇ ਹਨ, ਇਸੀ ਤਰ੍ਹਾਂ ਮੋਹ ਮਮਤਾ ਬੀ ਬੰਧਨ ਹਨ, ਇਸਤ੍ਰੀ ਪੁੱਤਰ ਭੀ ਇਕ ਉਲਝਾਉ ਹੀ ਹੈ। ਜਿੱਧਰ ਵੇਖਦਾ ਹਾਂ ਉਧਰ ਹੀ ਮਾਇਆ ਦਾ ਮੋਹ ਰੂਪ ਜੇਵੜੀ ਹੈ; ਕਿਉਂਕਿ ਸਭ ਦਾ ਤੁਅੱਲਕ (ਮੇਲ) ਮਾਇਆ ਦਾ ਮੇਲ ਹੈ :

ਕਰਮ ਧਰਮ ਸਭਿ ਬੰਧਨਾ ਪਾਪੁ ਪੁੰਨ ਸਨਬੰਧੁ ॥
ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥੧॥

(ਵਾਰ ਬਿਹਾਗੜੇ ਕੀ ਮ. ੪/੫੫੧)

ਮਾਇਆ ਦਾ ਮੋਹ ਸਭ ਦੁੱਖ ਰੂਪ ਹੈ ਕਿਉਂਕਿ ਇਹ ਜਨਮ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਰਨ ਦਾ ਦੁੱਖ ਬਣਾਈ ਰਖਦਾ ਹੈ। ਇਸ ਲਈ ਮਾਇਆ ਦੀ ਖ਼ਾਤਰ ਦੌੜ-ਭਜ ਆਤਮਕ ਜੀਵਨ ਵਿਚ ਘਾਟਾ ਪਾਉਣ ਵਾਲਾ ਵਪਾਰ ਹੈ। ਇਕ ਤਾਂ ਕੂੜ ਨਾਲ ਹੋਰ ਬਹੁਤੇ ਵਿਕਾਰ ਵਧਦੇ ਹਨ, ਦੂਜੇ ਮਨ ਦਾ ਸੁਭਾਵ ਸਥਿਰ ਨਹੀਂ, ਡੋਲਦਾ ਰਹਿੰਦਾ ਹੈ, ਨਾਮ ਨਾਲ ਸਹਸਾ ਹਟਦਾ ਹੈ, ਸੋ ਨਾਮ ਤੋਂ ਹੀਣੇ ਰਹਿਕੇ ਜੀਵਾਂ ਨੇ ਪਰਲੋਕ ਦੀ ਪਤਿ ਗੁਆ ਲਈ ਹੈ। ਜੇ ਕਹੋ ਕਿ ਪੜ੍ਹਕੇ ਮਨ ਡੋਲਣੋ ਹਟ ਜਾਂਦਾ ਹੈ ਤਾਂ ਦੇਖ ਲਓ ਕਿ ਪੰਡਤ ਲੋਕ ਪੜ੍ਹ ਪੜ੍ਹ ਕੇ ਝਗੜੇ ਹੀ ਕਰਦੇ ਹਨ, ਕਿਉਂਕਿ ਉਹ ਪੜ੍ਹਕੇ ਬੁੱਝਦੇ ਨਹੀਂ ਤੇ ਬੁੱਝੇ ਬਿਨਾ ਸੁੱਖ ਨਹੀਂ ਹੁੰਦਾ। ਜਨਮ ਮਰਨ ਉਹਨਾਂ ਦਾ ਕਦੇ ਮੁੱਕਦਾ ਨਹੀਂ ਕਿਉਂਕਿ ਉਹਨਾਂ ਨੂੰ ਮਾਇਆ ਮੋਹ ਦਾ ਪਿਆਰ ਹੈ। ਮਾਇਆ ਦਾ ਮੋਹ ਸਭ ਦੁੱਖ ਰੂਪ ਹੈ ਕਿਉਂਕਿ ਜਨਮ ਮਰਨ ਦਾ ਦੁੱਖ ਬਣਾਈ ਰੱਖਦਾ ਹੈ, ਇਸ ਲਈ ਵਪਾਰ ਖੋਟਾ ਹੈ:

ਮਾਇਆ ਮੋਹੁ ਸਭੁ ਦੂਖੁ ਹੈ ਖੋਟਾ ਇਹੁ ਵਪਾਰਾ ਰਾਮ ॥
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ
ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥
ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥੪॥

(ਵਡਹੰਸ ਮ. ੩/੫੭੦)

ਮਾਇਆ ਦੇ ਮੋਹ ਦਾ ਜੋ ਚੋਲਾ ਹੈ ਉਹ ਕੱਚਾ ਚੋਲਾ ਹੈ, ਉਸਦੇ ਪਹਿਨਿਆਂ ਨਾਮ ਸਿਮਰਨ ਵਲੋਂ ਪੈਰ ਪਿੱਛੇ ਪੈਂਦਾ ਹੈ:

ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ ॥

(ਵਡਹੰਸ ਮ. ੩/੫੮੪)

ਮਾਇਆ ਇਤਨੀ ਬਲ ਵਾਲੀ, ਮੋਹਣ ਵਾਲੀ ਹੈ ਕਿ ਜਿਤਨੇ ਭੀ ਜੀਵ ਜਗਤ ਵਿਚ ਹਨ, ਸਭ ਨੂੰ ਡੁਲਾ ਦੇਂਦੀ ਹੈ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਐਸੀ ਮੋਹਨੀ ਭਾਈ ॥
ਜੇਤੇ ਜੀਅ ਤੇਤੇ ਡਹਕਾਈ ॥੧॥ਰਹਾਉ॥
(ਭੈਰਉ ਕਬੀਰ ਜੀ/੧੧੬੦)

ਕੋਈ ਆਪਣੇ ਆਪ ਨੂੰ ਮੁਨੀ ਅਖਵਾਉਂਦੇ ਹਨ, ਕੋਈ ਜੋਗੀ ਅਖਵਾਉਂਦੇ ਹਨ, ਕੋਈ ਸ਼ਾਸਤ੍ਰ-ਵੇੱਤਾ ਅਖਵਾਉਂਦੇ ਹਨ, ਇਨ੍ਹਾਂ ਸਭਨਾ ਨੂੰ ਮਾਇਆ ਨੇ ਵੱਸ ਕਰ ਲਏ ਹਨ। ਤਿੰਨ ਮੁੱਖ ਦੇਵਤੇ ਤੇ ਤੇਤੀ ਕ੍ਰੋੜ ਹੋਰ ਦੇਵਤੇ ਜੋ ਹਨ, ਉਨ੍ਹਾਂ ਦੀ ਹੋਸ਼ ਗੁੰਮ ਹੋ ਗਈ ਹੈ। ਇਹ ਮਾਇਆ ਬੜੇ ਬਲ ਵਾਲੀ ਹੈ ਸਭਨਾਂ ਨੂੰ ਬਿਆਪ ਰਹੀ ਹੈ। ਇਸ ਦਾ ਭੇਤ ਹੋਰ ਕੋਈ ਨਹੀਂ ਜਾਣਦਾ। ਇਹ ਭੇਤ ਗੁਰੂ ਦੀ ਕਿਰਪਾ ਨਾਲ ਲੱਭਦਾ ਹੈ। ਇਸ ਮਾਇਆ ਨੇ ਦੇਵਤੇ, ਰਿਖੀ ਮੁਨੀ ਜਿੱਤ ਕੇ ਸਾਰੀ ਧਰਤੀ ਦੇ ਥਾਉਂ ਜਿੱਤ ਲਏ ਤੇ ਸਾਰੇ ਲੋਕਾਂ ਦੇ ਜੀਵਾਂ ਨੂੰ ਲੱਗੀ ਹੋਈ ਹੈ। ਗੁਰੂ ਜੀ ਆਖਦੇ ਹਨ ਜੇ ਇਹ ਕਦੀ ਭੱਜੀ ਹੈ ਤੇ ਸਾਧੂ ਦੇ ਅੱਗੇ ਹਾਰਦੀ ਹੈ ਤੇ ਉਸ ਦੇ ਚਰਨ ਪਕੜ ਲੈਂਦੀ ਹੈ ਕਿ ਮੈਨੂੰ ਬਖਸ਼ੋ ਸੇਵਾ ਕਰਾਂਗੀ, ਉਪਰ ਨਹੀਂ ਵਗਾਂਗੀ, ਕੋਈ ਧੋਖਾ ਨਾ ਦਿਆਂਗੀ :

ਮੁਨਿ ਜੋਗੀ ਸਾਸਤ੍ਰਗਿ ਕਹਾਵਤ
ਸਭ ਕੀਨ੍ਹੇ ਬਸਿ ਅਪਨਹੀ ॥
ਤੀਨਿ ਦੇਵ ਅਰੁ ਕੋੜਿ ਤੇਤੀਸਾ
ਤਿਨ ਕੀ ਹੈਰਤਿ ਕਛੁ ਨ ਰਹੀ॥੧॥
ਬਲਵੰਤਿ ਬਿਆਪਿ ਰਹੀ ਸਭ ਮਹੀ ॥
ਅਵਰੁ ਨ ਜਾਨਸਿ ਕੋਊ ਮਰਮਾ
ਗੁਰ ਕਿਰਪਾ ਤੇ ਲਹੀ ॥੧॥ਰਹਾਉ॥
ਜੀਤਿ ਜੀਤਿ ਜੀਤੇ ਸਭਿ ਥਾਨਾ
ਸਗਲ ਭਵਨ ਲਪਟਹੀ ॥
ਕਹੁ ਨਾਨਕ ਸਾਧ ਤੇ ਭਾਗੀ
ਹੋਇ ਚੇਰੀ ਚਰਨ ਗਹੀ ॥੨॥ (ਗੂਜਰੀ ਮ. ੫/੪੯੯)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੇ ਸੰਸਾਰ ਦੇ ਮਾਲਕ ! ਗੁਸਾਈਂ ਜੀਓ ਤੇਰੀ ਪੈਦਾ ਕੀਤੀ ਹੋਈ ਮਾਇਆ ਨੇ ਅਸਾਂ ਜੀਵਾਂ ਦੇ ਦਿਲਾਂ ਵਿਚੋਂ ਤੇਰੇ ਚਰਨਾਂ ਦੀ ਯਾਦ ਭੁਲਾ ਦਿਤੀ ਹੈ। ਜੀਵ ਵਿਚਾਰੇ ਕੀ ਕਰਨ ? ਇਸ ਮਾਇਆ ਦੇ ਕਾਰਨ ਜੀਵਾਂ ਦੇ ਅੰਦਰ ਤੇਰੇ ਚਰਨਾਂ ਦਾ ਰਤਾ ਭੀ ਪਿਆਰ ਪੈਦਾ ਨਹੀਂ ਹੁੰਦਾ :

ਇਨਿ ਮਾਇਆ ਜਗਦੀਸ ਗੁਸਾਈ
ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ
ਜਨ ਕਹਾ ਕਰਹਿ ਬੇਚਾਰੇ ॥੧॥ਰਹਾਉ॥

(ਬਿਲਾਵਲ ਕਬੀਰ ਜੀ/੮੫੭)

ਜਿਵੇਂ ਵਾਹਿਗੁਰੂ ਜੀ ਜੀਵ ਨੂੰ ਮਾਤਾ ਦੇ ਪੇਟ ਦੇ ਅੰਦਰ ਦੀ ਅੱਗ ਤੋਂ ਬਚਾ ਕੇ ਰਖਦਾ ਹੈ, ਤਿਵੇਂ ਬਾਹਰ ਮਾਇਆ ਦੀ ਅਗਨ ਤੋਂ ਭੀ ਬਚਾਉਂਦਾ ਹੈ। ਉਹ ਇਉਂ ਕਿ ਆਪਣੀ ਲਿਵ ਦੇ ਕੇ ਆਦਮੀ ਦੇ ਮਨ ਨੂੰ ਇਉਂ ਪੱਕਾ ਕਰ ਦਿੰਦਾ ਹੈ ਕਿ ਉਹ ਸੰਸਾਰ ਵਿਚ ਰਹਿੰਦਾ ਹੋਇਆ ਭੀ ਮਾਇਆ ਦੇ ਅਸਰ ਤੋਂ ਬਚਿਆ ਰਹਿੰਦਾ ਹੈ, ਕਿਉਂਕਿ ਮਾਇਆ ਨਾਮ ਹੀ ਅਕਾਲ ਪੁਰਖ ਨੂੰ ਵਿਸਾਰਨ ਦਾ ਹੈ। ਜਦ ਪਾਰਬ੍ਰਹਮ ਪਰਮੇਸ਼ਰ ਜੀ ਦੀ ਲਗਨ ਲੱਗੀ ਹੋਵੇ ਤਾਂ ਮਾਇਆ ਦਾ ਅਸਰ ਕਿਥੋਂ :

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ
ਮੋਹ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਨੀ ਵਿਚੇ ਮਾਇਆ ਪਾਇਆ ॥

(ਰਾਮਕਲੀ ਆਨੰਦ ਮ. ੩/੯੨੧)

ਭਾਵ :-ਗੁਰੂ ਕਿਰਪਾ ਦੁਆਰਾ ਜਿਨ੍ਹਾਂ ਆਦਮੀਆਂ ਦੀ ਸੁਰਤਿ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਹੀ ਪ੍ਰਭੂ-ਚਰਨਾਂ ਵਿਚ ਜੁੜੀ ਰਹਿੰਦੀ ਹੈ ਉਨ੍ਹਾਂ ਦੇ ਅੰਦਰ ਨਾਮ-ਸਿਮਰਨ ਦਾ ਆਨੰਦ ਬਣਿਆ ਰਹਿੰਦਾ ਹੈ। ਦੁਨੀਆਂ ਦਾ ਹਾਲ ਤਾਂ ਇਹ ਹੈ ਕਿ ਜੀਵ ਨੂੰ ਜੰਮਦੇ ਨੂੰ ਹੀ ਮਾਂ ਪਿਉ ਆਦਿਕ ਦੇ ਪਿਆਰ ਰਾਹੀਂ ਮਾਇਆ ਪ੍ਰਭੂ-ਚਰਨਾਂ ਨਾਲੋਂ ਵਿਛੋੜ ਲੈਂਦੀ ਹੈ।

ਮਾਇਆ ਨੇ ਵਿਸ਼ਿਆਂ ਦਾ ਚੋਗਾ ਜਾਲ ਵਿਚ ਤਿਆਰ ਕਰ ਕੇ ਉਹ ਜਾਲ ਖਿਲਾਰਿਆ ਹੋਇਆ ਹੈ, ਮਾਇਆ ਦੀ ਤ੍ਰਿਸਨਾ ਨੇ ਜੀਵ-ਪੰਖੀ ਨੂੰ ਉਸ ਜਾਲ ਵਿਚ ਫਸਾਇਆ ਹੋਇਆ ਹੈ। ਜੀਵ ਉਸ ਜਾਲ ਵਿਚੋਂ ਖਲਾਸੀ ਪ੍ਰਾਪਤ ਨਹੀਂ ਕਰ ਸਕਦਾ, ਕਿਉਂਕਿ ਕਰਤਾਰ ਨੇ ਇਹ ਸਭ ਕੁਝ ਪੈਦਾ ਕੀਤਾ ਹੈ ਉਸ ਨਾਲ ਸਾਂਝ ਨਹੀਂ ਪਾਉਂਦਾ, ਤੇ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ।

ਇਸ ਜਗਤ ਨੂੰ ਮਾਇਆ ਨੇ ਅਨੇਕਾਂ ਕਿਸਮਾਂ ਦੇ ਰੂਪਾਂ ਰੰਗਾਂ ਵਿਚ ਕਈ ਤਰੀਕਿਆਂ ਨਾਲ ਮੋਹ ਰੱਖਿਆ ਹੈ। ਇਸ ਵਿਚੋਂ ਉਹੀ ਬਚ ਸਕਦਾ ਹੈ, ਜਿਸ ਨੂੰ ਸਭ ਸਮਰੱਥਾ ਵਾਲਾ ਬੇਅੰਤ ਅਕਾਲ ਪੁਰਖ ਬਚਾਏ। ਵਾਹਿਗੁਰੂ ਜੀ ਦੀ ਮਿਹਰ ਨਾਲ ਵਾਹਿਗੁਰੂ ਜੀ ਦੇ ਭਗਤ ਹੀ ਵਾਹਿਗੁਰੂ ਜੀ ਦੇ ਚਰਨਾਂ ਵਿਚ ਸੁਰਤਿ ਜੋੜ ਕੇ ਬਚਦੇ ਹਨ :

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥
ਜਿਨਿ ਕੀਤਾ ਤਿਸਹਿ ਨ ਜਾਣਈ
ਫਿਰਿ ਫਿਰਿ ਆਵੈ ਜਾਇ ॥੩॥
ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥
ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥
(ਸਿਰੀ ਰਾਗੁ ਮ. ੫/੫੦)

ਅਛਲ ਮਾਇਆ—ਜਿਸ ਨੂੰ ਕੋਈ ਛਲਣ ਦਾ ਜਤਨ ਕਰੇ ਤਾਂ ਛਲੀ ਨਹੀਂ ਜਾਂਦੀ, ਜਿਸ ਨੂੰ ਕਿਸੇ ਦੀ ਕਟਾਰ (ਛੋਟਾ ਦੋ ਧਾਰਾ ਹਥਿਆਰ) ਕੋਈ ਜ਼ਖ਼ਮ ਨਹੀਂ ਕਰ ਸਕਦੀ, ਜਿਸ ਨੂੰ ਕੋਈ ਮਾਰ-ਮੁਕਾ ਨਹੀਂ ਸਕਦਾ—ਏਸ ਅੱਗੇ ਲੋਭੀ ਜੀਵ ਦਾ ਮਨ ਡੋਲ ਜਾਂਦਾ ਹੈ। ਮਾਲਕ ਪ੍ਰਭੂ ਜੀ ਦੀ ਰਜ਼ਾ ਇਸੇ ਤਰ੍ਹਾਂ ਦੀ ਹੈ (ਭਾਵ, ਜਗਤ ਵਿਚ ਨਿਯਮ ਹੀ ਇਹ ਹੈ ਕਿ ਜਿਥੇ ਨਾਮ ਨਹੀਂ ਉੱਥੇ ਮਨ ਮਾਇਆ ਅੱਗੇ ਡੋਲ ਜਾਂਦਾ ਹੈ :

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ
ਇਸੁ ਲੋਭੀ ਕਾ ਜੀਉ ਟਲਪਲੈ ॥ (ਸਿਰੀ ਰਾਗੁ ਮ. ੧/੨੫)

ਸਾਰੇ ਯਤਨਾਂ ਵਿਚ ਇਹ ਗੱਲਾਂ ਇਕੋ ਰਹਿੰਦੀਆਂ ਹਨ, ਮਾਇਆ ਛਲਨੇ ਵਾਲੀ ਹੈ। ਇਸ ਤੋਂ ਬਚਣੇ ਦਾ ਦਾਰੂ ਹੈ ਰਜ਼ਾ। ਰਜ਼ਾ ਤੇ, ਲੋਭ ਦਾ ਹਨੇਰਾ ਨਹੀਂ ਤੁਰਨ ਦਿੰਦਾ। ਉਸ ਲਈ ਚਾਨਣ ਦੀ ਲੋੜ ਹੈ। ਚਾਨਣ ਮਿਲਦਾ ਹੈ ਨਾਮ ਤੋਂ। ਭਾਵ, 'ਨਾਮ' ਸਿਮਰਨ ਕਰੋ, ਵਾਹਿਗੁਰੂ ਜੀ ਤੇ ਦ੍ਰਿੜ ਭਰੋਸਾ ਧਾਰਨ ਕਰੋ ਜੋ ਤੁਹਾਡੀ ਨਜ਼ਰ ਕਰਮ ਜਾਲ ਤੋਂ ਉੱਠ ਕੇ ਵਾਹਿਗੁਰੂ ਜੀ ਵਿਚ ਚਲੀ ਜਾਵੇ। ਇਸ ਤਰ੍ਹਾਂ ਦੇ ਨਾਮ ਅਭਿਆਸ ਤੇ ਦ੍ਰਿੜ੍ਹ ਵਿਸ਼ਵਾਸ ਕਿ 'ਤੁਧੁ ਭਾਵੈ ਤਾਂ ਆਵਹਿ ਰਾਸਿ ॥ (ਸੂਹੀ ਮ. ੫) ਨਾਲ ਨਾਮੀ ਨੂੰ ਪ੍ਰਾਪਤ ਹੋ ਜਾਉਗੇ, ਜਿਸ ਕਰਕੇ ਕਰਮ ਗੇੜ ਵਿਚੋਂ ਨਿਕਲ ਜਾਓਗੇ, ਉਹ ਨੀਵਾਂ ਰਹਿ ਜਾਵੇਗਾ। 'ਨਾਮ' ਦੀ ਪ੍ਰਾਪਤ ਅਵਸਥਾ ਭਾਵ, ਰਸਮਈ-ਆਨੰਦ ਅਵਸਥਾ ਵਿਚ ਹੋ ਜਾਉਗੇ। ਫਲ ਹੈ ਅੰਤ ਸਮੇਂ ਸ਼ਾਂਤੀ, ਸੁਖ, ਮਰਕੇ ਹਜ਼ੂਰੀ ਵਾਸ ਦੀ ਪ੍ਰਾਪਤੀ ਹੋ ਜਾਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਰੋਗੁ ਮਾਨੁਖ ਕਉ ਦੀਨਾ ॥ (ਭੈਰਉ ਮ. ੫/੧੧੪੦)

ਅਕਾਲ ਪੁਰਖ ! ਪਾਰਬ੍ਰਹਮ ਪਰਮੇਸੁਰ ਨੇ ਇਨਸਾਨ ਨੂੰ ਹਉਮੈ ਦਾ ਰੋਗ ਦੇ ਰੱਖਿਆ ਹੈ, ਜੋ ਸਭ ਤੋਂ ਵੱਡਾ ਰੋਗ ਹੈ।

ਹਉਮੈ ਕੀਹ ਹੈ ? ਮੈਂ ਪੁਣੇ ਦਾ ਭਾਵ, ਜੋ ਹਿਰਦੇ ਵਿਚ ਸਥੂਲ (ਮੋਟਾ) ਰੂਪ ਧਾਰ ਕੇ ਬੈਠ ਜਾਦਾ ਹੈ। ਕੋਸ਼ ਵਿਚ ਲਿਖਿਆ ਹੈ ਕਿ 'ਮੈਂ ਜਦੋਂ' 'ਮੈਂ' ਨਹੀਂ ਵੱਲ ਜਾਂਦੀ ਹੈ ਤਾਂ ਆਪਾ ਨਿਵਾਰਦੀ ਹੈ, ਪਰ ਜਦੋਂ 'ਮੈਂ' 'ਹਉਂ' ਜਾਂ 'ਆਪੇ' ਵੱਲ ਝੁਕਦੀ ਹੈ, 'ਹਉਂ ਹਉਂ' ਵਿਚ ਪੱਕੀ ਤੇ ਦ੍ਰਿੜ੍ਹ ਹੋ ਜਾਂਦੀ ਹੈ ਤੇ ਇਸ ਭਾਵ ਤੋਂ ਮੋਹ ਮਾਇਆ ਵਿਚ ਫਸਦੀ ਹੈ। ਇਹ ਹੈ ਹਉਮੈ, ਹੰਕਾਰ, ਅਭਿਮਾਨ, ਖੁਦੀ, ਅਹੰਤਾ, ਮੈਂ ਮੇਰੀ ਦਾ ਭਾਵ, ਅਭਿਮਾਨੁ ਦੁਆਰਾ ਆਪਣੀ ਬਜ਼ੁਰਗੀ ਦਾ ਖਿਆਲ। ਫਿਰ ਇਸ ਦੀ ਦ੍ਰਿਸ਼ਟੀ ਇਹ ਹੋ ਜਾਂਦੀ ਹੈ ਕਿ ਅਮਕਾ ਚੰਗਾ ਕੰਮ ਮੈਂ ਕੀਤਾ ਹੈ, ਮੈਂ ਸਮਰਥ ਹਾਂ, ਸ਼ਕਤੀ ਵਾਲਾ ਹਾਂ, ਬਲੀ ਹਾਂ, ਗਰੀਬਾਂ ਨੂੰ ਦਾਨ ਦਿੰਦਾ ਹਾਂ, ਮੇਰਾ ਰਾਜ ਭਾਗ ਹੈ, ਲਉ ਲਸ਼ਕਰ ਮੇਰਾ ਹੈ। ਇਉਂ ਹੰਕਾਰੀ ਪੁਰਖ ਹਰ ਕੰਮ ਵਿਚ ਮੈਂ ਨੂੰ ਵੇਖਦਾ ਹੈ। ਆਕੜਾਂ ਮਾਰਦਾ ਹੈ। ਆਪਣੇ ਆਪ ਨੂੰ ਵੱਡਾ ਤੇ ਹੋਰਨਾਂ ਨੂੰ ਨੀਵੇਂ ਤੇ ਮਾੜੇ ਗਿਣਦਾ ਹੈ ਅਤੇ ਪਾਪ ਕਰਮਾਂ ਵਿਚ ਨਿਸ਼ੰਗ ਹੋ ਕੇ ਤੁਰਦਾ ਹੈ। ਹਰ ਗੱਲ ਵਿਚ 'ਮੈਂ' ਨੂੰ ਭਾਵ ਆਪਣੇ 'ਮਨ' ਨੂੰ ਹੀ ਅੱਗੇ ਰੱਖਣਾ ਹਉਮੈ ਦਾ ਸਰੂਪ ਹੈ।

ਹਉਮੈ ਅੱਖਾਂ ਅੱਗੇ ਐਸਾ ਪਰਦਾ ਤਾਣ ਦਿੰਦੀ ਹੈ ਕਿ ਮਨੁੱਖ ਨੂੰ ਮੈਂ ਤੋਂ ਪਰੇ ਹੋਰ ਕੁਝ ਦਿੱਸਦਾ ਹੀ ਨਹੀਂ। ਹਉਮੈ ਮਨੁੱਖ ਨੂੰ ਦੂਜਿਆਂ ਨਾਲੋਂ ਨਿਖੇੜਦੀ ਹੈ ਤੇ ਅਪਣੱਤ ਦੀਆਂ ਹੱਦਾਂ ਕਾਇਮ ਕਰਦੀ ਹੈ। ਹਉਮੈ ਕਰਕੇ ਇਨਸਾਨ ਆਪਣੀ ਜਾਇਦਾਦ, ਇੱਜਤ, ਦੌਲਤ ਲਈ ਸਾਰੀ ਜ਼ਿੰਦਗੀ, ਸਾਰਾ ਜ਼ੋਰ, ਸਾਰੀ ਅਕਲ ਖਰਚ ਕਰ ਦੇਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਭ ਹਉਮੈ ਤੋਂ ਹੀ ਪੈਦਾ ਹੁੰਦੇ ਹਨ, ਇਹਨਾਂ ਸਭਨਾਂ ਦਾ ਮੂਲ ਕਾਰਨ ਹਉਮੈ ਹੈ। ਜਦ ਪ੍ਰਾਣੀ ਦੀ ਤ੍ਰਿਸ਼ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਵਿਰਤ ਨਹੀਂ ਹੁੰਦੀ, ਉਸ ਨੂੰ ਬੜਾ ਦੁਖ ਹੁੰਦਾ ਹੈ ਅਤੇ ਤ੍ਰਿਸ਼ਨਾ ਦੀ ਨਵਿਰਤੀ ਵਾਸਤੇ ਤਰ੍ਹਾਂ ਤਰ੍ਹਾਂ ਦੀਆਂ ਕਾਢਾਂ ਕੱਢਦਾ ਹੈ, ਸੋਚਾਂ ਦੁੜਾਉਂਦਾ, ਜ਼ੁਲਮ, ਬੇ-ਇਨਸਾਫ਼ੀ ਧੋਖੇਬਾਜ਼ੀ ਅਤੇ ਹੋਰ ਸਾਰੇ ਬੁਰੇ ਕੰਮ ਕਰਦਾ ਹੈ।

ਹਉਮੈ ਕਰਕੇ ਜੀਵ, ਈਸ਼ਵਰ ! ਪਾਰਬ੍ਰਹਮ ! ਪਰਮੇਸ਼ਰ ਤੋਂ ਜੁਦਾ ਹੁੰਦਾ ਹੈ, ਅਨੇਕਾਂ ਪ੍ਰਕਾਰ ਦੀਆਂ ਗਲਤੀਆਂ ਕਰਦਾ, ਉਹਨਾਂ ਦੀ ਸਜ਼ਾ ਦੁਖ ਦੀ ਸ਼ਕਲ ਵਿਚ ਭੋਗਦਾ ਅਤੇ ਮੁੜ ਮੁੜ ਕੇ ਮੌਤ ਦੇ ਪੰਜੇ ਦਾ ਸ਼ਿਕਾਰ ਹੁੰਦਾ ਹੈ । ਜੇਕਰ ਜੀਵ ਵਿਚ ਹਉਮੈ ਨਾ ਹੋਵੇ ਤਾਂ ਇਸ ਵਰਗਾ ਸੁਖ ਕੋਈ ਹੈ ਹੀ ਨਹੀਂ। ਇਸ ਦੇ ਅਤੇ ਪਰਮਾਤਮਾ ਦੇ ਵਿਚਕਾਰ ਕੇਵਲ ਹਉਮੈ ਦਾ ਹੀ ਪੜਦਾ ਹੈ, ਜੋ ਇਸ ਨੂੰ ਆਪਣੇ ਅਸਲੇ ਤੋਂ ਨਿਖੇੜੀ ਰੱਖਦਾ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਜੀਵ-ਇਸਤ੍ਰੀ ਅਤੇ ਅਕਾਲ ਪੁਰਖ ਜੀ ਦਾ ਇਕੋ ਹੀ ਹਿਰਦੇ ਥਾਂ ਵਿਚ ਵਸੇਬਾ ਹੈ, ਪਰ ਦੋਹਾਂ ਦੇ ਵਿਚ ਜੀਵ-ਇਸਤ੍ਰੀ ਦੀ ਹਉਮੈ ਦੀ ਕਰੜੀ ਕੰਧ ਬਣੀ ਪਈ ਹੈ। ਆਖਦੇ ਹਨ ਕਿ ਗੁਰੂ ਜੀ ਨੇ ਜਿਨ੍ਹਾਂ ਸੇਵਕਾਂ ਦੇ ਅੰਦਰੋਂ ਇਹ ਹਉਮੈ ਦੀ ਕੰਧ ਤੋੜ ਦਿੱਤੀ, ਉਹ ਪਰਮਾਤਮਾ ਨੂੰ ਮਿਲ ਪਏ :

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੇ ਹਉਮੈ ਭੀਤਿ ਤੋਰੀ
ਜਨ ਨਾਨਕ ਮਿਲੇ ਬਨਵਾਰੀ ॥ (ਮਲਾਰ ਮ. ੪/੧੨੬੩)

ਜਿਸ ਨੇ 'ਹਉਂ' ਨੂੰ ਜਾਂ ਆਪਣੇ 'ਮਨ' ਨੂੰ ਮੁੱਖ ਰੱਖਿਆ ਹੈ, ਗੁਰਬਾਣੀ ਵਿਚ ਉਸ ਨੂੰ 'ਮਨਮੁਖ' ਨਾਮ ਦਿੱਤਾ ਹੈ। ਜਿਹੜਾ ਇਨਸਾਨ ਆਪਣੇ ਮਨ ਦੇ ਪਿੱਛੇ ਤੁਰਦਾ ਹੈ, ਉਹ ਪਰਮਾਤਮਾ ਦੇ ਨਾਮ ਦਾ ਸੁਆਦ ਨਹੀਂ ਚੱਖ ਸਕਦਾ ਉਹ ਜਿਉਂ ਜਿਉਂ ਆਪਣੀ ਸਿਆਣਪ ਦਾ ਹੰਕਾਰ ਕਰਦਾ ਹੈ ਤਿਉਂ ਤਿਉਂ ਉਸ ਨੂੰ ਵਧੀਕ ਵਧੀਕ ਸਜ਼ਾ ਮਿਲਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਹਰੀ ਰਸ ਚਖ ਨਹੀਂ ਸਕਦਾ :

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥
ਹਉਮੈ ਕਰੈ ਬਹੁਤੀ ਮਿਲੈ ਸਜਾਇ ॥

(ਸੂਹੀ ਮ. ੪/੭੩੩)

ਸੰਸਾਰ ਵਿਚ ਇਨਸਾਨ ਦੋ ਰਸਤਿਆਂ ਤੇ ਤੁਰ ਰਿਹਾ ਹੈ—ਇਕ ਹੈ ਲਿਵ ਪਰਮਾਤਮਾ ਦੇ ਧਿਆਨ ਸਿਮਰਨ ਵਿਚ ਜੁੜਨਾ, ਦੂਜਾ ਹੈ ਧਾਤੁ ਸੰਸਾਰਕ ਪਦਾਰਥਾਂ ਦੇ ਮਗਰ ਧਾਵਨਾ। ਸਤਿਗੁਰਾਂ ਦਾ ਵਾਕ ਹੈ :

ਲਿਵ ਧਾਤੁ ਦੁਇ ਰਾਹ ਹੈ.. ...॥

(ਸਿਰੀ ਰਾਗੁ ਵਾਰ ਮ. ੪/੮੭)

ਲਿਵ ਦਾ ਰਸਤਾ ਵਾਹਿਗੁਰੂ ਪ੍ਰੇਮ, ਅਕਾਲ ਪੁਰਖ ! ਨਿਰੰਕਾਰ ਦੇ ਪਿਆਰ ਭਰੇ ਨਾਮ ਸਿਮਰਨ ਵਿਚ ਰਸ ਮਗਨ ਹੋਣਾ। ਤੇ ਧਾਤੁ ਦਾ ਮਤਲਬ ਹੈ ਦੌੜਨਾ, ਮਾਇਆ ਦੇ ਪਿਛੇ ਨੱਸੇ ਫਿਰਨਾ। ਸੰਸਾਰ ਤੇ ਇਹ ਜੀਵ ਆਇਆ ਤਾਂ ਸੀ ਲਾਹਾ ਲੈਣ। ਪਰ ਪ੍ਰਾਣੀ ਹਉਮੈ ਦੇ ਘੋੜੇ ਚੜ੍ਹਕੇ ਕੁੱਫਕੜਾਂ ਵਿਚ ਜੀਵਨ ਦੀ ਕਾਲੀ ਰਾਤ ਬਿਤਾ ਜਾਂਦਾ ਹੈ, ਜਨਮ ਵਿਅਰਥ ਗੁਆ ਜਾਂਦਾ ਤੇ ਆਪਣਾ ਅੰਤ ਬੀ ਖਰਾਬ ਕਰ ਲੈਂਦਾ ਹੈ :

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥੧॥

(ਸਿਰੀ ਰਾਗੁ ਮ. ੫/੪੩)

ਮਨਮੁਖ ਹੰਕਾਰ ਵਿਚ ਮਰਦੇ ਹਨ ਉਹ ਆਪਣਾ ਮਰਨ ਬੀ ਵਿਗਾੜ ਲੈਂਦੇ ਹਨ, ਭਾਵ ਮਰਕੇ ਸਾਈਂ ਨੂੰ ਪ੍ਰਾਪਤ ਹੋਣਾ ਮੌਤ ਦਾ ਦਾ ਸੰਵਾਰਨਾ ਹੈ, ਮਰਕੇ ਸਾਈਂ ਅਪ੍ਰਾਪਤ ਭਟਕਣਾ ਮਰਨੇ ਨੂੰ ਵਿਗਾੜਨਾ ਹੈ :

ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥

(ਸਿਰੀ ਰਾਗੁ ਮ. ੪/੮੬)

ਇਸ ਲਈ ਸਤਿਗੁਰਾਂ ਨੇ ਇਸ ਹਉਮੈ ਨੂੰ ਮਾਰਨ ਦੀ ਅਰਥਾਤ ਅਧੀਨ ਕਰਨ ਦੀ ਪ੍ਰੇਰਨਾ ਕੀਤੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉ ਹਉ ਮੈ ਮੈ ਵਿਚਹੁ ਖੋਵੈ ॥ (ਸਿਧ ਗੋਸਟਿ ਮ. ੧/੯੪੩)

ਤੇ, ਜਿਸ ਨੇ ਹਉਮੈ ਹੰਕਾਰ ਨੂੰ ਵੱਸ ਕਰ ਲਿਆ ਉਸ ਨੇ ਮਨ ਉੱਤੇ ਕਾਠੀ ਪਾ ਲਈ ਉਹ ਸੂਰਾ ਤੇ ਵਰਿਆਮ ਹੋ ਗਿਆ :

ਨਾਨਕ ਸੋ ਸੂਰਾ ਵਰੀਆਮੁ
ਜਿਨਿ ਵਿਚਹੁ ਦੁਸਟੁ ਅਹਕਰਣੁ ਮਾਰਿਆ ॥

ਹਉਮੈ ਕੀ ਹੈ ? ਕਿਥੋਂ ਪੈਦਾ ਹੁੰਦੀ ਹੈ ? ਤੇ ਕਿਵੇਂ ਜਾਂਦੀ ਹੈ। ਇਸ ਵਿਸ਼ੇ ਤੇ ਆਸਾ ਦੀ ਵਾਰ ਵਿਚ ਇਕ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹੈ, ਜਿਸ ਦਾ ਭਾਵ ਇਉਂ ਹੈ ਕਿ ਇਹ ਜੋ ਜ਼ੀਵ ਦਿੱਸ ਰਹੇ ਹਨ, ਹਉਂ ਹੀ ਇਨ੍ਹਾਂ ਦੇ ਜੀਵੱਤ੍ਵ ਦਾ ਮੂਲ ਹੈ। ਇਹ ਹਉਮੈ ਸਾਂਈ ਦੇ ਹੁਕਮ ਵਿਚ ਪਾਈ ਗਈ ਹੈ, ਹਉਂ ਵਾਲਾ ਜੀਵ ਆਪਣੀ ਪਾਲਣਾ ਤੇ ਸਲਾਮਤੀ ਆਦਿ ਲੋੜਾਂ ਲਈ ਫਿਰ ਯਤਨ ਕਰਦਾ ਹੈ, ਐਉਂ ਹਉਮੈ ਹੀ ਇਸ ਨੂੰ ਕਰਮ ਵਿਚ ਪ੍ਰਵਿਰਤ ਕਰਦੀ ਹੈ। ਸੁਖ ਦੀ ਇੱਛਾ, ਦੁਖ ਦੀ ਨਵਿਰਤੀ ਤੇ ਭੋਗਾਂ ਦੇ ਰਸ ਤੋਂ ਵਾਸ਼ਨਾ ਤ੍ਰਿਸ਼ਨਾ ਬਣਦੀ ਹੈ, ਜੋ ਵਾਸ਼ਨਾ ਤੇ ਕਰਮ ਦਾ ਆਪੋ ਵਿਚ ਕਾਰਣ ਕਾਰਜ ਦਾ ਇਕ ਗੇੜ ਬਣ ਜਾਂਦਾ ਹੈ, ਜਿਸ ਤੋਂ ਜਨਮ ਮਰਨਾ ਹੁੰਦਾ ਹੈ। ਇਸ ਕਿਰਤ ਦੇ ਗੇੜ ਵਿਚੋਂ ਨਿਕਲਣਾ ਕਠਨ ਹੋ ਜਾਂਦਾ ਹੈ, ਜਿਵੇਂ ਟਿੰਡਾਂ ਦਾ ਬੈੜ ਦੇ ਗੇੜ ਵਿਚੋਂ ਨਿਕਲਣਾ। ਇਸ ਲਈ ਹਉਮੈ ਹੀ ਬੰਧਨ ਰੂਪ ਹੋ ਗਈ। ਸੋ ਪ੍ਰਸ਼ਨ ਹੁੰਦਾ ਹੈ ਕਿ ਇਹ ਕਿਥੋਂ ਉਪਜਦੀ ਹੈ ਤੇ ਬੰਧਨ ਰੂਪ ਹੋ ਚੁਕੀ ਕਿਵੇਂ ਨਿਵਿਰਤ ਹੁੰਦੀ ਹੈ ? ਇਸ ਦਾ ਉੱਤਰ ਦੇਂਦੇ ਹਨ ਕਿ ਇਸ ਨੂੰ ਪੈਦਾ ਕਰਨ ਵਾਲਾ ਸਾਂਈ ਦਾ ਹੁਕਮ ਹੈ, ਇਹ ਜੀਵ ਦੇ ਕਿਸੇ ਪਹਿਲੇ ਕਰਮ ਤੋਂ ਨਹੀਂ ਸੀ ਬਣੀ, ਪਰ ਜਦ ਇਹ ਬਣ ਗਈ ਤੇ ਇਸ ਦੇ ਜੀਵ ਦੇ ਜੀਵੱਤ੍ਵ ਦਾ ਮੂਲ ਇਹੋ ਹੋਈ ਫੇਰ ਇਸੇ ਕਰਕੇ ਜੀਵ ਕਰਮਾਂ ਵਿਚ ਪਰਵਿਰਤ ਹੋ ਗਿਆ, ਤਦ ਹੁਣ ਕਰਮ ਦਾ ਗੇੜ ਤੁਰ ਪਿਆ, ਜਿਸ ਵਿਚ ਜੀਵ ਘੁਮੇਟੇ ਖਾਂਦਾ ਤੇ ਨਿਕਲ ਨਹੀਂ ਸਕਦਾ, ਸੋ ਹੁਣ ਇਹ ਬੰਧਨ ਯਾ ਰੋਗ ਰੂਪ ਹੋ ਗਈ, ਪਰ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੋਗ ਅਸਾਧਿਆ ਨਹੀਂ ਹੈ, ਇਸ ਰੋਗ ਵਿਚ ਦਾਰੂ ਭੀ ਹੈ।

ਦਾਰੂ ਹੁਣ ਇਉਂ ਹੁੰਦਾ ਹੈ: ਹਉਂ ਤੋਂ ਉਪਜੇ ਦੁਖਾਂ ਦੀ ਪੀੜਾ ਵਿਆਕੁਲ ਕਰਦੀ ਹੈ ਤੇ ਭੋਗ ਕੌੜੇ ਲਗਦੇ ਹਨ ਤੇ ਮਨ ਬਚਾਉ ਦੇ ਰਸਤੇ ਭਾਲਦਾ ਹੈ। ਦਾਰੂ ਹੈ ਨਾਮ :

ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥

(ਗਉੜੀ ਮ. ੫/੨੫੫)

ਸੋ ਜੇ ਵਾਹਿਗੁਰੂ ਜੀ ਦੀ ਮਿਹਰ ਹੋਵੇ ਤਾਂ ਗੁਰੂ ਮਿਲ ਪੈਂਦਾ ਹੈ ਨਾਮ ਦਾਨ ਦਿੰਦਾ ਹੈ, ਜੀਵ ਉਸ ਨਾਮ ਦੀ ਕਮਾਈ ਕਰਦਾ ਹੈ, ਉਸ ਨਾਲ ਉਸ ਦਾ ਵਾਹਿਗੁਰੂ ਜੀ ਨਾਲ ਸੰਜੋਗ ਹੁੰਦਾ ਹੈ। ਹਉਂ ਨੇ ਹੀ ਤਾਂ ਵਾਹਿਗੁਰੂ ਜੀ ਤੋਂ ਦੂਜੈਗੀ ਪੁਆਈ ਸੀ, ਜਦੋਂ ਨਾਮ ਅਭਿਆਸ ਨਾਲ ਸਾਂਈਂ ਸੰਜੋਗ ਹੋ ਗਿਆ ਤਾਂ ਹਉਮੈ ਗਈ। ਉਧਰ ਕਰਮ ਜਾਲ, ਜਿਸ ਵਿਚ ਹਉਂ ਨੇ ਫਸਾਇਆ ਸੀ, ਐਉਂ ਛੁਟਦਾ ਹੈ ਕਿ ਪਰਮੇਸ਼ਰ ਨੂੰ ਅਰਾਧਣ ਵਾਲਾ ਮਾੜੇ ਕਰਮ ਆਪੇ ਛੱਡ ਦੇਂਦਾ ਹੈ, ਉਹ ਉਸ ਦੇ ਪ੍ਰੀਤਮ ਪਰਮੇਸਰ ਨੂੰ ਭਾਉਂਦੇ ਨਹੀਂ, ਇਸ ਕਰਕੇ ਉਹ ਹੁਣ ਮਾੜੇ ਕਰਮ ਕਰਦਾ ਹੀ ਨਹੀਂ ਤੇ ਸ਼ੁਭ ਕਰਮ ਕਰਕੇ ਵਾਹਿਗੁਰੂ ਜੀ ਨੂੰ ਅਰਪਣ ਕਰਦਾ ਹੈ :

ਕਾਹੂ ਫਲ ਕੀ ਇਛਾ ਨਹੀ ਬਾਛੈ ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥

(ਸੁਖਮਨੀ ਮ. ੫/੨੭੪)

ਐਉਂ ਜਾਲ ਤੋਂ ਭੀ ਛੁਟ ਗਿਆ। ਸੋ ਉਹ ਸਰੀਰ ਦੇ ਹੁੰਦਿਆਂ ਹੀ ਮਾੜੇ ਕਰਮਾਂ ਤੋਂ ਉੱਚਾ-ਸ਼ੁਭ ਕਰਮਾਂ ਦਾ ਨਿਸ਼ਕਾਮ ਧਾਰਣੀ ਤੇ ਪਰਮੇਸ਼ਰ ਦਾ ਪਿਆਰਾ ਹੋ ਗਿਆ ਤੇ 'ਹਉਂ' ਦੇ ਜਾਲ ਤੋਂ ਮੁਕਤ ਹੋ ਗਿਆ। ਉਸ ਦੀ ਸ਼ਖ਼ਸੀਅਤ ਨਿਰ-ਅਭਿਮਾਨ ਹੋ ਗਈ। ਨਾਲ ਹੀ ਉਹ ਸ਼ੁਭ ਤੇ ਪ੍ਰੇਮ ਸੰਯੁਕਤ ਸੁਖਦਾਈ ਬੱਦਲ ਵਾਂਗੂੰ ਸੁਖ ਵਰਸਾਉਂਦਾ ਹੋ ਗਿਆ ਹੈ। ਗੁਰੂ ਜੀ ਆਖਦੇ ਹਨ ਕਿ ਹੇ ਲੋਕੋ ! ਇਸ ਤਰੀਕੇ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਰੂਪੀ ਦੀਰਘ ਰੋਗ ਤੋਂ ਪੈਦਾ ਹੋਏ ਦੁੱਖ ਦੂਰ ਹੋ ਜਾਂਦੇ ਹਨ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥
(ਆਸਾ ਦੀ ਵਾਰ ਮ. ੨/੪੬੬)

ਭਾਵ : ਇਹੋ ਹਉਮੈ ਹੀ ਇਸ ਜੀਵ ਦੀ ਉਤਪਤੀ ਹੈ, ਭਾਵ ਮੂਲ ਹੈ ਤੇ ਅਗੋਂ ਕਰਮਾਂ ਵਿਚ ਪਰਵਿਰਤ ਭੀ ਹਉਮੈ ਹੀ ਜੀਵ ਨੂੰ ਕਰਦੀ ਹੈ। ਕਰਮ ਪਰਵਿਰਤੀ ਦੇ ਕਾਰਣ, ਏਹੋ ਹਉਮੈ ਹੀ ਜੀਵ ਲਈ ਬੰਧਨ ਰੂਪ ਹੋ ਜਾਂਦੀ ਹੈ, ਇਹੋ ਬੰਧਨ ਰੂਪ ਹੋ ਕੇ ਇਸ ਨੂੰ ਮੁੜ ਮੁੜ ਜੂਨਾਂ ਵਿਚ ਪਾਉਂਦੀ ਹੈ। (ਪ੍ਰਸ਼ਨ ਇਹ) ਹਉਮੈ ਕਿਥੋਂ ਉਗਮ ਪੈਂਦੀ ਹੈ ਤੇ ਕਿਸ ਉਪਾਉ ਨਾਲ ਦੂਰ ਹੋ ਸਕਦੀ ਹੈ ? (ਉੱਤਰ) ਏਹ ਹਉਮੈ ਤਾਂ ਵਾਹਿਗੁਰੂ ਦਾ ਹੁਕਮ ਹੈ ਭਾਵ ਵਾਹਿਗੁਰੂ ਜੀ ਦੇ ਹੁਕਮ ਤੋਂ ਹੁੰਦੀ ਤੇ ਜੀਵ ਨੂੰ ਪੈਂਦੀ ਹੈ, ਜਦ ਇਹ ਪੈ ਗਈ ਤਾਂ ਫੇਰ ਕਰਮ ਕਰੀਦੇ ਹਨ, ਜਿਨ੍ਹਾਂ ਤੋਂ ਕਿਰਤ ਦਾ ਗੇੜ ਬੱਝਦਾ ਹੈ। ਉਹ ਕਿਰਤ ਜੂਨਾਂ ਵਿਚ ਫੇਰਦੀ ਹੈ। ਐਉਂ ਹਉਮੈ ਦੀਰਘ ਰੋਗ ਹੈ, ਪਰ ਅਸਾਧ ਰੋਗ ਨਹੀਂ, ਦਾਰੂ ਭੀ ਏਸ ਵਿਚ ਹੈ। ਜੇ ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਜੀਵ ਗੁਰੂ ਜੀ ਦੇ ਸ਼ਬਦ ਦੀ ਕਮਾਈ ਵਿਚ ਲੱਗ ਪੈਂਦਾ ਹੈ। ਗੁਰੂ ਜੀ ਕਹਿੰਦੇ ਹਨ : ਹੇ ਸੱਜਣੋ ! ਸੁਣੋ ਇਹ ਉਪਾਉ ਹੈ ਜਿਸ ਨਾਲ ਹਉਂ ਤੋਂ ਉਪਜੇ ਦੁਖ ਦੂਰ ਹੁੰਦੇ ਹਨ।

ਹਉਂ ਹੰਕਾਰ ਨੂੰ ਹਉਮੈ ਕਹੀਦਾ ਹੈ, ਇਸ ਦੇ ਹੁੰਦਿਆਂ ਨਾਮ ਨਹੀਂ ਜਪ ਹੁੰਦਾ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਆਖਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਹੇ ਮੇਰੇ ਮਨ ! ਤੂੰ ਹਰੀ ਦਾ ਸਿਮਰਨ ਕਰ, ਪਰ ਨਾਲ ਗੁਰੂ ਜੀ ਦਾ ਉਚਾਰਿਆ ਬਚਨ ਭਾਵ ਹੁਕਮ ਭੀ ਕਮਾ। ਜੇ ਗੁਰੂ ਦਾ ਹੁਕਮ ਮੰਨੇਗਾ ਤਾਂ ਤੈਨੂੰ ਹਰੀ ਮਿਲ ਪਏਗਾ, ਤਦ ਤੇਰੇ ਦਿਲ ਵਿਚੋਂ ਹਉਮੈ ਦੂਰ ਹੋ ਜਾਏਗੀ। ਹਉਮੈ ਦਾ ਨਾਮ ਨਾਲ ਵੈਰ ਹੈ, ਦੋਵੇਂ ਇਕੋ ਥਾਂ ਇਕ ਦਿਲ ਵਿਚ ਇਕੱਠੇ ਨਹੀਂ ਰਹਿ ਸਕਦੇ। ਦਿਲ ਵਿਚ ਹਉਮੈ ਧਾਰੀ ਰੱਖਣ ਨਾਲ ਸੇਵਾ ਨਹੀਂ ਹੋ ਸਕਦੀ, ਜੇ ਕਰੇ ਮਨ ਅਜਾਈਂ ਜਾਂਦਾ ਹੈ, ਭਾਵ ਮਨ ਦਾ ਕੀਤਾ ਕੱਤ੍ਰਿਆ ਬਿਰਥਾ ਜਾਂਦਾ ਹੈ ॥

ਇਹ ਸੱਚ ਹੈ ਕਿ ਹਉਮੈ ਤੋਂ ਹੀ ਜੀਵ ਦੀ ਉਤਪਤੀ ਹੁੰਦੀ ਹੈ, ਤੇ ਇਹ ਸਰੀਰ ਭੀ ਸਾਰਾ ਹਉਮੈ ਦਾ ਪੁਤਲਾ ਹੈ। ਪਰ ਹਉਮੈ ਹੀ ਵੱਡਾ ਹਨੇਰਾ ਹੈ, ਹਉਮੈ ਦਿਲ ਵਿਚ ਹੁੰਦਿਆਂ ਕੋਈ ਆਪਣੇ ਆਤਮ ਅਸਲੇ ਨੂੰ ਲਖ ਨਹੀਂ ਸਕਦਾ।

ਹਉਮੈ ਵਿਚ ਭਗਤੀ ਨਹੀਂ ਹੋ ਸਕਦੀ ਅਤੇ ਵਾਹਿਗੁਰੂ ਜੀ ਦਾ ਹੁਕਮ ਸਮਝੇ ਨਹੀਂ ਪੈਂਦਾ। ਹਉਮੈ ਵਿਚ ਜੀਵ ਬੰਧਾਇਮਾਨ ਰਹਿੰਦਾ ਹੈ, ਭਾਵ ਸੁਤੰਤਰ ਨਹੀਂ ਹੁੰਦਾ ਤੇ ਬੱਧੇ ਹੋਏ ਜੀਵ ਦੇ ਮਨ ਵਿਚ ਨਾਮ ਨਹੀਂ ਆ ਕੇ ਵਸਦਾ।

ਜੇ ਗੁਰੂ ਮਿਲ ਪਏ ਤਾਂ ਮਨੁੱਖ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ, ਤਦੋਂ ਸਦਾ ਥਿਰ ਪ੍ਰਭੂ ਮਨੁੱਖ ਦੇ ਮਨ ਵਿਚ ਆ ਵੱਸਦਾ ਹੈ, ਤਦੋਂ ਮਨੁੱਖ ਸਦਾ-ਥਿਰ ਹਰਿ-ਨਾਮ ਸਿਮਰਨ ਦੀ ਕਮਾਈ ਕਰਦਾ ਹੈ, ਸਦਾ-ਥਿਰ ਹਰਿ ਨਾਮ ਵਿਚ ਟਿਕਿਆ ਰਹਿੰਦਾ ਹੈ, ਤੇ ਸਚੇ ਸਤਿ ਸਰੂਪ ਅਕਾਲ ਪੁਰਖ ਨੂੰ ਸੇਵਦਾ ਉਸੇ ਵਿਚ ਸਮਾ ਜਾਂਦਾ ਹੈ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨਾ ਹੋਵਈ ਤਾ ਮਨੁ ਬਿਰਥਾ ਜਾਇ ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥੧॥ ਰਹਾਉ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ
ਤਾ ਸਚੁ ਵਸਿਆ ਮਨਿ ਆਇ ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ (ਵਡਹੰਸ ਮ. ੩/੫੬੦)

ਭਾਵ : ੧. ਹਉਂ ਹੰਕਾਰ ਵਾਲੇ ਮਨ ਵਿਚ ਨਾਮ ਦਾ ਨਿਵਾਸ ਨਹੀਂ ਹੁੰਦਾ ।
੨. ਹਉਂ ਨਿਵਿਰਤੀ ਨਾਮ ਨਾਲ ਹੁੰਦੀ ਹੈ ।
੩. ਨਾਮ ਗੁਰੂ ਸੇਵਾ ਤੋਂ ਮਿਲਦਾ ਹੈ ।
੪. ਗੁਰੂ ਸੇਵਾ ਹੁਕਮ ਮੰਨਣੇ ਨਾਲ ਹੁੰਦੀ ਹੈ, ਸੋ ਗੁਰੂ ਦਾ ਹੁਕਮ ਮੰਨਕੇ 'ਹਰੀ ਚੇਤਿ', ਹਰੀ ਦਾ ਸਿਮਰਨ ਕਰੋ ।

ਫਿਰ ਅੰਕ ੨ ਵਿਚ ਆਸਾ ਦੀ ਵਾਰ ਵਾਲਾ ਉਹ ਖਿਆਲ ਦਿੱਤਾ ਹੈ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
(ਵਾਰ ਆਸ ਮ. ੨/੪੬੬)

ਫਿਰ ਦੱਸਿਆ ਹੈ ਕਿ ਹਉਮੈ ਹੀ ਮੁਕਤੀ ਦੀ ਰੋਕ ਹੈ । ਇਸ ਦਾ ਦਾਰੂ ਸਤਿਗੁਰੂ, ਉਸ ਦੇ ਦੱਸੇ ਦੀ ਕਮਾਈ । ਉਸ ਦੇ ਹੁਕਮ ਕਮਾਉਣ ਦੀ ਘਾਲ ਹਉਮੈਂ ਕੱਟੇਗੀ ਤੇ ਸੱਚੇ ਨਾਮੀ ਦੀ ਪ੍ਰਾਪਤੀ ਹੋ ਜਾਏਗੀ ।

ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਪਾਸੋਂ ਜੋਗੀ ਪੁੱਛਦੇ ਹਨ ਕਿ ਹੇ ਪੁਰਖ ! ਜਗਤ ਕਿਸ ਕਿਸ ਵਿਧੀ ਨਾਲ ਉਪਜਦਾ ਹੈ, ਕਿਸ ਤਰ੍ਹਾਂ ਦੁੱਖ ਵਿਚ ਪੈਂਦਾ ਹੈ ਤੇ ਕਿਵੇਂ ਨਾਸ ਹੁੰਦਾ ਹੈ ?

ਗੁਰੂ ਬਾਬਾ ਜੀ ਨੇ ਉੱਤਰ ਦਿੱਤਾ ਕਿ ਹੇ ਪੁਰਖੋ ! ਜਗਤ ਹਉਮੈ ਵਿਚ ਪੈਦਾ ਹੁੰਦਾ ਹੈ, ਜੇ ਇਸ ਨੂੰ ਪ੍ਰਭੂ ਦਾ ਨਾਮ ਵਿੱਸਰ ਜਾਏ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁੱਖ ਪਾਉਂਦਾ ਹੈ। ਜੋ ਮਨੁੱਖ ਗੁਰੂ ਜੀ ਦੇ ਹੁਕਮ ਵਿਚ ਤੁਰਦਾ ਹੈ, ਉਹ ਤੱਤ ਗਿਆਨ ਨੂੰ ਵਿਚਾਰਦਾ ਹੈ ਤੇ ਆਪਣੀ ਹਉਮੈ ਗੁਰੂ ਦੇ ਸ਼ਬਦ ਰਾਹੀਂ ਸਾੜਦਾ ਹੈ, ਉਸ ਦਾ ਤਨ ਉਸ ਦਾ ਮਨ ਉਸ ਦੀ ਬਾਣੀ ਪਵਿੱਤਰ ਹੋ ਜਾਂਦੇ ਹਨ। ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਟਿਕਿਆ ਰਹਿੰਦਾ ਹੈ, ਉਹ ਮਨੁੱਖ ਨੂੰ ਪ੍ਰਭੂ ਚਰਨਾਂ ਦਾ ਮਤਵਾਲਾ ਹੋ ਕੇ ਨਿਰੋਲ ਪ੍ਰਭੂ-ਨਾਮ ਵਿਚ ਹੀ ਜੁੜਿਆ ਰਹਿੰਦਾ ਹੈ, ਸਦਾ ਪ੍ਰਭੂ ਨੂੰ ਹਿਰਦੇ ਵਿਚ ਟਿਕਾਈ ਰੱਖਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਪ੍ਰਭੂ ਨਾਲ ਮਿਲਾਪ ਕਦੇ ਹੋ ਨਹੀਂ ਸਕਦਾ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਵੋ, ਭਾਵ ਤੁਹਾਡਾ ਜਾਤੀ ਤਜਰਬਾ ਭੀ ਇਹੀ ਗਵਾਹੀ ਦੇਵੇਗਾ :

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ
ਹਉਮੈ ਸਬਦਿ ਜਲਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ
ਦੇਖਹੁ ਰਿਦੈ ਬੀਚਾਰੇ ॥ (ਸਿਧ ਗੋਸਟਿ ਮ. ੧/੯੪੬)

ਪਰ ਜੀਵਾਂ ਦੇ ਭੀ ਕੀ ਵੱਸ ? ਜਿਸ ਸਿਰਜਣਹਾਰ ਕਰਤਾਰ ਨੇ ਇਹ ਰਚਨਾ ਰਚੀ ਹੈ, ਉਸ ਨੇ ਸਰੀਰ ਬਨਾਉਣ ਵੇਲੇ ਹਉਮੈ ਭੀ ਨਾਲ ਹੀ ਹਰੇਕ ਦੇ ਅੰਦਰ ਪਾ ਦਿੱਤੀ ਹੈ। ਇਹ ਹਉਮੈ ਹੀ ਜਨਮ ਮਰਨ ਦਾ ਗੇੜ ਹੈ, ਉਹ ਹਉਮੈ ਹੀ ਜੰਮਦੀ ਮਰਦੀ ਹੈ, ਭਾਵ : ਉਸ ਹਉਮੈ ਦੇ ਕਾਰਨ ਹੀ ਜੀਵ ਲਈ ਜੰਮਣ ਮਰਨ ਦਾ ਚੱਕਰ ਬਣਿਆ ਰਹਿੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥

(ਮਾਰੂ ਮ. ੫/੯੯੯)

ਪੁਰਾਣਾਂ ਦੀਆਂ ਦੱਸੀਆਂ ਸਾਖੀਆਂ ਅਨੁਸਾਰ ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਦੇ ਕਾਰਨ ਵੱਡੇ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ ਭੀ ਰੋਗੀ ਹੀ ਰਹੇ, ਕਿਉਂਕਿ ਉਨ੍ਹਾਂ ਨੇ ਭੀ ਹਉਂ ਵਿਚ ਹੀ ਕਾਰ ਕੀਤੀ। ਜਿਸ ਪਰਮਾਤਮਾ ਨੇ ਉਹਨਾਂ ਨੂੰ ਪੈਦਾ ਕੀਤਾ ਸੀ, ਉਸ ਨੂੰ ਉਹ ਵਿਚਾਰੇ ਚੇਤਦੇ ਨਾ ਰਹੇ। ਪਰਮਾਤਮਾ ਦੀ ਸੂਝ ਤਾਂ ਗੁਰੂ ਦੀ ਸਰਨ ਪਿਆਂ ਹੀ ਪੈਂਦੀ ਹੈ :

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ
ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ ॥ (ਸੂਹੀ ਮ. ੪/੭੩੫)

ਜੀਵ ਜਗਤ ਵਿਚ ਹਉਂ ਭਾਵ ਮੈਂ ਦੇ ਅਧਿਆਸ ਵਿਚ ਪਰਪੱਕ ਹੋਇਆ ਹੋਇਆ ਹੀ ਆਉਂਦਾ ਹੈ, ਇਸੇ ਹਉਂ ਦੇ ਅਧਿਆਸ ਵਿਚ ਮੁੜ ਪਰਪੱਕ ਹੋ ਕੇ ਜਗਤ ਤੋਂ ਫੇਰ ਤੁਰ ਜਾਂਦਾ ਹੈ। ਸੋ ਇਉਂ ਹਉਂ ਵਿਚ ਹੀ ਜੰਮਦਾ ਤੇ ਹਉਂ ਵਿਚ ਹੀ ਮਰਦਾ ਹੈ। ਭਾਵ : ਇਸ ਤਰ੍ਹਾਂ ਹਉਂ ਵਿਚ ਬੱਝੇ ਹੋਏ ਹੋਣ ਕਰਕੇ ਇਸ ਦੇ ਜਨਮ ਮਰਣ ਦਾ ਗੇੜ ਤੁਰਿਆ ਰਹਿੰਦਾ ਹੈ। ਜੰਮਕੇ ਵੱਡਾ ਹੋ ਕੇ ਦੇਣ ਲੈਣ ਕਰਦਾ ਹੈ ਸੋ ਹਉਂ ਵਿਚ ਦੇਂਦਾ ਹੈ ਤੇ ਹਉਂ ਵਿਚ ਹੀ ਲੈਂਦਾ ਹੈ। ਜੋ ਇਸ ਨੇ ਖੱਟਿਆ ਤਾਂ ਹਉਂ ਵਿਚ, ਜੇ ਇਸ ਦਾ ਗੁਆਚਾ/ਘਾਟਾ ਪਿਆ ਤਾਂ ਹਉਂ ਵਿਚ। ਇਹ ਜੇ ਸਚਿਆਰ ਬਣਦਾ ਹੈ ਤਾਂ ਉਸ ਵੇਲੇ ਭੀ ਹਉਂ ਵਿਚ ਹੁੰਦਾ ਹੈ ਤੇ ਜੇ ਕੂੜਿਆਰ ਹੋ ਜਾਵੇ ਤਾਂ ਭੀ ਉਸੇ ਹਉਂ ਵਿਚ ਹੁੰਦਾ ਹੈ। ਜਦੋਂ ਇਹ ਪਾਪਾਂ ਪੁੰਨਾਂ ਦੀ ਵੀਚਾਰ ਕਰਦਾ ਹੈ ਤਦ ਭੀ ਹਉਂ ਵਿਚ ਹੁੰਦਾ ਹੈ। ਇਸ ਹਉਂ ਦੇ ਪਰਪੱਕ ਅਧਿਆਸ ਵਿਚ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੇ ਪਾਪ ਪੁੰਨ ਦੇ ਹਿਸਾਬ ਮੂਜਬ ਨਰਕ ਕਿ ਸੁਰਗ ਵਿਚ ਇਸ ਦਾ ਜਾਣਾ ਹੁੰਦਾ ਹੈ। ਹੱਸਦਾ ਹੈ ਤਾਂ ਭੀ ਹਉਂ ਵਿਚ ਹੁੰਦਾ ਹੈ। ਰੋਂਦਾ ਹੈ ਤਾਂ ਭੀ ਹਉਂ ਵਿਚ ਹੁੰਦਾ ਹੈ। ਜਦੋਂ ਪਾਪਾਂ ਨਾਲ ਆਪ ਨੂੰ ਭਰ ਲੈਂਦਾ ਹੈ ਤਾਂ ਹਉਂ ਵਿਚ ਹੁੰਦਾ ਹੈ, ਪਰ ਜਦੋਂ ਉਨ੍ਹਾਂ ਪਾਪਾਂ ਤੋਂ ਆਪ ਨੂੰ ਧੋਂਦਾ ਹੈ ਤਾਂ ਭੀ ਹਉਂ ਵਿਚ। ਜਦੋਂ ਇਹ ਜਾਤ ਤੇ ਜਿਨਸ ਦੇ ਮਾਣ ਵਿਚ ਹੁੰਦਾ ਹੈ ਤਾਂ ਭੀ ਹਉਂ ਵਿਚ ਹੁੰਦਾ ਹੈ, ਪਰ ਜਦੋਂ ਇਸ ਜਾਤ ਅਭਿਮਾਨ ਨੂੰ ਦੂਰ ਕਰਦਾ ਹੈ ਤਦ ਭੀ ਹਉਂ ਵਿਚ ਹੀ ਰਹਿ ਕੇ ਕਰਦਾ ਹੈ। ਹਉਂ ਵਿਚ ਹੀ ਇਹ ਮੂਰਖਤਾਈ ਦੇ ਕੰਮ ਕਰਕੇ ਮੂਰਖ ਬਣ ਜਾਂਦਾ ਹੈ, ਫੇਰ ਅਕਲ ਇਲਮ ਸਿਖਕੇ ਸਿਆਣਾ ਬਣਦਾ ਹੈ ਤਾਂ ਭੀ ਹਉਂ ਵਿਚ ਹੀ ਹੁੰਦਾ ਹੈ। ਇਸ ਤਰ੍ਹਾਂ ਹਉਂ ਵਿਚ ਬੱਝਿਆਂ ਇਸ ਨੂੰ ਜਗਤ ਜਾਲ ਤੋਂ ਛੁਟਕਾਰੇ ਦੀ, ਤੇ ਇਸ ਤੋਂ ਛੁੱਟਕੇ ਪਰਮਾਤਮਾ ਵਿਚ ਮੇਲ ਦੀ ਸੋਝੀ ਨਹੀਂ ਪੈਂਦੀ। ਕਿਉਂਕਿ ਮਾਇਆ ਭੁਲੇਵਾ ਤੇ ਛਾਇਆ ਅਨ੍ਹੇਰਾ ਦੋਹਾਂ ਕਰਕੇ ਇਸਨੂੰ ਮੋਖ ਦੀ ਸੋਝੀ ਨਹੀਂ ਪੈਂਦੀ, ਉਹ ਦੋਇ ਭੀ ਇਸ ਦੇ ਹਉਂ ਵਿਚ ਹੋਣ ਕਰਕੇ ਹਨ। ਜੀਵਾਂ ਦੇ ਜਨਮ ਲੈ ਲੈ ਕੇ ਮੁੜ ਮੁੜ ਹਉਮੈ ਕਰਦੇ ਰਹਿਣ ਕਰਕੇ ਹੀ ਇਨ੍ਹਾਂ ਨੂੰ ਮੁੜ ਮੁੜ ਜਨਮ ਦਿੱਤਾ ਜਾਂਦਾ ਹੈ। ਜੇ ਇਹ ਜੀਵ ਹਉਮੈ ਨੂੰ ਸਮਝ ਲਵੇ ਤਾਂ ਇਸ ਨੂੰ ਸਾਂਈਂ ਦਾ ਦਰ ਦਿਸ ਪਵੇ। ਅਰਥਾਤ: ਜਦ ਇਸ ਨੂੰ ਸਮਝ ਪੈ ਜਾਵੇ ਕਿ ਮੇਰੇ ਸ਼ੁਭ ਅਸ਼ੁਭ ਸਾਰੇ ਕੰਮ ਹਉਮੈ ਕਰਾ ਰਹੀ ਹੈ ਤਾਂ ਇਹ ਸਮਝ ਲਉ ਕਿ ਇਸ ਨੂੰ ਨਿਵਿਰਤ ਕਰਨ ਨਾਲ ਮੈਂ ਸੁਖ ਸਰੂਪ ਹੋ ਜਾਣਾ ਹੈ। ਇਸ ਯਥਾਰਥ ਗਿਆਨ ਤੋਂ ਜੋ ਸੱਖਣਾ ਹੈ ਸੋ ਗਿਆਨ ਦੀਆਂ ਸੱਖਣੀਆਂ ਗੱਲਾਂ ਹੀ ਗੱਲਾਂ ਮਾਰਦਾ ਝਗੜੇ ਕਰਦਾ ਰਹਿੰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਜੀ ਦੇ ਹੁਕਮ ਨਾਲ ਹੀ ਲੇਖ ਲਿਖੇ ਜਾਂਦੇ ਹਨ, ਜਿਹਾ ਕਿ ਆਦਿ ਲੇਖ ਹਉਮੈ ਦਾ ਲਿਖਿਆ ਗਿਆ:

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਹੁਕਮ ਨਾਲ ਬਣੀ ਹੈ, ਇਸ ਵਿਚ ਪੈ ਕੇ ਕਰਮ ਕਰੀਦੇ ਹਨ, ਫੇਰ ਉਹ ਕਰਮ ਲਿਖੇ ਹੋਕੇ ਪਏ ਫਿਰਾਉਂਦੇ ਹਨ। ਸੋ ਜੇ ਹਉਂ ਵਿਚੋਂ ਨਿਕਲਣਾ ਹੈ ਤਾਂ ਦਰਵਾਜੇ ਬੰਦ ਨਹੀਂ, ਤੇਰੀ ਦ੍ਰਿਸ਼ਟੀ ਹੀ ਹੈ ਜੇਹਾ ਵੇਖੇਂਗਾ ਤੇਰਾ ਵੇਖ ਲਈ :

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥

(ਆਸਾ ਦੀ ਵਾਰ ੧/੪੬੬)

ਜਿਨ੍ਹਾਂ ਦੇ ਅੰਦਰ ਹਉਮੈ ਦਾ ਵੱਡਾ ਰੋਗ ਟਿਕਿਆ ਰਹਿੰਦਾ ਹੈ, ਆਤਮਕ ਮੌਤ ਨੇ ਉਹਨਾਂ ਨੂੰ ਸਿਰ-ਪਰਨੇ ਸਿੱਟਿਆ ਹੁੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥

(ਮਲਾਰ ਮ. ੩/੧੨੫੮)

ਹਉਮੈ ਦੇ ਕਰਮ ਕਰਨ ਵਾਲਾ ਜੀਵ ਭਗਤੀ ਦੀ ਵਿਧੀ ਕੁਛ ਨਹੀਂ ਜਾਣਦਾ, ਉਹ ਕਰਮ ਕਰਦਾ ਫੇਰ ਹੰਕਾਰ ਕਰਦਾ ਮਾਨੋ ਹਾਥੀ ਵਾਂਗੂ ਨਹਾ ਕੇ ਸਿਰ ਤੇ ਮਿੱਟੀ ਉਡਾਉਂਦਾ ਹੈ :

ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ ॥
ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥

(ਆਸਾ ਮ. ੪/੩੬੭)

ਭਾਵ : ਜੋ ਪ੍ਰਾਣੀ ਆਪਣੇ ਹੰਕਾਰ ਵਿਚ ਰਹਿੰਦੇ ਹਨ, ਗੁਰੂ ਸ਼ਰਣ ਨਹੀਂ ਲੈਂਦੇ, ਉਹ ਮੁਕਤ ਮਾਰਗ ਦੀ ਵਿਧੀ ਤੋਂ ਅਗਿਆਤ ਰਹਿੰਦੇ ਹਨ। ਉਹ ਕਰਮ ਕਰਦੇ ਹਨ, ਪਰ ਕਰਮ ਕਾਂਡੀ ਕਰਮ ਹਉਮੈ ਨਾਲ ਹੁੰਦੇ ਹਨ, ਸੋ ਹਉਮੈ ਵਧਦੀ ਹੈ; ਜਿਵੇਂ ਹਾਥੀ ਨ੍ਹਾ ਕੇ ਸਿਰ ਖੇਹ ਪਾਉਂਦਾ ਹੈ ਜੋ ਸਿਰ ਗਿੱਲਾ ਹੋਣ ਕਰਕੇ ਹੋਰ ਚੰਬੜਦੀ ਹੈ।

ਮੈਂ ਵੱਡਾ, ਮੈਂ ਵੱਡਾ ਬਣ ਜਾਵਾਂ ਇਸ ਹਉਮੈ ਦੀ ਚਉਪੜ ਜਗਤ ਝੂਠ ਤੇ ਹੰਕਾਰ ਦੀਆਂ ਨਰਦਾਂ ਨਾਲ ਖੇਡ ਰਿਹਾ ਹੈ, ਇਸ ਖੇਡ ਵਿਚ ਲੱਗ ਕੇ ਸਾਰਾ ਸੰਸਾਰ ਮਨੁੱਖਾ ਜੀਵਨ ਦੀ ਬਾਜੀ ਹਾਰ ਰਿਹਾ ਹੈ। ਸਿਰਫ਼ ਉਹ ਮਨੁੱਖ ਜਿੱਤਦਾ ਹੈ ਜੋ ਗੁਰੂ ਦੇ ਸ਼ਬਦ ਨੂੰ ਆਪਣੇ ਵਿਚਾਰ-ਮੰਡਲ ਵਿਚ ਟਿਕਾਉਂਦਾ ਹੈ :

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥
ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਬੀਚਾਰਾ ॥

(ਆਸਾ ਮ. ੧/੪੨੨)

ਹਰੇਕ ਜੀਵ ਦੇ ਅੰਦਰ ਅਦ੍ਰਿਸ਼ਟ ਪ੍ਰਭੂ ਵਸਦਾ ਹੈ, ਪਰ ਜੀਵ ਨੂੰ ਇਹ ਸਮਝ ਨਹੀਂ ਆ ਸਕਦੀ, ਕਿਉਂਕਿ ਜੀਵ ਦੇ ਅੰਦਰ ਹਉਮੈ ਦਾ ਪਰਦਾ ਪਿਆ ਹੋਇਆ ਹੈ। ਸਾਰਾ ਜਗਤ ਹੀ ਮਾਇਆ ਦੇ ਮੋਹ ਵਿਚ ਸੁੱਤਾ ਪਿਆ ਹੈ। ਦੱਸੋ, ਜੀਵ ਦੀ ਇਹ ਭਟਕਣਾ ਕਿਵੇਂ ਦੂਰ ਹੋਵੇ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ
ਇਹੁ ਭਰਮੁ ਕਹਹੁ ਕਿਉ ਜਾਈ ॥ (ਗਉੜੀ ਮ. ੫/੨੦੫)

ਭਾਵ : ਪਰਮਾਤਮਾ ਤੇ ਇਸ ਆਤਮਾ ਦੇ ਵਿਚਾਲੇ ਹਉਮੈ ਹੈ, ਜਿਸ ਕਰਕੇ ਆਤਮਾ ਭਰਮ ਵਿਚ ਹੈ। ਭਰਮ ਵਸ ਉਹ ਪਰਮਾਤਮਾ ਨੂੰ, ਜੋ ਸਰੀਰ ਦੇ ਵਿਚ ਹੀ ਹੈ, ਲਖਦਾ ਨਹੀਂ। ਇਹ ਜੀਵਾਤਮਾ ਮਾਇਆ ਦੇ ਮੋਹ ਵਿਚ ਹੈ, ਇਸ ਦੀ ਪ੍ਰੇਰਨਾ ਵਿਚ ਇੰਦ੍ਰੇ ਬਾਹਰ ਨੂੰ ਪਾਉਂਦੇ, ਅਨੇਕ ਦੁਖਾਂ ਵਿਚ ਪਾ ਦੇਂਦੇ ਹਨ। ਤਾਂ ਤੇ ਇਸ ਹਉਂ ਦੇ ਪਰਦੇ ਦੇ ਕੱਟਣ ਦੀ ਬਿਧਿ ਲੋੜੀਏ। ਉਹ ਇਕ ਵਸਤੂ ਹੈ, ਜਿਸ ਨਾਲ ਕੱਟੀ ਜਾਂਦੀ ਹੈ, ਪਰ ਉਹ ਅਗੋਚਰ ਹੈ। ਉਸ ਨੂੰ ਅਗੋਚਰ ਟਿਕਾਣੇ ਰੱਖ ਕੇ ਜੰਦਰਾ ਲਾ ਦਿੱਤਾ ਹੈ ਕਰਤਾਰ ਨੇ ਤੇ ਕੁੰਜੀ ਗੁਰੂ ਨੂੰ ਸੌਂਪ ਦਿੱਤੀ ਹੈ। ਤਾਂ ਤੇ ਗੁਰੂ ਜੀ ਨੂੰ ਮਿਲਕੇ ਕੁੰਜੀ ਪ੍ਰਾਪਤ ਕਰੋ। ਇਹੋ ਗੱਲ ਚੌਥੇ ਸਾਹਿਬਾਂ ਨੇ ਸਾਰੰਗ ਰਾਗ ਦੇ ਮੁੱਢ ਵਿਚ ਫੁਰਮਾਈ ਹੈ :

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ
ਉਘੜੈ ਅਵਰ ਨ ਕੁੰਜੀ ਹਥਿ ॥
(ਸਾਰੰਗ ਵਾਰ ਮ. ੨/੧੨੩੭)

ਇਸ ਸਲੋਕ ਵਿਚ ਸਾਫ਼ ਦੱਸਿਆ ਹੈ ਕਿ ਕੁੰਜੀ ਕਿਸੇ ਹੋਰ ਦੇ ਹੱਥ ਵਿਚ ਨਹੀਂ, ਕੇਵਲ ਗੁਰੂ ਦੇ ਪਾਸ ਹੈ। ਹੁਣ ਉਹ ਕਿਹੜੀ ਵਸਤੂ ਹੈ ਜੋ ਗੁਰੂ ਤੋਂ ਬਿਨਾ ਹੋਰ ਦੇ ਹੱਥ ਵਿਚ ਨਹੀਂ ਹੁੰਦੀ ਹੈ ? ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਫੁਰਮਾਇਆ ਹੈ :

ਗਿਆਨ ਕਾ ਬਧਾ ਮਨੁ ਰਹੈ
ਗੁਰ ਬਿਨੁ ਗਿਆਨੁ ਨ ਹੋਇ ॥
(ਵਾਰ ਆਸਾ ਮ. ੧/੪੬੯)

ਤਾਂ ਤੇ ਉਹ ਵਸਤੂ, ਜੋ ਗੁਰੂ ਦੀ ਕੁੰਜੀ ਨਾਲ ਜੰਦਰੇ ਦੇ ਖੁੱਲ੍ਹਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਣੀ ਹੈ, ਤੇ ਹੋਰ ਤੋਂ ਨਹੀਂ ਮਿਲਣੀ 'ਗਿਆਨ' ਹੈ।

ਜੀਵ ਜਗਤ ਵਿਚ ਹਉਮੈ ਰੂਪੀ ਮੈਲ ਕਰਕੇ ਦੁਖ ਪਾ ਰਿਹਾ ਹੈ, ਇਹ ਮੈਲ ਮੈਂ-ਮੇਰੀ ਰੂਪ ਦ੍ਵੈਤ ਭਾਵਨਾ ਦੇ ਫੁਰਨੇ ਕਰਕੇ ਇਸ ਨੂੰ ਲੱਗੀ ਹੈ। ਇਹ ਮੈਲ ਹਉਮੈ ਰੂਪੀ ਧੋਤਿਆਂ ਕਿਸੇ ਤਰ੍ਹਾਂ ਭੀ ਨਹੀਂ ਉਤਰਦੀ, ਭਾਵੇਂ ਕੋਈ ਸੈਂਕੜੇ ਤੀਰਥਾਂ ਤੇ ਜਾਕੇ ਇਸ਼ਨਾਨ ਕਰੇ। ਜੇ ਕੋਈ ਕਹੇ ਕਿ ਸ਼ਾਸਤਰਾਂ ਦੇ ਦੱਸੇ ਕਰਮਾਂ ਨਾਲ ਉਤਰਦੀ ਹੈ ਤਾਂ ਭੀ ਠੀਕ ਨਹੀਂ, ਕਿਉਂਕਿ ਜੋ ਬਹੁਤ ਪ੍ਰਕਾਰ ਦੇ ਕਰਮ ਕਰਦੇ ਹਨ, ਉਹਨਾਂ ਨੂੰ ਇਹ ਮੈਲ ਦੂਣੀ ਹੋ ਕੇ ਆ ਲੱਗਦੀ ਹੈ, ਕਿਉਂਕਿ ਉਹ ਕਰਮ ਕਰਦੇ ਹੀ ਹਉਂ ਦੇ ਆਸਰੇ ਹਨ। ਜੇ ਕਹੋ ਕਿ ਸ਼ਾਸਤਰ ਪੜ੍ਹਿਆ ਉੱਤਰ ਜਾਂਦੀ ਹੈ ਤਾਂ ਤੁਸੀਂ ਗਿਆਨੀਆਂ ਨੂੰ ਜਾ ਕੇ ਪੁੱਛ ਲਵੋ ਉਹ ਦੱਸਣਗੇ ਕਿ ਪੜ੍ਹਨੇ ਮਾਤ੍ਰ ਨਾਲ ਹਉਮੈ ਦੀ ਮੈਲ ਨਹੀਂ ਲਹਿੰਦੀ :

ਜਗਿ ਹਉਮੈ ਮੈਲੁ ਦੁਖ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥

(ਸ੍ਰੀ ਰਾਗੁ ਮ. ੩/੩੯)

ਉਤਲੇ ਵਾਕ ਵਿਚ ਹਉਮੈ ਨੂੰ ਮੈਲ ਕਿਹਾ ਹੈ, ਇਸ ਦੇ ਦੂਰ ਕਰਨੇ ਤੇ ਸੁੱਖ ਮਿਲਦਾ ਹੈ। ਜਗਤ ਇਸ ਕਰਕੇ ਦੁਖੀ ਹੈ : ਸਭ ਕੋਈ ਹਉਂ ਹਉਂ ਕਰਦਾ ਹੈ, ਸਭ ਕੋਈ ਮੇਰੀ ਮੇਰੀ ਨੂੰ ਪਕੜਦਾ ਹੈ। ਜਦ ਇਸ ਨੂੰ ਵਰਤੋਂ ਵਿਚ ਲਿਆਉਂਦਾ ਹੈ ਤਾਂ ਸਵਾਰਥ ਪਰਤਾ ਬਣਦੀ ਹੈ। ਸਭ ਕੋਈ ਖੁਦਗਰਜ਼ੀ ਵਿਚ ਵਰਤਦਾ ਹੈ। ਆਪ ਨੂੰ ਲੋਚਦਾ ਹੈ, ਦੂਸਰੇ ਦਾ ਭਲਾ ਨਹੀਂ ਲੋਚਦਾ, ਸਗੋਂ ਦੂਸਰੇ ਦੀ ਹਾਨੀ ਤੇ ਭੀ ਲਾਭ ਲੈਂਦਾ ਹੈ, ਇਸ ਤੋਂ ਪਰਸਪਰ ਰਗੜਾਂ, ਵਿਖੇਵੇਂ, ਦੂਰੀਆਂ, ਉਪਰਾਮਤਾ, ਵੈਰ ਵਿਰੋਧ, ਝਗੜੇ ਲੜਾਈਆਂ ਤੁਰਦੇ ਹਨ। ਇਕ ਤਾਂ ਜਗਤ ਇਉਂ ਦੁਖੀ ਹੈ, ਦੂਜੇ ਇਸ 'ਹਉਂ ਬ੍ਰਿਤੀ' ਨਾਲ ਇਹ ਕਰਤਾਰ ਤੋਂ ਵਿਛੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਹਾ ਹੈ, ਕਰਤਾਰ ਤੋਂ ਵਿਛੁੜਕੇ ਇਸ ਦੀ ਪ੍ਰੀਤ ਮਾਇਆ ਨਾਲ, ਪੈ ਜਾਂਦੀ ਹੈ, ਸੋ ਪਰਮਾਤਮਾ ਨੂੰ ਪ੍ਰਾਪਤ ਨਹੀਂ ਹੁੰਦਾ, ਜੋ ਸਦੈਵੀ ਸੁਖ ਦਾ ਮੁਕਾਮ ਹੈ। ਮਾਇਆ ਪ੍ਰੇਮੀ ਮਾਇਆ ਵਿਚ ਰਹਿੰਦਾ ਹੈ, ਇਸ ਕਰਕੇ ਜਨਮ ਮਰਨ ਦਾ ਦੁਖ ਬਣਿਆ ਰਹਿੰਦਾ ਹੈ।

ਇਸ ਹਉਂ ਦੀ ਮੈਲ ਪੜ੍ਹਨੇ ਮਾਤਰ ਨਾਲ, ਤੀਰਥ ਨ੍ਹਾਉਣੇ ਨਾਲ, ਹੋਰ ਤਰ੍ਹਾਂ ਤਰ੍ਹਾਂ ਦੇ ਦੱਸੇ ਕਰਮਾਂ ਨਾਲ ਨਹੀਂ ਉਤਰਦੀ; ਕਿਉਂਕਿ ਇਹਨਾਂ ਨਾਲ ਮੈਂ ਮੇਰੀ ਉਸੇ ਤਰ੍ਹਾਂ ਬਣੀ ਰਹਿੰਦੀ ਹੈ, ਸਗੋਂ ਵਧਦੀ ਰਹਿੰਦੀ ਹੈ। ਇਸ ਦਾ ਦਾਰੂ ਹੈ; ਗੁਰੂ ਕੀ ਸ਼ਰਣ, ਤੇ ਸ਼ਰਣ ਪ੍ਰਾਪਤ ਹੋ ਕੇ ਨਾਮ ਦੀ ਪ੍ਰਾਪਤੀ, ਨਾਮ ਤੋਂ ਭਗਤੀ ਭਾਵ ਦੀ ਪ੍ਰਾਪਤੀ ਤੇ ਭਗਤੀ ਤੋਂ ਗਿਆਨ ਦੀ ਪ੍ਰਾਪਤੀ ਹੈ। ਐਸਾ ਪੁਰਖ ਮਨ ਕਰਕੇ ਨਾਮ ਨਾਲ ਰੰਗਿਆ ਰਹਿੰਦਾ ਹੈ, ਰਸਨਾ ਕਰਕੇ ਸਿਫਤ ਸਲਾਹ ਵਿਚ ਰਹਿੰਦਾ ਹੈ ਤੇ ਅੰਤ ਸੱਚੇ ਵਿਚ ਲੀਨ ਹੋ ਜਾਂਦਾ ਹੈ।

ਗੁਰੂ ਜੀ ਫ਼ੁਰਮਾਉਂਦੇ ਹਨ ਜੇ ਮਾਇਆ ਧਾਰੀਆਂ ਨੂੰ ਤੱਕੋ ਤਾਂ ਸਭ ਤੋਂ ਵੱਡੇ ਹਨ ਰਾਜੇ, ਜੋ ਹਉਮੈ ਕਰਕੇ ਮਾਇਆ ਦੇ ਮਗਰ ਬਹੁਤ ਭੱਜੇ ਫਿਰਦੇ ਹਨ, ਉਹ ਜੀਊਂਦੇ ਜੀ ਤਾਂ ਹਉਮੈ ਵਿਚ ਖਪਦੇ ਝਖਦੇ ਰਹਿੰਦੇ ਹਨ, ਮਰ ਕੇ ਫੇਰ ਜਨਮ ਵਿਚ ਆਉਂਦੇ ਫੇਰ ਮਰਦੇ ਹਨ, ਫੇਰ ਜਨਮ ਵਿਚ ਆਉਂਦੇ ਹਨ।

ਜਿਹੜਾ ਵਡਭਾਗੀ ਜੀਵ ਗੁਰੂ ਜੀ ਦੇ ਸ਼ਬਦ ਨੂੰ ਵੀਚਾਰੇ ਤੇ ਇਸ ਵੀਚਾਰ ਦੇ ਨਾਲ ਮਤਿ ਦੀ ਚੰਚਲਤਾ ਨੂੰ ਛੱਡੇ ਤੇ ਪੰਜਾਂ ਕਮਾਦਿਕਾਂ ਵੈਰੀਆਂ ਨੂੰ ਮਾਰ ਸੱਟੇ ਤਾਂ ਹਉਮੈ ਉਤਰਦੀ ਹੈ:

ਹਉਮੈ ਕਰਿ ਰਾਜੇ ਬਹੁ ਧਾਵਹਿ ॥
ਹਉਮੈ ਖਪਹਿ ਜਨਮਿ ਮਰਿ ਆਵਹਿ ॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥
ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥

(ਗਉੜੀ ਮ: ੧/੨੨੬)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਤੱਕ ਇਹ ਮੈਂ ਮੈਂ ਵਾਲਾ ਪ੍ਰਾਣੀ ਜਾਣਦਾ ਹੈ ਕਿ ਮੈਥੋਂ ਪਿਆ ਕੁਝ ਹੁੰਦਾ ਹੈ, ਤਦ ਤੱਕ ਇਸ ਨੂੰ ਕੋਈ ਸੁਖ ਨਹੀਂ ਹੁੰਦਾ। ਜਦ ਇਹ ਜਾਣਦਾ ਹੈ ਕਿ ਮੈਂ ਕੁਝ ਕਰਦਾ ਹਾਂ ਤਦ ਤਕ ਇਹ ਗਰਭ ਜੂਨੀਆਂ ਵਿਚ ਪਿਆ ਫਿਰਦਾ ਹੈ :

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥
(ਗਉੜੀ ਸੁਖਮਨੀ ਮ. ੫/੨੭੮)

ਹਉਮੈ ਵਿਚ ਖਟਕਾ ਹੀ ਰਹਿੰਦਾ ਹੈ। ਹਉਮੈ ਵਾਲਿਆਂ ਦਾ ਜੀਵਨ ਇਸ ਅੰਦਰਲੇ ਖਟਕੇ ਕਰਕੇ, ਖਟਕਿਆਂ ਵਿਚ ਬੀਤਦਾ ਹੈ। ਹਉਮੈ ਇਕ ਵੱਡਾ ਰੋਗ ਹੈ ਜਿਸ ਨੂੰ ਇਹ ਲੱਗਦਾ ਹੈ ਉਹ ਮਰਦਾ ਹੈ ਉਹ ਮਰਦਾ ਜੰਮਦਾ ਤੇ ਸੰਸਾਰ ਤੇ ਆਉਂਦਾ ਜਾਂਦਾ ਰਹਿੰਦਾ ਹੈ :

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥
(ਵਾਰ ਵਡਹੰਸ ਮ. ੪/੫੯੨)

ਜਿਸ ਪ੍ਰਾਣੀ ਦਾ ਮਨ ਹਉਮੈ—ਰੋਗ ਵਿਚ ਵਸਿਆ ਰਹਿੰਦਾ ਹੈ, ਉਹ ਸਦਾ ਹੀ ਦੁੱਖੀ ਰਹਿੰਦਾ ਹੈ, ਉਹ ਹਉਮੈ ਵਿਚ ਜਨਮ ਲੈ ਕੇ ਆਤਮਕ ਮੌਤ ਸਹੇੜੀ ਰੱਖਦਾ ਹੈ :

ਹਉਮੈ ਰੋਗਿ ਜਾ ਕਾ ਮਨੁ ਬਿਆਪਤਿ
ਓਹੁ ਜਨਮਿ ਮਰੈ ਬਿਲਲਾਤੀ ॥ (ਸੋਰਠਿ ਮ. ੫/੬੧੦)

ਹੰਕਾਰ ਦੀ ਕੰਧ ਮੇਰੇ ਅਤੇ ਉਸਦੇ ਵਿਚਕਾਰ ਆ ਗਈ ਹੈ, ਨਹੀਂ ਤਾਂ ਸੁਣਦੀ ਹਾਂ ਕਿ ਉਹ ਨੇੜੇ ਹੀ ਹੈ, ਦੇਸ਼ ਵਿਚ ਹੀ ਹੈ। ਉਸ ਦੇ ਅਤੇ ਸਾਡੇ ਦਰਮਿਆਨ ਤਿੱਤਲੀ ਦੇ ਪਰ ਜਿੰਨਾ ਬਰੀਕ ਪਰਦਾ ਹੈ। ਸਾਡੇ ਨਾ ਦੇਖਣ ਕਰਕੇ ਹਰੀ ਸਾਨੂੰ ਦੂਰ ਮਲੂਮ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਸੁਭਾਗਣ ਉੱਤੇ ਸਭ ਜੀਵਾਂ ਦਾ ਮਾਲਕ ਦਇਆਵਾਨ ਹੁੰਦਾ ਹੈ, ਉਸ ਦਾ ਸਾਰਾ ਵਿਛੋੜੇ ਦਾ ਦੁੱਖ ਦੂਰ ਕਰ ਦੇਂਦਾ ਹੈ, ਗੁਰੂ ਜੀ ਆਖਦੇ ਹਨ ਜਦੋਂ ਗੁਰੂ ਨੇ ਜੀਵ-ਇਸਤਰੀ ਦੇ ਅੰਦਰ ਹਉਮੈ ਦੀ ਕੰਧ ਢਾਹ ਦਿੱਤੀ, ਤਦੋਂ ਉਸ ਨੇ ਮਾਇਆ ਰਹਿਤ ਦਇਆਲ ਪ੍ਰਭੂ-ਪਤੀ ਨੂੰ ਆਪਣੇ ਅੰਦਰ ਹੀ ਲੱਭ ਲਿਆ :

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥੩॥
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ
ਤਉ ਦਇਆਰੁ ਬੀਠਲੋ ਪਾਇਓ ॥ (ਸੋਰਠਿ ਮ. ੫/੬੨੪)

ਸੰਸਾਰੀ ਜੀਵ ਹਉਮੈ ਵਿਚ ਸੜਦੇ ਹੋਏ ਸੜ ਮੁਏ ਸਨ ਤੇ ਮਾਇਆ ਦੇ ਮੋਹ ਵਿਚ ਭਟਕ ਭਟਕ ਕੇ ਜਦੋਂ ਗੁਰੂ ਦੇ ਦਰ ਤੇ ਆਏ ਤਾਂ ਪੂਰੇ ਸਤਿਗੁਰੂ ਜੀ ਨੇ ਆਪਣੇ ਲੜ ਲਾ ਕੇ ਬਚਾ ਲਏ ਹਨ।

ਉਸ ਨੂੰ ਸਤਿਗੁਰੂ ਜੀ ਦੇ ਸ਼ਬਦ ਦੀ ਰਾਹੀਂ ਸੁਭਾਵਿਕ ਹੀ ਇਹ ਸੰਸਾਰ ਸੜਦਾ ਦਿੱਸਿਆ, ਤਾਂ ਉਹ ਗੁਰੂ ਜੀ ਨੇ ਸ਼ਬਦ ਵਿਚ ਰੰਗੀਜ ਕੇ ਤੇ ਨਾਮ-ਸਿਮਰਨ ਦੀ ਕਮਾਈ ਕਰਕੇ ਠੰਢੇ-ਠਾਰ ਹੋ ਗਏ :

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥
ਇਹੁ ਜਗੁ ਜਲਤਾ ਨਦਰੀ ਆਇਆ
ਗੁਰ ਕੈ ਸਬਦਿ ਸੁਭਾਇ ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥
(ਸੋਰਠਿ ਵਾਰ ਮ. ੩-੬੪੩)

ਹੰਕਾਰ ਵਿਚ ਰਹਿ ਕੇ ਕੋਈ ਭੀ ਜੀਵ ਪਰਮਾਤਮਾ ਨੂੰ ਮਿਲ ਨਹੀਂ ਸਕਦਾ। ਆਪਣੇ ਜਿੰਦ ਦਾਤੇ ਤੋਂ ਭੁੱਲਾ ਹੋਇਆ ਜੀਵ ਆਪਣਾ ਮਨੁੱਖ ਜਨਮ ਵਿਅਰਥ ਗਵਾ ਜਾਂਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਵਿਚਿ ਪ੍ਰਭੁ ਕੋਇ ਨ ਪਾਇ ॥
ਮੂਲਹੁ ਭੁਲਾ ਜਨਮੁ ਗਵਾਏ ॥ (ਧਨਾਸਰੀ ਮ. ੩/੬੬੪)

ਇਹ ਹਉਮੈ ਹੀ ਹੈ ਜਿਸ ਵਿਚ ਜਗਤ ਨਾਸ਼ ਹੋ ਰਿਹਾ ਹੈ ਤੇ ਮਰਦਾ ਜੰਮਦਾ ਇਸ ਦੁਨੀਆਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ। ਇਸ ਹਉਮੈ ਦੇ ਜਗਤ ਵਿਚ ਵੱਸਦੇ ਮਨਮੁਖ ਗੁਰ ਸ਼ਬਦ ਦੀ ਸਾਰ ਨਹੀਂ ਜਾਣਦੇ, ਇਹ ਪਰਲੋਕ ਦੀ ਪਤਿ ਏਥੇ ਗੁਆ ਕੇ ਜਾਣਗੇ :

ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥
ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥
(ਸਿਰੀ ਰਾਗੁ ਮ. ੩/੩੩)

ਜਗਤ ਹਉਂ ਹਉਂ ਕਰਦਾ ਮਰ ਰਿਹਾ ਹੈ, ਉਹਨਾਂ ਦੇ ਹਿਰਦੇ ਵਿਚ ਗੁਰੂ ਚਾਨਣ ਨਾ ਹੋਣ ਕਰਕੇ ਘੁੱਪ ਹਨੇਰਾ ਮੋਹ ਮਾਇਆ ਦਾ ਛਾ ਰਿਹਾ ਹੈ। ਇਹ ਮਾਇਆ ਦੇ ਮੋਹ ਦੇ ਹਨੇਰੇ ਦੇ ਕਾਰਣ ਉਹਨਾਂ ਨੇ ਦਾਤਾਰ ਨੂੰ, ਜੋ ਸਰਬ ਸੁੱਖਾਂ ਦਾ ਦਾਤਾ ਹੈ, ਵਿਸਾਰ ਛੱਡਿਆ ਹੁੰਦਾ ਹੈ :

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥
ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥
(ਸਿਰੀ ਰਾਗੁ ਮ. ੩/੩੪)

ਜਿਥੇ ਹਉਮੈ ਹੈ ਉਥੇ ਚਿੰਤਾ ਹੀ ਚਿੰਤਾ ਹੈ, ਚਿੰਤਾ ਨੂੰ ਸੁਖ ਨਹੀਂ ਹੋ ਸਕਦਾ; ਹਉਮੈ ਕਿਉਂ ਦੁਖਦਾਈ ਹੈ ? ਉੱਤਰ : ਹਉਮੈ ਸਾਰੀ ਗਿਣਤੀ ਹੈ, ਭਾਵ : ਜੀਵ ਨੂੰ ਆਪਣੇ ਕਰਮਾਂ ਦੀ ਗਿਣਤੀ ਵਿਚ ਰੱਖਦੀ ਹੈ ਕਿ ਮੈਂ ਆਹ ਕੰਮ ਸ਼ੁਭ ਕੀਤਾ, ਆਹ ਮੈਂ ਪੁੰਨ ਕੀਤਾ, ਆਹ ਮੈਂ ਦਾਨ ਦਿੱਤਾ ! ਇਸ ਵਿਚ 'ਮੈਂ ਮੈਂ' ਤੇ 'ਮੈਂ ਦੇ ਕੀਤੇ' ਦੀ ਗਿਣਤੀ ਚਲਦੀ ਰਹਿੰਦੀ ਹੈ, ਇਕੋ ਦਾਤਾ ਜੋ ਦੇਣਹਾਰ ਹੈ ਯਾਦ ਨਹੀਂ ਰਹਿੰਦਾ ਤੇ ਹਉਮੈ ਬਣੀ ਰਹਿੰਦੀ ਹੈ, ਇਸ ਕਰਕੇ ਗਿਣਤੀ ਵਾਲੇ ਨੂੰ ਸੁਖ ਨਹੀਂ ਪ੍ਰਾਪਤ ਹੁੰਦਾ। ਫੇਰ ਹਉਮੈ ਵਿਚ ਜਕੜੇ ਜੀਵ ਜੋ ਸ਼ੁਭ ਕਰਮ ਕਰਦੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ, ਉਹ ਸੂਰਗ ਆਦਿ ਦੇ ਭੋਗਾਂ ਦੀ ਵਾਸ਼ਨਾ ਕਰਕੇ ਹਨ ਇਸ ਲਈ ਉਹ ਵਾਹਿਗੁਰੂ ਜੀ ਵਿਚ ਨਹੀਂ ਸਮਾਉਂਦੇ ਉਹ ਵਿਸ਼ਿਆਂ ਦੀ ਕਮਾਈ ਕਰਦੇ ਵਿਸ਼ਿਆਂ ਵਿਚ ਹੀ ਸਮਾਏ ਰਹਿੰਦੇ ਹਨ। ਭਾਵ ਮੁੜ ਮੁੜ ਕੇ ਸਰੀਰ ਧਾਰਦੇ ਭੋਗਾਂ ਵਿਚ ਹੀ ਰਹਿ ਜਾਂਦੇ ਹਨ। ਉਹ ਆਵਾਗਵਨ ਦੇ ਗੇੜਾਂ ਵਿਚ ਲੈ ਜਮਪੁਰੀ ਦੇ ਦੁਖ ਭੀ ਸਹਿੰਦੇ ਹਨ, ਕਿਉਂਕਿ ਉਹ ਨਾਮ ਤੋਂ ਬਿਨਾਂ ਖਾਲੀ ਹੁੰਦੇ ਹਨ। ਇਸ ਲਈ ਸਰੀਰ ਰੂਪੀ ਠਉਰ ਉਹਨਾਂ ਨੂੰ ਪ੍ਰਾਪਤ ਨਹੀਂ ਹੁੰਦਾ :

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥
ਬਿਨੁ ਨਾਵੈ ਠਉਰੁ ਨ ਪਾਇਨੀ ਜਮ ਪੁਰਿ ਦੂਖ ਸਹਾਹਿ ॥
(ਸਿਰੀ ਰਾਗੁ ਮ. ੩/੩੬)

ਗਣਤ ਦਾ ਭਾਵ ਇਹ ਹੈ ਕਿ ਜੋ ਤਰੀਕੇ ਸ਼ੁਭ ਕਰਮਾਂ ਦੇ ਪੁੰਨ, ਦਾਨ, ਜਪ ਉਪਜਾਣ, ਯਗ ਆਦਿ ਦੇ ਹਨ ਸਭਨਾਂ ਦੇ ਹਿਸਾਬ ਤੇ ਗਿਣਤੀਆਂ ਦੱਸੀਆਂ ਹਨ। ਅਮਕੇ ਕਰਮ ਦਾ ਅਮਕਾ ਫਲ, ਤੇ ਅਮਕੇ ਦਾ ਅਮਕਾ। ਇਹ ਗਿਣਤੀ ਹਉਮੈ ਹੈ। ਕਿਉਂਕਿ 'ਮੈਂ ਕੀਤਾ' ਇਸ ਵਿਚ ਪ੍ਰਧਾਨ ਹੈ। ਇਸ ਲਈ ਕਿਹਾ ਹੈ :

ਕਰਮ ਕਰਤ ਬਧੇ ਅਹੰਮੇਵ ॥ (ਗਉੜੀ ਕਬੀਰ ਜੀ ੩੨੪)

ਹਉਮੈ ਬੰਧਨ ਰੂਪ ਹੈ :

ਹਉਮੈ ਏਈ ਬੰਧਨਾ..... ॥ (ਵਾਰ ਆਸਾ ਮ. ੨/੪੬੬)

ਜਗਤ ਵਿਚ ਆਇਆ ਹੋਇਆ ਜੋ ਹਉਮੈ ਕਰਦਾ ਕਰਦਾ ਏਥੋਂ ਜਾਏਗਾ, ਉਸ ਲਈ ਸਾਰਾ ਜਗਤ ਕੱਜਲ ਦੀ ਕੋਠੜੀ ਵਾਂਗੂ ਹੈ, ਉਸ ਦਾ ਤਨ ਤੇ ਮਨ ਤੇ ਅੰਦਰਲਾ ਸੂਖਮ ਸਰੀਰ ਭੀ ਸੁਆਹ ਵਰਗਾ ਮੈਲਾ ਹੋ ਜਾਂਦਾ ਹੈ। ਏਥੇ ਕੇਵਲ ਉਹ ਮੈਲ ਰਹਿਤ ਹੁੰਦੇ ਹਨ ਜਿਨ੍ਹਾਂ ਨੂੰ ਗੁਰੂ ਬਚਾ ਲੈਂਦਾ ਹੈ, ਉਨ੍ਹਾਂ ਦੀ ਤ੍ਰਿਸ਼ਨਾ ਰੂਪੀ ਅਗਨੀ ਗੁਰੂ ਸ਼ਬਦ ਦੁਆਰਾ ਨਿਵਾਰ ਦੇਂਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥
ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਇ ਸੁਆਹਿ ॥
ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥

(ਸਿਰੀ ਰਾਗੁ ਮ. ੧/੬੪)

ਭਾਵ : ਜਗਤ ਵਿਚ ਆ ਕੇ ਜੀਵਾਂ ਦੇ ਜੀਵਨ ਹਉਮੈ ਵਿਚ ਬੀਤਦੇ ਹਨ। ਸਭ ਮੋਹ, ਹੰਕਾਰ, ਲਾਲਚ ਤੇ ਫਸੌਤੀਆਂ ਹਉਂ ਕਰਕੇ ਪੈਂਦੀਆਂ ਹਨ। ਜਗਤ ਕੱਜਲ ਦੀ ਕੋਠੀ ਵਾਂਗ ਹੈ। ਹਉਂ ਦੇ ਕਾਰਣ ਲੋਕ ਅੰਨ੍ਹੇ ਹਨ ਜੋ ਏਥੇ ਵਿਕਾਰਾਂ ਦੇ ਕਲੰਕ ਸਹੇੜਦੇ ਹਨ। ਜੋ ਏਥੇ ਆ ਕੇ ਟੇਕ ਲੈਂਦੇ ਹਨ, ਗੁਰੂ ਉਨ੍ਹਾਂ ਨੂੰ ਸ਼ਬਦ ਦੇਂਦਾ ਹੈ, ਸ਼ਬਦ ਨਾਲ ਹਉਮੈ ਦੀ ਲਾਈ ਤ੍ਰਿਸ਼ਨਾ ਅਗਨੀ ਬੁਝ ਜਾਂਦੀ ਹੈ।

ਜੋ ਲੋਕ ਗੁਰੂ ਤੋਂ ਨਾਮ ਲਏ ਬਿਨਾਂ ਹਉਮੈ ਵਿਚ ਕਰਮ ਕਮਾਉਂਦੇ ਹਨ ਉਹ ਐਉਂ ਹਨ ਜਿਵੇਂ ਵੇਸਵਾ ਦਾ ਪੁਤ, ਪਿਤਾ ਨਾਮ ਤੋਂ ਵਿਰਵਾ ਹੁੰਦਾ ਹੈ। ਭਾਵ : ਜਿਵੇਂ ਵੇਸਵਾ ਦਾ ਪੁੱਤਰ ਕਿਸੇ ਸ਼ਰੀਫ ਸਭਾ ਵਿਚ ਵਿਚ ਪਿਤਾ ਦਾ ਨਾਮ ਨਾ ਦੱਸ ਸਕਣ ਕਰਕੇ ਕੁਲੀਨ ਨਹੀਂ ਸਮਝਿਆ ਜਾਂਦਾ, ਤਿਵੇਂ ਗੁਰੂ ਹੀਨ ਪੁਰਖ ਦੇ ਦਾਨ, ਤਪ, ਯੱਗ ਆਦਿ ਹੋਰ ਕਰਮ ਭੀ ਦਰਗਾਹੇ ਤੇ ਸਤਿਸੰਗ ਵਿਚ ਉਸ ਲਈ ਸ਼ੋਭਾ ਦਾ ਕਾਰਣ ਨਹੀਂ ਬਣਦੇ। ਪ੍ਰਸ਼ਨ : ਪਰਮਾਰਥ ਵਿਚ ਪਿਤਾ ਦੀ ਜਾਤ ਵਾਲੇ ਕੀ ਕੂੰ ਹੋਈਦਾ ਹੈ ? ਉੱਤਰ : ਪਿਤਾ ਦੀ ਜਾਤ ਵਾਲੇ ਤਾਂ ਹੋਈਦਾ ਹੈ ਜੇ ਗੁਰੂ ਤਰੁੱਠ ਕੇ ਮਿਹਰ ਕਰੇ। ਭਾਵ ਗੁਰੂ ਦੀ ਦਿੱਤੀ ਨਾਮ ਦੀ ਦਾਤ ਨਾਲ ਉਸ ਦੇ ਆਤਮਕ ਪੁੱਤਰ ਬਣ ਜਾਈਦਾ ਹੈ, ਅਥਵਾ ਗੁਰੂ ਜੀ ਦੀ ਮਿਹਰ ਨਾਲ ਵਾਹਿਗੁਰੂ ਜੀ ਦੇ ਪੁੱਤਰ ਬਣ ਜਾਈਦਾ ਹੈ, ਤਦ ਅਚੁੱਤ ਗੋਤਰੀ-ਵਾਹਿਗੁਰੂ ਜੀ ਦੀ ਸੰਤਾਨ ਦਾ ਕਹਿਲਾਈਦਾ ਹੈ। ਸੰਤਾਂ ਨੂੰ ਅਚੁਤ ਦੇ ਪੁੱਤਰ ਐਉਂ ਲਿਖਿਆ ਹੈ :

ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਭਧੰ ਅਚੁਤ ਤਨਹ ॥

(ਸਹਸਕ੍ਰਿਤੀ ਸਲੋਕ ਮ. ੫)

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋ ਵੱਡੇ ਭਾਗਾਂ ਕਰਕੇ ਗੁਰੂ ਪ੍ਰਾਪਤ ਹੋ ਗਿਆ ਹੈ, ਜਿਸ ਦੀ ਮਿਹਰ ਨਾਲ ਵਾਹਿਗੁਰੂ ਵਿਚ ਦਿਨੇ ਰਾਤ ਦਾ ਪ੍ਰੇਮ ਲੱਗ ਗਿਆ ਹੈ। ਇਉਂ ਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਨਾਲ ਤਾਂ ਬ੍ਰਹਮ ਨੂੰ ਪਛਾਣ ਲਿਆ ਤੇ ਕਰਮਾਂ ਵਾਲੇ ਪਾਸੇ ਮੈਂ ਹਰੀ ਦੀ ਕੀਰਤੀ ਰੂਪੀ ਕਰਮ ਕਮਾਉਂਦਾ ਹਾਂ :

ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥
ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥
ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥
ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥

(ਸਿਰੀ ਰਾਗੁ ਮ. ੪/੮੨)

ਗੁਰੂ ਜੀ ਫੁਰਮਾਉਂਦੇ ਹਨ ਕਿ ਹਉਂ ਹਉਂ ਕਰਦਿਆਂ ਸੱਚ ਪ੍ਰਾਪਤ ਨਹੀਂ ਹੁੰਦਾ ਹੈ, ਕਿਉਂਕਿ ਹਉਮੈ ਆਪ ਝੂਠ ਹੈ, ਇਸ ਕਰਕੇ ਜੇ ਹਉਮੈ ਦੂਰ ਹੋ ਜਾਵੇ, ਤਾਂ ਪਰਮ ਪਦ ਪਾ ਲਈਦਾ ਹੈ ਜੋ ਸੱਚੋ ਸੱਚ ਹੈ।

ਸੋ ਭਾਈ! ਸਮਝ ਕਰ ਹਉ ਹਉ ਕਰਦਿਆਂ ਜੋ ਮਰ ਰਹਿਣਾ ਹੈ ਉਸ ਦਾ ਕੋਈ ਕੀ ਫਲ ਪਾਉਂਦਾ ਹੈ? ਭਾਵ ਹਉਮੈ ਕਰਦਿਆਂ ਜੀਵਨ ਗੁਜਾਰਨੇ ਤੇ ਜੀਵ ਦੇ ਕੁੱਛ ਪੱਲੇ ਨਹੀਂ ਪੈਂਦਾ, ਅੰਤ ਖਾਲੀ ਹੋ ਤੁਰਦਾ ਹੈ, ਪਰ ਜੇ ਪੂਰੇ ਗੁਰੂ ਨੂੰ ਮਿਲ ਪਵੇ ਤਾਂ ਉਹ ਗੁਰੂ ਪੂਰਾ ਜਨਮ ਮਰਨ ਦਾ ਸਾਰਾ ਟੰਟਾ ਹੀ ਦੂਰ ਕਰ ਦਿੰਦਾ ਹੈ :

ਹਉ ਹਉ ਕਰਤ ਨਹੀ ਸਚੁ ਪਾਈਐ ॥
ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥...
ਹਉ ਹਉ ਕਰਿ ਮਰਣਾ ਕਿਆ ਪਾਵੈ ॥
ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥

(ਗਉੜੀ ਮ. ੧/੨੨੬)

ਭਾਵ : ਰਹਾਉ ਵਿਚ ਇਕ ਅਟੱਲ ਨਿਯਮ ਦੱਸਿਆ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਹਉਂ ਹਉਂ ਕਰਦਿਆਂ ਸੱਚ ਨਹੀਂ ਮਿਲਦਾ' ਕਿਉਂਕਿ ਹਉਮੈ ਸੱਤ ਵਸਤੂ ਨਹੀਂ ਹੈ, ਉਹ ਸਤਿ ਸਰੂਪ ਨੂੰ ਪ੍ਰਾਪਤ ਨਹੀਂ ਹੋਣ ਦੇਂਦੀ। ਇਸ ਦੇ ਦੂਰ ਹੋਇਆਂ ਹੀ ਪਰਮਪਦ ਪ੍ਰਾਪਤ ਹੁੰਦਾ ਹੈ। ਪਰਮ ਪਦ ਹੈ ਵਾਹਿਗੁਰੂ ਜੀ ਵਿਚ ਅੱਪੜ ਪੈਣਾ, ਉਸ ਤੋਂ ਅਗੇ ਹੋਰ ਕੋਈ ਪਦ ਨਹੀਂ ਹੈ।

ਅਗਲੇ ਅੰਕ ਵਿਚ ਉਪਦੇਸ਼ ਨੂੰ ਦੁਹਰਾਉਂਦੇ ਹਨ ਕਿ ਹਉਂ ਕਰਕੇ ਜੋ ਕੁਛ ਪ੍ਰਾਪਤ ਕਰੀਦਾ ਹੈ ਛੱਡ ਜਾਈਦਾ ਹੈ। ਅੰਤ ਵੇਲੇ ਨਾਲ ਕੁਝ ਨਹੀਂ ਤੁਰਦਾ, ਸੋ ਪੱਲੇ ਕੁੱਛ ਨਾ ਪਿਆ, ਪਰ ਜੇ ਪੂਰੇ ਗੁਰੂ ਨੂੰ ਮਿਲ ਪਓ ਤਾਂ ਜਨਮ ਮਰਨ, ਦੁਖ ਸੁਖ ਆਦਿ ਦੇ ਸਾਰੇ ਝਗੜੇ ਟੰਟੇ ਦੂਰ ਹੋ ਜਾਂਦੇ ਹਨ।

ਜਿਹੜਾ ਪ੍ਰਾਣੀ 'ਮੈਂ ਮੈਂ' ਦੇ ਆਸਰੇ ਉਹ ਜਿਹੜੇ ਜਿਹੜੇ ਕੰਮ ਕਰਦਾ ਰਿਹਾ, ਉਹ ਸਾਰੇ ਹੀ ਵਿਅਰਥ ਚਲੇ ਗਏ :

ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥

(ਮਾਰੂ ਮ. ੫/੯੯੯)

ਹਉਮੈ-ਮਮਤਾ ਇਕ ਮਾਨੋ ਠੱਗਣੀ ਹੈ ਜੋ ਮਨਮੁਖਾਂ ਨੂੰ ਖਾ ਗਈ ਹੈ, ਜੋ ਵਾਹਿਗੁਰੂ ਨੂੰ ਛੱਡ ਕੇ ਮੋਹਿਤ ਹੋ ਕੇ ਦੂਜੇ ਨਾਲ ਚਿੱਤ ਲਾਉਂਦੇ ਹਨ ਉਨ੍ਹਾਂ ਨੂੰ ਵਾਪਰ ਰਹੀ ਹੈ, ਐਸੀ ਕਿ ਚੰਬੜ ਹੀ ਰਹੀ ਹੈ :

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥

(ਗੁਜਰੀ ਮ. ੩/੫੧੩)

ਹਉਮੈ ਵਿਚ ਜਗਤ ਮੋਇਆ ਪਿਆ ਹੈ, ਮਰਕੇ ਬੀ ਮਰਦਾ ਹੀ ਮਰਦਾ ਜਾਂਦਾ ਹੈ। ਜਿੰਨ੍ਹਾਂ ਚਿਰ ਇਸ ਦੇ ਸਰੀਰ ਵਿਚ ਸਾਹ ਆਉਂਦਾ ਜਾਂਦਾ ਹੈ, ਉਨ੍ਹਾਂ ਚਿਰ ਤਾਂ ਇਹ ਵਾਹਿਗੁਰੂ ਜੀ ਨੂੰ ਯਾਦ ਹੀ ਨਹੀਂ ਕਰਦਾ, ਅੱਗੇ ਜਾ ਕੇ ਕੀ ਕਰੇਗਾ :

ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਚਰੁ ਵਿਚਿ ਦੰਮੁ ਹੈ

ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥੧੫੧੯॥

(ਬਿਹਾਗੜਾ ਮ. ੪/੫੫੫)

ਭਾਵ : ਜਗਤ ਦੇ ਆਮ ਲੋਕੀਂ ਹਉਮੈ ਵਿਚ ਜਿਉਂਦੇ ਹਨ ਤੇ ਤੇ ਇਸੇ ਵਿਚ ਹੀ ਮਰ ਜਾਂਦੇ ਹਨ, ਉਹ ਫਿਕਰ ਨਹੀਂ ਕਰਦੇ ਕਿ ਅੱਗੇ ਜਾ ਕੇ ਕੀ ਬਣੇਗਾ। ਉਹ ਹਉਮੈ ਦੇ ਅੰਧਕਾਰ ਵਿਚ ਅਗਿਆਨੀ ਹੋ ਰਹੇ ਹਨ, ਉਨ੍ਹਾਂ ਨੂੰ ਸਮਝ ਨਹੀਂ ਪੈਂਦੀ ਕਿ ਜੋ ਇਥੇ ਭਲਾ ਬੁਰਾ ਕਮਾਈਦਾ ਹੈ, ਅੱਗੇ ਜਾ ਕੇ ਉਸ ਅਨੁਸਾਰ ਫਲ ਮਿਲਦਾ ਹੈ, ਹਉਮੈ ਵਿਚ ਮੋਏ ਬਾਰ ਬਾਰ ਮਰਦੇ ਹਨ, ਕਿਉਂਕਿ ਹਉਮੈ ਬਾਰ ਬਾਰ ਜਨਮ ਦੇਂਦੀ ਹੈ, ਜੇ ਉਹ ਹਉਮੈ ਦੀ ਨਵਿਰਤੀ ਦਾ ਉਪਾਉ ਕਰਕੇ ਗਿਆਨ-ਵਾਨ ਹੋ ਜਾਣ ਤਾਂ ਇਹ ਸੋਝੀ ਪੈ ਜਾਵੇ, ਫਿਰ ਉਹ 'ਅੰਧ ਕਰਮ' ਨਾ ਕਮਾਉਣ, ਸਗੋਂ ਉਨ੍ਹਾਂ ਦੇ ਕਰਮ ਗਿਆਨ ਦੀ ਰੋਸ਼ਨੀ ਵਿਚ ਉੱਜਲ ਕਰਮ ਹੋਣ ਤੇ ਅੱਗੇ ਜਾ ਕੇ ਦੁੱਖ ਨਾ ਪਾਉਣ।

ਸੋ, ਹੇ ਭਰਾਵੋ ! ਗੁਰੂ ਦੀ ਸ਼ਰਨ ਆਉਣ ਤੋਂ ਬਿਨਾ ਆਪਣੀ ਹਉਮੈ ਦੇ ਆਸਰੇ ਹਰ ਕੋਈ ਭਗਤੀ ਕਰਦਾ ਹੈ, ਪਰ ਇਸ ਤਰ੍ਹਾਂ ਪ੍ਰਾਣੀ ਦਾ ਮਨ ਨਾਮ-ਜਲ ਨਾਲ ਤਰ ਨਹੀਂ ਹੁੰਦਾ, ਨਾ ਹੀ ਉਸ ਦੇ ਅੰਦਰ ਆਤਮਕ ਆਨੰਦ ਪੈਦਾ ਹੁੰਦਾ ਹੈ। ਇਹ ਫੜ੍ਹ ਕਿ ਮੈਂ ਭਗਤੀ ਕਰਦਾ ਹਾਂ ਮਾਰ ਮਾਰ ਕੇ ਮਨੁੱਖ ਆਪਣੇ ਆਪ ਨੂੰ ਭਗਤ ਜਾਹਰ ਕਰਦਾ ਹੈ, ਪਰ ਇਹੋ ਜਿਹੀ ਭਗਤੀ ਵਿਅਰਥ ਜਾਂਦੀ ਹੈ, ਮਨੁੱਖ ਆਪਣਾ ਸਾਰਾ ਜਨਮ ਗਵਾ ਲੈਂਦਾ ਹੈ :

ਹਉਮੈ ਭਗਤਿ ਕਰੇ ਸਭੁ ਕੋਈ ॥
ਨਾ ਮਨੁ ਭੀਜੈ ਨਾ ਸੁਖੁ ਹੋਇ ॥
ਕਹਿ ਕਹਿ ਕਹਣੁ ਆਪੁ ਜਾਣਾਏ ॥
ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥੮॥

(ਮਲਾਰ ਮ. ੩/੧੨੭੮)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਰ ਵਿਚ ਕੰਡਾ ਚੁੱਭ ਜਾਏ, ਤੁਰਿਆਂ ਪੀੜ ਹੋਵੇਗੀ। ਪੈਰੀਂ ਮਖਮਲੀ ਜੁੱਤੀ ਭੀ ਪਾ ਲਵੋ, ਫਿਰ ਕੀ ਕੰਡਾ ਤੁਰਿਆਂ ਦਰਦ ਹੀ ਕਰੇਗਾ।

ਹਉਮੈ ਭੀ ਇਕ ਕੰਡਾ ਹੀ ਹੈ। ਜਿਸ ਮਨੁੱਖ ਦੇ ਮਨ ਵਿਚ ਚੁਭਿਆ ਹੋਵੇ, ਉਹ ਗੱਲੇ ਗੱਲੇ ਦੁੱਖੀ ਹੁੰਦਾ ਰਹੇਗਾ। ਫਲਾਨੇ ਨੇ ਮੈਨੂੰ ਵਾਹਿਗੁਰੂ ਜੀ ਕੀ ਫਤਹਿ ਨਹੀਂ ਬੁਲਾਈ, ਫਲਾਣੇ ਨੇ ਮੈਨੂੰ 'ਜੀ' ਆਖ ਕੇ ਨਹੀਂ ਬੁਲਾਇਆ। ਕਦਮ ਕਦਮ ਤੇ ਅਜਿਹੀਆਂ ਚੋਭਾਂ ਉਸ ਦੇ ਅਹੰਕਾਰੀ ਮਨ ਨੂੰ ਲੱਗਦੀਆਂ ਰਹਿੰਦੀਆਂ ਹਨ :

ਸਾਕਤ ਹਰਿ ਰਸ ਸਾਦੁ ਨ ਜਾਨਿਆ
ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥੬੦॥

(ਗਉੜੀ ਮ. ੪/੧੭੧)

ਹਉਮੈ ਨੂੰ ਆਪਣੇ ਅੰਦਰੋਂ ਦੂਰ ਕਰੋ। ਇਹ ਵਿਥ ਪਾਉਂਦੀ ਹੈ, ਵਾਹਿਗੁਰੂ ਨਾਲੋਂ ਤੇ ਖ਼ਲਕਤ ਨਾਲੋਂ :

ਮਾਰੇਹਿਸੁ ਵੇ ਜਨ ਹਉਮੈ ਬਿਖਿਆ
ਜਿਨਿ ਹਰਿ ਪ੍ਰਭੁ ਮਿਲਣ ਨ ਦਿਤੀਆ ॥
ਦੇਹ ਕੰਚਨ ਵੇ ਵੰਨੀਆ
ਇਨਿ ਹਉਮੈ ਮਾਰਿ ਵਿਗੁਤੀਆ ॥ (ਸੂਹੀ ਮ. ੪/੭੭੬)

ਕੋਈ ਸਾਡੀ ਭੁਇੰ ਤੇ ਪੈਰ ਧਰੇ, ਜੋ ਉਸ ਨੂੰ ਕੈਦ ਕਰਾ ਦਿਆਂਗਾ ਮੈਂ ਬੜਾ ਵਿਦਵਾਨ ਹਾਂ, ਕੌਣ ਮੇਰੀ ਬਰਾਬਰੀ ਕਰ ਸਕਦਾ ਹੈ ?— ਮਾਇਆ ਦੇ ਪ੍ਰਭਾਵ ਵਿਚ ਮਨੁੱਖ ਕਈ ਅਜਿਹੀਆਂ ਹਉਮੈ ਦੀਆਂ ਊਲ ਜਲੂਲ ਗੱਲਾਂ ਕਰਦਾ ਤੇ ਹਾਸੋ-ਹੀਣਾ ਹੁੰਦਾ ਹੈ। ਇਸ ਨੂੰ ਚੇਤਾ ਹੀ ਨਹੀਂ ਰਹਿੰਦਾ ਕਿ ਅਜਿਹੀ ਆਕੜ ਵਿਖਾਲਣ ਵਾਲੇ ਇਥੇ ਧਰਤੀ ਉਤੇ ਅਨੇਕਾਂ ਆਏ ਤੇ ਚਲੇ ਗਏ, ਕਿਤੇ ਉਹਨਾਂ ਦਾ ਨਾਮ-ਨਿਸ਼ਾਨ ਨਹੀਂ

CC-0. In Public Domain. Gurukul Kangri Collection, Haridwar

ਰਹਿ ਗਿਆ।
Digitized by Arya Samaj Foundation Chennai and eGangotri

ਵਾਹਿਗੁਰੂ ਜੀ ਦੀ ਯਾਦ ਹੀ ਸਭ ਤੋਂ ਸ੍ਰੇਸ਼ਟ ਵਸਤ ਹੈ :

ਹਉ ਬੰਧਉ ਹਉ ਸਾਧਉ ਬੈਰੁ ॥
ਹਮਰੀ ਭੂਮਿ ਕਉਣੁ ਘਾਲੈ ਪੈਰੁ ॥
ਹਉ ਪੰਡਿਤੁ ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥ (ਗਉੜੀ ਮ. ੫/੧੭੮)

ਭਾਂਡਾ ਤੇਲ ਘਿਉ ਆਦਿਕ ਨਾਲ ਥਿੰਧਾ ਹੋ ਜਾਏ, ਤਾਂ ਤਿਲਕਣਾ ਹੋ ਜਾਂਦਾ ਹੈ, ਹੱਥਾਂ ਵਿਚੋਂ ਛੇਤੀ ਤਿਲਕ ਜਾਂਦਾ ਹੈ ਤੇ ਚਿਪ ਚਿਪ ਕਰਨ ਲੱਗ ਪੈਂਦਾ ਹੈ। ਇਹ ਥਿੰਧਾਈ ਪਾਣੀ ਨਾਲ ਨਹੀਂ ਲਹਿ ਸਕਦੀ। ਭਾਂਡੇ ਨੂੰ ਸੁਆਹ ਨਾਲ ਮਾਂਜਣਾ ਪੈਂਦਾ ਹੈ।

ਜਿਤਨਾ ਚਿਰ ਮਨੁੱਖ ਦੇ ਮਨ ਉਤੇ ਹਉਮੈ ਦੀ ਥਿੰਧਾਈ ਟਿਕੀ ਰਹੇ, ਕਿਸੇ ਹੋਰ ਦੀ ਸੇਵਾ ਭਲਾਈ ਦਾ ਖਿਆਲ ਮਨ ਵਿਚ ਅਸਰ ਹੀ ਨਹੀਂ ਕਰ ਸਕਦਾ। ਸਾਧ ਸੰਗਤਿ ਵਿਚ ਮਨ ਨੂੰ ਮਾਂਜੋ :

ਅਹੰਬੁਧਿ ਮਨ ਪੂਰਿ ਥਿਧਾਈ ॥
ਸਾਧ ਧੂਰਿ ਕਰਿ ਸੁਧ ਮੰਜਾਈ ॥ (ਗਉੜੀ ਮ. ੫/੨੦੦)

ਹਨੇਰਾ ਹੋਵੇ ਸਵੇਰਾ ਹੋਵੇ, ਜਰਨੈਲੀ ਸੜਕੇ ਜਾ ਰਹੇ ਮੁਸਾਫਿਰ ਨੂੰ ਰਾਹ ਭੁੱਲਣ ਦਾ ਡਰ ਨਹੀਂ ਹੁੰਦਾ। ਪਰ ਰਾਤ ਹੋਵੇ ਹਨੇਰੀ ਕਾਲੀ ਬੋਲੀ, ਕਿਸੇ ਖੁੱਲ੍ਹੀ ਜੂਹ ਵਿਚ ਪਗਡੰਡੀ ਤੇ ਜਾ ਰਿਹਾ ਸਹਜੇ ਹੀ ਰਾਹੋਂ ਖੁੰਝ ਜਾਂਦਾ ਹੈ। ਔਝੜੇ ਪਿਆ ਹੋਇਆ ਵਿਚਾਰਾ ਉਸ ਜੂਹ ਵਿਚ ਹੀ ਟੱਕਰਾਂ ਮਾਰਦਾ ਫਿਰਦਾ ਹੈ। ਪੈਂਡਾ ਮੁੱਕਣ ਵਿਚ ਨਹੀਂ ਆਉਂਦਾ, ਕਿਤੇ ਨੇੜੇ ਕੋਈ ਵਸੋਂ ਨਜ਼ਰੇ ਨਹੀਂ ਪੈਂਦੀ। ਉਸ ਵੇਲੇ ਉਸ ਦਾ ਤਰਲਾ ਇਹੀ ਹੁੰਦਾ ਹੈ ਕਿ ਦਿਨ ਚੜ੍ਹੇ ਤੇ ਇਹ ਬਿਪਤਾ ਮੁੱਕੇ।

ਹਉਮੈ ਦੀ ਕਾਲੀ ਹਨੇਰੀ ਰਾਤ ਵਿਚ ਭਟਕਦੇ ਮਨੁੱਖ ਨੂੰ ਸਤਸੰਗਿ ਵਿਚ ਅੱਪੜ ਕੇ ਹੀ ਆਤਮਕ ਜੀਵਨ ਦਾ ਰਾਹ ਦਿੱਸਦਾ ਹੈ :

ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੈਣ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰ ॥

(ਗਉੜੀ ਮ. ੫/੨੧੨)

ਤੋਤਿਆਂ ਨੂੰ ਫੜਨ ਲਈ ਮਨੁੱਖ ਇਕ ਛੋਟਾ ਜਿਹਾ ਜੰਤ੍ਰ ਬਣਾ ਲੈਂਦੇ ਹਨ। ਜਿਸ ਨੂੰ ਨਲਿਨੀ ਆਖੀਦਾ ਹੈ। ਦੋ ਡੰਡਿਆਂ ਦੇ ਸਹਾਰੇ ਇਕ ਛੋਟੀ ਚਰਖੜੀ ਖੜੀ ਕੀਤੀ ਜਾਂਦੀ ਹੈ। ਉਸ ਦੇ ਹੇਠ ਵਾਰ ਖੁੱਲ੍ਹੇ ਮੂੰਹ ਵਾਲਾ ਇਕ ਬਰਤਨ ਪਾਣੀ ਨਾਲ ਭਰ ਕੇ ਰੱਖ ਦੇਂਦੇ ਹਨ। ਚਰਖੜੀ ਉਤੇ ਤੋਤਾ ਵਾਸਤੇ ਚੋਗਾ ਪਾ ਦੇਂਦੇ ਹਨ। ਤੋਤਾ ਚੋਗੇ ਦੀ ਖਾਤਰ ਚਰਖੜੀ ਉਤੇ ਆ ਬੈਠਦਾ ਹੈ। ਤੋਤੇ ਦੇ ਭਾਰ ਨਾਲ ਚਰਖੜੀ ਉਲਟ ਜਾਂਦੀ ਹੈ। ਤੋਤਾ ਚਰਖੜੀ ਦੇ ਨਾਲ ਹੀ ਹੇਠਲੇ ਪਾਸੇ ਉਲਟ ਜਾਂਦਾ ਹੈ। ਹੇਠਾਂ ਪਾਣੀ ਵੇਖ ਕੇ ਤੋਤਾ ਡਰਦਾ ਹੈ ਕਿ ਪਾਣੀ ਵਿਚ ਨਾ ਡਿਗ ਪਵਾਂ। ਚਰਖੜੀ ਨੂੰ ਘੁੱਟ ਕੇ ਫੜੀ ਰੱਖਦਾ ਹੈ। ਫਾਹੀ ਲਾਉਣ ਵਾਲਾ ਆ ਕੇ ਤੋਤੇ ਨੂੰ ਸਹਜੇ ਹੀ ਫੜ ਲੈਂਦਾ ਹੈ।

ਹਉਮੈ ਦੀ ਫਾਹੀ ਵਿਚ ਫਸਿਆ ਮਨੁੱਖ ਭੀ ਸਦਾ ਖੁਆਰ ਹੁੰਦਾ ਹੈ। ਹਉਮੈ ਚਾਹੇ ਧਨ ਪਦਾਰਥ ਦੀ ਹੋਵੇ, ਚਾਹੇ ਵਿਦਿਆ ਦੀ, ਕੋਈ ਫਰਕ ਨਹੀਂ ਪੈਂਦਾ। ਫਾਹੀ ਫਾਹੀ ਹੀ ਹੈ, ਚਾਹੇ ਉਹ ਸਣ ਦੀ ਹੈ ਚਾਹੇ ਪੱਟ ਦੀ :

ਜਜਾ ਜਾਨੈ ਹਉ ਕਛੁ ਹੂਆ ॥
ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ।
ਜਉ ਜਾਨੈ ਹਉ ਭਗਤੁ ਗਿਆਨੀ ॥
ਆਗੈ ਠਾਕੁਰਿ ਤਿਲੁ ਨਹੀ ਮਾਨੀ ॥੨੪॥

(ਗਉੜੀ ਬ. ਅ. ਮ. ੫)

ਮੈਂ ਵੱਡਾ ਬਣ ਜਾਵਾਂ—ਇਹ ਬੜੀ ਭਿਆਨਕ ਮਾਨਸਿਕ ਦਸ਼ਾ ਹੈ। ਮਨੁੱਖ ਆਪਣੀ ਇਸ 'ਹਉਂ ਹਉਂ' ਤੋਂ ਬੜੇ ਬੜੇ ਅਜੀਜ ਪਿਆਰਿਆਂ ਨੂੰ ਭੀ ਕੁਰਬਾਨ ਕਰ ਦੇਂਦਾ ਹੈ। ਰਹਿੰਦਾ ਆਪ ਭੀ ਸਦਾ ਦੁਖੀ ਹੈ। ਚੰਗੇ ਭਾਗ ਹੋਣ, ਮਨੁੱਖ ਨੂੰ ਸਤਸੰਗ ਨਸੀਬ ਹੋਵੇ, ਤਾਂ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਲਾ ਤੋਂ ਖ਼ਲਾਸੀ ਮਿਲਦੀ ਹੈ :

ਢੇਰੀ ਢਾਹਹੁ ਸਾਧ ਸੰਗਿ ਅਹੰਬੁਧਿ ਬਿਕਰਾਲ ॥
ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥੩੦॥
(ਗਉੜੀ ਬ. ਅ. ਮ. ੫/੨੫੯)

ਚੰਗਾ ਭਲਾ ਮਨੁੱਖ ਸ਼ਰਾਬ ਆਦਿਕ ਨਸ਼ਾ ਵਰਤ ਕੇ ਬਰਲਿਆ ਜਾਂਦਾ ਹੈ, ਤੇ ਮੂੰਹੋਂ ਊਲ-ਜਲੂਲ ਪਿਆ ਬੋਲਦਾ ਹੈ। ਉਸਦੀਆਂ ਸਭ ਹਰਕਤਾਂ ਹਾਸੋ-ਹੀਣੀਆਂ ਦਿੱਸਦੀਆਂ ਹਨ।

ਮਾਇਆ ਇਕ ਨਸ਼ਾ ਹੈ। ਕੋਈ ਵਿਰਲਾ ਹੁੰਦਾ ਹੈ, ਜਿਸ ਦੀ, ਧਨਵਾਨ ਹੋ ਕੇ, ਧੌਣ ਕਿਰਲੇ ਵਾਂਗ ਨਹੀਂ ਆਕੜਨੀ। ਧੰਨ ਦੀ ਖਾਤਰ ਹੀ ਦਿਨ ਰਾਤ ਦੌੜ ਭੱਜ ਕਰ ਕੇ ਉਹ ਸਾਰੀ ਉਮਰ ਗੁਜਾਰ ਜਾਂਦਾ ਹੈ :

ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰ ਧਾਏ ॥
ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥
(ਮਾਰੂ ਮ. ੫/੯੯੯)

ਖਰ੍ਹਵਾ ਬੋਲ ਤਲਵਾਰ ਨਾਲੋਂ ਭੀ ਤਿੱਖਾ ਡੂੰਘਾ ਜ਼ਖ਼ਮ ਕਰ ਜਾਂਦਾ ਹੈ। ਇਕ ਖਰ੍ਹਵੇ ਬੋਲ ਤੋਂ ਤਲਵਾਰਾਂ ਚੱਲ ਜਾਂਦੀਆਂ, ਜੰਗ ਛਿੜ ਪੈਂਦੇ, ਕੌਮਾਂ ਤਬਾਹ ਹੋ ਜਾਂਦੀਆਂ। ਕੋਈ ਵਿਰਲਾ ਧੀਰਜਵਾਲਾ ਸੋਚਦਾ ਹੈ ਕਿ ਗਾਲ ਨਾਲ ਸੱਚ ਮੁੱਚ ਕੋਈ ਸਰੀਰਕ ਜ਼ਖ਼ਮ ਤਾਂ ਨਹੀਂ ਹੋ ਜਾਂਦਾ।

ਪਰ ਹਉਮੈ ਤੇ ਧੀਰਜ ਦੋਹਾਂ ਦਾ ਇਕ ਥਾਂ ਟਿਕਾਣਾ ਨਹੀਂ ਹੋ ਸਕਦਾ। ਹਉਮੈ ਨਾਲ ਆਕੜਿਆ ਹੋਇਆ ਮਨ ਰਤਾ ਜਿਤਨਾ ਭੀ ਖਰ੍ਹਵਾ ਬੋਲ ਸਹਾਰ ਨਹੀਂ ਸਕਦਾ। ਹਉਮੈ ਮਨੁੱਖ ਦੀ ਮੱਤ ਉੱਤੇ ਪਰਦਾ ਪਾ ਦਿੰਦੀ ਹੈ :

ਕਵਨ ਥਾਨ ਧੀਰਿਓ ਹੈ ਨਾਮਾ
ਕਵਨ ਬਸਤੁ ਅਹੰਕਾਰਾ ॥
ਕਵਨ ਚਿਹਨ ਸੁਨਿ ਊਪਰਿ
ਛੋਹਿਓ ਮੁਖ ਤੇ ਸੁਨਿ ਕਰਿ ਗਾਰਾ ॥ (ਮਾਰੂ ਮ. ੫/੯੯੯)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਗ ਕੋਈ ਭੀ ਚੰਗਾ ਨਹੀਂ। ਕਾਮ-ਵਾਸ਼ਨਾ ਦਾ ਰੋਗ ਇਤਨੇ ਵੱਡੇ ਜਾਨਵਰ ਹਾਥੀ ਨੂੰ ਮਨੁੱਖ ਦਾ ਗੁਲਾਮ ਬਣਾ ਦੇਂਦਾ ਹੈ। ਦੀਵੇ ਦੀ ਲਾਟ ਵੇਖਣ ਦਾ ਇਸ਼ਕ ਪਤੰਗੇ ਨੂੰ ਸਾੜ ਕੇ ਸੁਆਹ ਕਰਦਾ ਹੈ। ਨਾਦ ਸੁਣਨ ਦੀ ਲਾਲਸਾ ਹਰਨ ਨੂੰ ਕੈਦ ਕਰਾ ਦੇਂਦੀ ਹੈ। ਜੀਭ ਦਾ ਚਸਕਾ ਮੱਛੀ ਦੀ ਮੌਤ ਦਾ ਕਾਰਣ ਬਣਦਾ ਹੈ। ਸੁਗੰਧੀ ਲੈਣ ਦਾ ਚਸਕਾ ਭੌਰੇ ਦਾ ਮਾਰੂ ਬਣਦਾ ਹੈ।

ਇਹੀ ਹਾਲ ਹੈ ਇਨਸਾਨ ਦਾ ਹਉਮੈ ਦਾ ਰੋਗ ਇਸ ਦੇ ਆਤਮਕ ਜੀਵਨ ਨੂੰ ਮਾਰ ਮੁਕਾਉਂਦਾ ਹੈ :

ਹਉਮੇ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥ ..
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥
ਬਾਸਨ ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥

(ਭੈਰਉ ਮ. ੫/੧੧੪੦)

ਹਕੂਮਤ ਦੇ ਨਸ਼ੇ ਵਿਚ ਮਨੁੱਖ ਹਉਮੈ ਅਹੰਕਾਰ ਦੇ ਕੰਮ ਕਰਦਾ ਹੈ। ਇਸ ਮੌਜ ਬਹਾਰ ਨੂੰ ਛੱਡਣ ਤੇ ਜੀ ਨਹੀਂ ਕਰਦਾ। ਆਤਮਕ ਜੀਵਨ ਦੀ ਮੌਤ ਹੁੰਦੀ ਜਾਂਦੀ ਹੈ :

ਪ੍ਰਭ ਸਰਨੀ ਆਈਐ ਸਰਬ ਫਲ ਪਾਈਐ
ਸਗਲੇ ਦੂਖ ਜਾਹੀ ॥ (ਆਸਾ ਮ. ੫/੪੦੭)

ਕਿਥੇ ਹਾਥੀ ਤੇ ਕਿਥੇ ਸੂਈ ਦਾ ਨੱਕਾ। ਹਾਥੀ ਸੂਈ ਦੇ ਨੱਕੇ ਵਿਚੋਂ ਦੀ ਕਿਵੇਂ ਲੰਘ ਸਕੇ।

ਮਾਇਆ ਦੇ ਬੰਧਨਾਂ ਤੋਂ ਮੁਕਤ ਹੋਇਆ ਮਨ ਨਿਮ੍ਰਤਾ ਸੁਭਾਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਧਾਰਨ ਕਰਦਾ ਹੈ, ਸਭ ਦੇ ਚਰਨਾਂ ਦੀ ਖ਼ਾਕ ਬਣਦਾ ਹੈ, ਬੜਾ ਹੌਲਾ ਫੁੱਲ ਰਹਿੰਦਾ ਹੈ, ਇਤਨਾ ਸੂਖਮ ਹੋ ਜਾਂਦਾ ਹੈ ਕਿ ਮਾਨੋ ਸੂਈ ਦੇ ਨੱਕੇ ਵਿਚੋਂ ਦੀ ਭੀ ਲੰਘ ਜਾਂਦਾ ਹੈ।

ਪਰ ਹਉਮੈ ਨਾਲ ਆਫਰਿਆ ਹੋਇਆ ਮਨ ਹਾਥੀ ਸਮਾਨ ਹੋ ਜਾਂਦਾ ਹੈ। ਉਹ ਕਿਵੇਂ ਲੰਘੇ ਸੂਈ ਦੇ ਨੱਕੇ ਵਿਚੋਂ ਦੀ? ਉੱਥੇ ਨਿਮ੍ਰਤਾ ਕਿਥੋਂ?

ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥
(ਵਾਰ ਗੂਜਰੀ ਮ. ੩/੫੦੯)

ਤ੍ਰਿਸ਼ਨਾ

ਹਲਕਾਇਆ ਕੁੱਤਾ ਬੇ-ਥਵਾ ਹੋ ਕੇ ਚੁਫੇਰੇ ਦੌੜਿਆ ਫਿਰਦਾ ਹੈ। ਚੰਗੇ ਦੇ ਲਾਲਚ ਵਿਚ ਫਸਿਆ ਤੋਤਾ ਸਾਰੀ ਉਮਰ ਪਿੰਜਰੇ ਵਿਚ ਹੀ ਗੁਜਾਰਦਾ ਹੈ।

ਮਾਇਆ ਦੀ ਤ੍ਰਿਸ਼ਨਾ ਬੁਰੀ! ਇਸ ਦੇ ਢਹੇ ਚੜ੍ਹਿਆਂ ਮਨੁੱਖ ਕਦੇ ਇਸ ਦੇ ਪੰਜੇ ਵਿਚੋਂ ਨਿਕਲਣ-ਜੋਗਾ ਨਹੀਂ ਰਹਿੰਦਾ। ਤ੍ਰਿਸ਼ਨਾ ਦਾ ਅਜੇਹਾ ਹੱਲਕ ਕੁੱਦਦਾ ਹੈ ਕਿ ਦਿਨ ਰਾਤ ਮਾਇਆ ਦੀ ਖ਼ਾਤਰ ਇਕ ਕਰ ਦੇਂਦਾ ਹੈ:

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭੁ ਖਾਇ ॥
(ਸਿਰੀ ਰਾਗੁ ਮ. ੫/੫੦)

ਚਿੜੀ ਮਾਰ ਪੰਛੀਆਂ ਨੂੰ ਫੜਨ ਵਾਸਤੇ ਜਾਲ ਤਾਣਦਾ ਹੈ, ਤੇ ਉਸ ਉੱਤੇ ਚੋਗਾ ਖਿਲਾਰ ਦੇਂਦਾ ਹੈ। ਭੋਲੇ ਪੰਛੀ ਚੋਗਾ ਚੁਗਣ ਆ ਬੈਠਦੇ ਹਨ, ਜਾਲ ਵੱਲ ਉਹਨਾਂ ਦਾ ਧਿਆਨ ਹੀ ਨਹੀਂ ਪੈਂਦਾ। ਮੌਜ ਨਾਲ ਚੋਗਾ ਚੁਗਦੇ ਹਨ, ਤੇ ਖ਼ੁਸ਼ ਹੋ ਹੋ ਕੇ ਆਪੋ ਵਿਚ ਬੋਲੀਆਂ ਬੋਲਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। [illegible] ਪੰਛੀ ਵਿੱਚ ਹੀ ਫਸ ਜਾਂਦੇ ਹਨ। ਮਾਇਆ ਦੇ ਮੋਹ ਦਾ ਜਾਲ ਖਿਲਾਰਿਆ ਹੋਇਆ ਹੈ। ਸਭ ਜੀਵ-ਪੰਛੀ ਖੁਸ਼ੀ ਨਾਲ ਇਸ ਵਿਚ ਫਸਦੇ ਜਾ ਰਹੇ ਹਨ :

ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥
ਬਹੁਰਿ ਬਹੁਰਿ ਉਆਹੂ ਲਪਟੇਰਾ ॥
ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥
ਹੋਨੁ ਨ ਪਾਈਐ ਰਾਮ ਕੇ ਦਾਸਾ ॥

(ਗਉੜੀ ਮ. ੫/੧੯੦)

ਤ੍ਰਿਸ਼ਨਾ ਬੁਰੀ ਬਲਾ। ਧਨ ਜੋੜਨ ਦਾ ਚਸਕਾ ਪੈ ਜਾਵੇ, ਤਾਂ ਲੱਖਾਂ ਕ੍ਰੋੜਾਂ ਰੁਪਏ ਇਕੱਠੇ ਕੀਤਿਆਂ ਭੀ ਮਨ ਨਹੀਂ ਰੱਜਦਾ। ਜੇ ਪਰਾਏ ਤੱਕਣ ਦੀ ਭੈੜੀ ਬਾਣ ਪੈ ਜਾਵੇ, ਤਾਂ ਕੋਈ ਸ਼ਰਮ ਹਯਾ ਨਹੀਂ ਰਹਿ ਜਾਂਦੀ, ਭਲੇ ਬੁਰੇ ਦੀ ਕੋਈ ਤਮੀਜ਼ ਨਹੀਂ ਰਹਿੰਦੀ। ਜਿਸ ਉੱਤੇ ਵਾਹਿਗੁਰੂ ਜੀ ਦੀ ਮਿਹਰ ਹੋਵੇ, ਉਸ ਨੂੰ ਸਤਸੰਗ ਵਿਚ ਜਾ ਕੇ ਇਸ ਫਾਹੀ ਤੋਂ ਖਲਾਸੀ ਮਿਲਦੀ ਹੈ :

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥ (ਗਉੜੀ ਮ. ੫/੨੧੩)

ਬਲਦੀ ਅੱਗ ਵਿਚ ਲੱਕੜਾਂ ਪਾਈ ਚਲੋ, ਉਹ ਬਲਦੀਆਂ ਜਾਣਗੀਆਂ। ਅੱਗ ਨੇ ਕਦੇ ਭੀ ਲੱਕੜਾਂ ਸਾੜਨ ਤੋਂ ਨਾਂਹ ਨਹੀਂ ਕਰਨੀ।

ਇਹੀ ਹਾਲ ਤ੍ਰਿਸ਼ਨਾ ਦਾ ਹੈ, ਚਸਕਿਆਂ ਦਾ ਹੈ। ਮਨੁੱਖ ਨੂੰ ਚੰਗੇ ਖਾਣੇ ਖਾਣ ਦਾ ਚਸਕਾ ਪੈ ਜਾਵੇ, ਨਿੱਤ ਨਿੱਤ ਸੁਆਦਲੇ ਭੋਜਣ ਖਾਣ ਭੀ ਕਦੇ ਖਾਣ ਦੀ ਤ੍ਰਿਸ਼ਨਾ ਖਤਮ ਨਹੀਂ ਹੋਵੇਗੀ। ਮਨੁੱਖ ਕਾਮ-ਵਾਸਨਾ ਦਾ ਸ਼ਿਕਾਰ ਹੋ ਜਾਵੇ, ਪਰਾਏ ਘਰ ਤੱਕਦਾ ਫਿਰਦਾ ਹੈ, ਵਾਸਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਕਦੀ ਨਹੀਂ। ਮਾਇਆ ਦੇ ਜਾਲ ਵਿਚ ਫਸਿਆ ਕਦੇ ਕੋਈ ਰੱਜਿਆ ਨਹੀਂ :

ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥
ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥੨॥
ਕਾਮਵੰਤ ਕਾਮੀ ਬਹੁ ਨਾਰੀ ਪਰਗ੍ਰਿਹ ਜੋਹ ਨ ਚੂਕੈ ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥

(ਧਨਾਸਰੀ ਮ ੫/੬੭੨)

ਤ੍ਰਿਸ਼ਨਾ ਕਦੇ ਮੁੱਕਦੀ ਨਹੀਂ, ਜਿਵੇਂ ਕੁੱਤੇ ਦੀ ਘਰ ਘਰ ਭਟਕਣਾ ਖ਼ਤਮ ਨਹੀਂ ਹੁੰਦੀ :

ਆਤੁਰੁ ਨਾਮ ਬਿਨੁ ਸੰਸਾਰ ॥
ਤ੍ਰਿਪਤਿ ਨ ਹੋਵਤ ਕੂਕਰੀ ਆਸਾ
ਇਤੁ ਲਾਗੋ ਬਿਖਿਆ ਛਾਰ ॥੧॥ ਰਹਾਉ ॥

(ਸਾਰੰਗ ਮ. ੫)

ਰੋਟੀ ਦੇ ਟੁਕੜੇ ਦੀ ਖਾਤਰ ਕੁੱਤਾ ਘਰ ਘਰ ਜਾਂਦਾ ਹੈ। ਕਦੇ ਕਿਸੇ ਘਰ ਦਾ ਬੂਹਾ ਖੁੱਲਾ ਪਿਆ ਹੋਵੇ, ਮਾਲਕ ਘਰ ਨਾ ਹੋਵੇ, ਕੁੱਤਾ ਅੰਦਰ ਲੰਘ ਕੇ ਚੱਕੀ ਨੂੰ ਚੱਟਣ ਲੱਗ ਪੈਂਦਾ ਹੈ। ਆਟਾ ਚੱਟ ਕੇ ਭੀ ਤ੍ਰਿਸ਼ਨਾ ਨਹੀਂ ਮੁੱਕਦੀ, ਜਾਂਦਾ ਹੋਇਆ ਚੱਕੀ ਦਾ ਪਰੋਲਾ ਭੀ ਮੂੰਹ ਵਿਚ ਫੜ ਕੇ ਲੈ ਦੌੜਦਾ ਹੈ।

ਇਹੀ ਹਾਲ ਤ੍ਰਿਸ਼ਨਾ-ਮਾਰੇ ਮਨੁੱਖ ਦਾ ਹੁੰਦਾ ਹੈ। ਵੇਖਣ ਨੂੰ ਭਾਵੇਂ ਬੜਾ ਸਾਊ ਪਿਆ ਜਾਪੇ, ਪਰ ਮਨ ਦੀ ਦਸ਼ਾ ਕੁੱਤੇ ਵਰਗੀ ਹੀ ਹੁੰਦੀ ਹੈ। ਤ੍ਰਿਸ਼ਨਾ ਕਦੇ ਰੱਜਦੀ ਨਹੀਂ :

ਚਾਕੀ ਚਾਟਹਿ ਚੂਨੁ ਖਾਹਿ ॥
ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥

(ਬਸੰਤ ਕਬੀਰ ਜੀ ੧੧੯੬)

ਕਚਹਿਰੀਆਂ ਵਿਚ ਜਾ ਕੇ ਵੇਖੋ, ਮੁਕੱਦਮੇ ਕਰਨ ਵਾਲਿਆਂ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਰੀਆਂ ਪਈਆਂ ਹਨ, ਕਿਤੇ ਦੀਵਾਨੀ ਦਾਹਵੇ, ਕਿਤੇ ਫੌਜਦਾਰੀ ਝਗੜੇ। ਇਹੀ ਸਭ ਝਗੜੇ ਜਾਇਦਾਦਾਂ ਤੇ ਮਲਕੀਅਤਾਂ ਦੇ ਕਾਰਨ ਹੀ ਹੁੰਦੇ ਰਹਿੰਦੇ ਹਨ। ਨਿੱਤ ਕਈ ਖ਼ੂਨ ਖਰਾਬੇ ਹੁੰਦੇ ਰਹਿੰਦੇ ਹਨ। ਮੁਕਦਮਿਆਂ ਵਿਚ ਫਸੇ ਘਰਾਂ ਦਾ ਕੋਈ ਜੀਊਣ ਦਾ ਹੱਜ ਨਹੀਂ ਰਹਿ ਜਾਂਦਾ।

ਅਜੇਹੀ ਮਲਕੀਅਤ ਨਾਲੋਂ ਤਾਂ ਮੰਗ ਖਾਣਾ ਚੰਗਾ। ਨਾ ਕਿਸੇ ਨਾਲ ਵੈਰ ਵਿਰੋਧ ਨਾ ਕਿਸੇ ਨਾਲ ਸਾੜਾ-ਈਰਖਾ/ਮਨ ਸਦਾ ਨਿਸਚਿੰਤ ਤੇ ਬੇ-ਫ਼ਿਕਰ :

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥
ਦਾਵਾ ਕਾਹੂ ਕੋ ਨਹੀਂ ਬਡਾ ਦੇਸੁ ਬਡ ਰਾਜੁ ॥

(ਕਬੀਰ ਜੀ ੧੩੭੩)

ਸਿਆਲ ਦੀ ਬਹਾਰੇ ਦਰਿਆਵਾਂ ਵਿਚ ਪਾਣੀ ਥੋੜਾ ਹੁੰਦਾ ਹੈ। ਕਈ ਥਾਵਾਂ ਲੋਕ ਦਰਿਆ ਵਿਚੋਂ ਗਾਹਣ ਹੀ ਲੰਘ ਜਾਂਦੇ ਹਨ। ਪਰ ਵਰਖਾ ਰੁੱਤੇ ਜਦੋਂ ਹੜ੍ਹਾਂ ਦਾ ਪਾਣੀ ਕੰਢਿਆਂ ਤੋਂ ਬਾਹਰ ਪਿਆ ਉਛਲਦਾ ਹੈ, ਕਿਸੇ ਵੱਡੇ ਤਾਰੂ ਨੂੰ ਭੀ ਪਾਰ ਲੰਘਣ ਦਾ ਹੌਸਲਾ ਨਹੀਂ ਪੈ ਸਕਦਾ।

ਕਸੁੰਭੇ ਦੇ ਫੁੱਲ ਵਰਗੀ ਸ਼ੋਖ-ਰੰਗ ਮਾਇਆ ਨੂੰ ਮਨੁੱਖ ਜਿਉਂ ਜਿਉਂ ਹੱਥ ਪਾਉਂਦਾ ਹੈ, ਤਿਉਂ ਤਿਉਂ ਇਸ ਦੇ ਮਨ ਵਿਚ ਮਾਇਆ ਦੇ ਮੋਹ ਦੀਆਂ ਲਹਿਰਾਂ ਵਧੀਕ ਵਧੀਕ ਉੱਠਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸੈਂਕੜੇ, ਹਜ਼ਾਰਾਂ ਲੱਖਾਂ ਤੇ ਕ੍ਰੋੜਾਂ ਰੁਪਏ ਜੋੜਨ ਦੀ ਲਾਲਸਾ ਬਣਦੀ ਜਾਂਦੀ ਹੈ। ਮੋਹ ਦਾ ਹੜ੍ਹ ਸਿਰੋਂ ਚੜ੍ਹ ਜਾਂਦਾ ਹੈ।

ਤ੍ਰਿਸ਼ਨਾ ਦੇ ਹੜ੍ਹ ਵਿਚੋਂ ਇਨਸਾਨੀ ਜ਼ਿੰਦਗੀ ਦੀ ਕੋਈ ਵਿਰਲੀ ਬੇੜੀ ਸਹੀ-ਸਲਾਮਤ ਪਾਰ ਲੰਘਦੀ ਹੈ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਥੁ ਨ ਲਾਇ ਕਸੁੰਭੜੈ
ਜਲਿ ਜਾਸੀ ਢੋਲਾ ॥੧॥ ਰਹਾਉ ॥

(ਸੂਹੀ ਫਰੀਦ ਜੀ ੭੯੪)

ਸਿਆਲ ਦੀ ਰੁੱਤ ਵਿਚ ਕਿਸਾਨ ਆਪਣੀਆਂ ਪੈਲੀਆਂ ਵਿਚ ਸਰ੍ਹੋਂ ਬੀਜਦੇ ਹਨ। ਸਰੋਂ ਦਾ ਸਾਗ ਇਸ ਬਹਾਰ ਦੀ ਖਾਸ ਵਧੀਆਂ ਸਬਜ਼ੀ ਹੈ। ਪੱਤਰਾਂ ਨੂੰ ਇਤਨਾ ਪਸੰਦ ਨਹੀਂ ਕੀਤਾ ਜਾਂਦਾ, ਜਿਤਨਾਂ ਗੰਦਲਾਂ ਨੂੰ। ਪੈਲੀਆਂ ਵਿਚ ਉੱਗੀਆਂ ਹੋਈਆਂ ਲੰਮੀਆਂ ਲੰਮੀਆਂ ਨਰਮ ਸੁਡੌਲ ਗੰਦਲਾਂ ਰਾਹ ਜਾਂਦਿਆਂ ਦੇ ਮਨ ਨੂੰ ਖਿੱਚ ਪਾਉਂਦੀਆਂ ਹਨ।

ਮਾਇਕ ਪਦਾਰਥ ਇਹਨਾਂ ਗੰਦਲਾਂ ਵਾਂਗ ਮਨੁੱਖ ਦੇ ਮਨ ਨੂੰ ਭਰਮਾਉਂਦੇ ਹਨ। ਦਿਨ ਰਾਤ ਮਨੁੱਖ ਇਹਨਾਂ ਦੀ ਖਾਤਰ ਭੱਜ ਦੌੜ ਕਰਦਾ ਹੈ, ਤੇ ਆਤਮਕ ਜੀਵਨ ਦਾ ਚੇਤਾ ਹੀ ਭੁਲਾ ਦੇਂਦਾ ਹੈ। ਜਿਉਂ ਜਿਉਂ ਇਹਨਾਂ ਪਦਾਰਥਾਂ ਲਈ ਤ੍ਰਿਸ਼ਨਾ ਵਧਦੀ ਹੈ, ਕਈ ਤਰ੍ਹਾਂ ਦੇ ਸਹਮ-ਦੁਖ ਕਲੇਸ਼ਾਂ ਦੀਆਂ ਚੋਟਾਂ ਮਨੁੱਖ ਦੇ ਮਨ ਉੱਤੇ ਇਉਂ ਵੱਜਦੀਆਂ ਰਹਿੰਦੀਆਂ ਹਨ ਜਿਵੇਂ ਕਿਸੇ ਲਖ-ਪਤੀ ਦੇ ਦਰਵਾਜ਼ੇ ਉੱਤੇ ਖੜਾ ਪਹਿਰੇਦਾਰ ਘੜਿਆਲ ਨੂੰ ਇਕ ਇਕ ਘੰਟੇ ਪਿਛੋਂ ਚੋਟ ਮਾਰਦਾ ਹੈ :

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥

(ਫਰੀਦ ਜੀ ੧੩੭੯)

ਪ੍ਰਬਲ

ਆਮ ਤੌਰ ਤੇ ਪੰਜਾਬ ਦੇ ਹਰੇਕ ਪਿੰਡ ਦੇ ਬਾਹਰਵਾਰ ਨਾਲ ਹੀ ਬੋਹੜ ਆਦਿਕ ਦਾ ਛਾਂ ਵਾਲਾ ਕੋਈ ਵੱਡਾ ਰੁੱਖ ਹੁੰਦਾ ਹੈ। ਕਿਸਾਨ ਹਲਾਂ ਦੇ ਜੋਤੇ ਲਾ ਕੇ ਮਾਲ ਡੰਗਰ ਲਈ ਪੱਠਿਆਂ ਦਾ ਪ੍ਰਬੰਧ ਕਰਕੇ ਦੁਪੈਹਿਰ ਦੀ ਰੋਟੀ ਖਾ ਕੇ ਗਰਮੀ ਦੇ ਬਚਾ ਲਈ ਬੋਹੜ ਹੇਠ ਆ ਇਕੱਠੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁੰਦੇ ਹਨ। ਇਸ ਖੁੱਲ੍ਹੀ ਬਹਾਰੇ ਕਦੇ ਕਦੇ ਬਾਜੀਗਰ ਭੀ ਆ ਪਹੁੰਚਦੇ ਹਨ। ਬਾਜੀ ਦਾ ਢੋਲ ਵੱਜਦਿਆਂ ਪਿੰਡ ਦੇ ਹੋਰ ਬਾਲਕ ਜਵਾਨ ਬੁੱਢੇ ਸਭ ਇਕੱਠੇ ਹੋ ਜਾਂਦੇ ਹਨ। ਨਟ ਕਈ ਤਰ੍ਹਾਂ ਦੇ ਕਰਤੱਬ ਵਿਖਾਉਂਦੇ ਹਨ। ਕਈ ਘੰਟੇ ਸਾਰੇ ਪਿੰਡ ਵਾਲਿਆਂ ਦਾ ਜੀ ਚੰਗਾ ਪਰਚਿਆ ਰਹਿੰਦਾ ਹੈ। ਬਾਜੀਗਰ ਨੂੰ ਚੋਖਾ-ਦਾਣਾ-ਫੱਕਾ ਮਿਲ ਜਾਂਦਾ ਹੈ।

ਮਾਇਆ ਦੇ ਮੋਹ ਨੇ ਜਗਤ ਵਿਚ ਬਾਜੀ ਰਚਾਈ ਹੋਈ ਹੈ। ਸਭ ਜੀਵ ਇਸ ਬਾਜੀ ਵਿਚ ਪਰਚ ਜਾਂਦੇ ਹਨ ਤੇ ਜੀਵਨ-ਸਮਾਂ ਐਵੇਂ ਹਾਸੇ ਵਿਚ ਹੀ ਗਵਾ ਰਹੇ ਹਨ :

ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥
ਪੂਰੈ ਗੁਰਿ ਸਭ ਸੋਝੀ ਪਾਈ ॥
ਐਥੈ ਅਗੈ ਹਰਿ ਨਾਮੁ ਸਖਾਈ ॥ (ਗਉੜੀ ਮ. ੩/੨੩੦)

ਮਾਇਆ, ਮਾਨੋ, ਇਕ ਸਮੁੰਦਰ ਹੈ ਜਿਸ ਵਿਚ ਮੋਹ ਦੀਆਂ ਲਹਿਰਾਂ ਬੜੇ ਜੋਰਾਂ ਵਿਚ ਪੈ ਰਹੀਆਂ ਹਨ। ਆਤਮਕ ਜੀਵਨ ਦੀ ਬੇੜੀ ਡੋਲਦੀ ਹੈ, ਬੜਾ ਖਤਰਾ ਹੁੰਦਾ ਹੈ ਡੁੱਬਣ ਦਾ। ਪ੍ਰਭੂ ਦਾ ਭਜਨ ਜਹਾਜ ਹੈ, ਅਤੇ ਗੁਰੂ ਦਾ ਸ਼ਬਦ ਇਸ ਜਹਾਜ਼ ਦਾ ਮਲਾਹ ਹੈ :

ਮਾਇਆ ਸਰੁ ਸਬਲੁ ਵਰਤੈ
ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥
ਰਾਮ ਨਾਮੁ ਕਰਿ ਬੋਹਿਥਾ
ਜੀਉ ਸਬਦੁ ਖੇਵਟੁ ਵਿਚਿ ਪਾਇ ॥੧॥੨॥
(ਗਉੜੀ ਅ. ੩/੨੪੫)

ਜੰਗਲਾਂ ਪਹਾੜਾਂ ਵਿਚ ਕਈ ਥਾਂ ਵੱਡੇ ਵੱਡੇ ਅਯਦਹ (ਸਰਾਲਾਂ) ਤੇ ਨਾਗ ਰਹਿੰਦੇ ਹਨ, ਕੋਈ ਓਭੜ ਮਨੁੱਖ ਰਾਹੋਂ ਖੁੰਝ ਕੇ ਕਿਤੇ ਕਿਸੇ ਨਾਗ ਦੇ ਢਏ ਚੜ੍ਹ ਜਾਏ, ਤਾਂ ਨਾਗ ਤੁਰਤ ਉਸ ਦੇ ਪੈਰਾਂ ਤੇ ਵੱਲ ਮਾਰਦਾ ਮਾਰਦਾ ਉਸ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। ਇਸ ਲਪੇਟ ਵਿਚੋਂ ਅਭਾਗੇ ਨੂੰ ਸਿਰਫ਼ ਮੌਤ ਹੀ ਛੁਡਾਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਬੜੀ ਭਿਆਨਕ ਨਾਗਨੀ ਹੈ–ਨਿੰਦਿਆ, ਈਰਖਾ, ਤ੍ਰਿਸ਼ਨਾ, ਕਾਮ ਕ੍ਰੋਧ ਆਦਿਕ ਇਸ ਮਾਇਆ ਦੇ ਅਨੇਕਾਂ ਹੀ ਵਲ ਹਨ। ਇਹਨਾਂ ਦੀ ਲਪੇਟ ਵਿਚੋਂ ਆਤਮਕ ਜੀਵਨ ਨੂੰ ਬਚਾਉਣਾ ਬਹੁਤ ਔਖਾ ਹੈ।

ਸੱਪ ਡਰਦਾ ਹੈ ਗਰੁੜ-ਮੰਤ੍ਰ ਤੋਂ, ਮਾਇਆ ਵੱਸ ਆਉਂਦੀ ਹੈ ਸਾਧ ਸੰਗਤ ਦੀ ਸ਼ਰਨ ਪਿਆਂ :

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵਲਾਇ ॥੨॥

(ਵਾਰ ਗੁਜਰੀ ਮ. ੩/੫੧੦)

ਤੇਲੀ ਦਾ ਕੰਮ ਹੈ ਕੋਹਲੂ ਵਿਚ ਤਿਲ ਪੀੜ ਕੇ ਤੇਲ ਕੱਢਣਾ ਤੇ ਵੇਚਣਾ। ਉਹ ਸਾਰਾ ਦਿਨ ਇਹੀ ਕੰਮ ਕਰਦਾ ਹੈ। ਉਸ ਦੇ ਹੱਥ ਪੈਰ ਉਸ ਦੀਆਂ ਲੱਤਾਂ ਬਾਹਾਂ ਹਰ ਵੇਲੇ ਤੇਲ ਨਾਲ ਥਿੰਧੀਆਂ ਹੋਈਆਂ ਰਹਿੰਦੀਆਂ ਹਨ। ਕਪੜੇ ਦੀ ਇਕ ਵੱਡੀ ਟਾਕੀ ਨਾਲ ਉਹ ਦਿਨ ਵਿਚ ਕਈ ਵਾਰ ਆਪਣੇ ਪਿੰਡੇ ਤੋਂ ਥਿੰਧਿਆਈ ਪੂੰਝਦਾ ਰਹਿੰਦਾ ਹੈ। ਉਸ ਦੇ ਭਾਂਡੇ ਭੀ ਤੇਲ ਨਾਲ ਲਿਬੜੇ ਰਹਿੰਦੇ ਹਨ, ਉਹਨਾਂ ਨੂੰ ਭੀ ਤੇਲੀ ਉਸ ਟਾਕੀ ਨਾਲ ਪੂੰਝ ਲੈਂਦਾ ਹੈ, ਤੇ ਉਸ ਟਾਕੀ ਨੂੰ ਕੋਹਲੂ ਉਤੇ ਰੱਖ ਦੇਂਦਾ ਹੈ। ਤੇਲੀ ਦੀ ਇਹ ਟਾਕੀ ਖੁੰਭ ਚੜ੍ਹਿਆਂ ਭੀ ਨਹੀਂ ਨਿਖਰਦੀ। ਹਰ ਵੇਲੇ ਜੁ ਤੇਲ ਨਾਲ ਥੰਧੀ ਹੁੰਦੀ ਰਹਿਣਾ ਹੋਇਆ।

ਮਨੁੱਖ ਦੇ ਮਨ ਦੇ ਜਨਮਾਂ ਜਨਮਾਤਰਾਂ ਦੀ ਮੈਲ ਲੱਗਦੀ ਆਉਂਦੀ ਹੈ। ਇਹ ਮੈਲ ਕੋਈ ਧੁਪਨੀ ਕੋਈ ਸੌਖੀ ਖੇਡ ਨਹੀਂ। ਗੁਰੂ ਦੀ ਮਿਹਰ ਨਾਲ ਕਿਸੇ ਵਿਰਲੇ ਸੁਭਾਗੇ ਦਾ ਮਨ ਪਰਤਦਾ ਹੈ :

ਜਨਮ ਜਨਮ ਕੀ ਇਸੁ ਮਨ ਕਉ
ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵਈ ਸੇ ਸਉ ਧੋਵਣਿ ਪਾਹੁ ॥

(ਵਾਰ ਸੋਰਠਿ ਮ. ੪/੬੫੧)

ਸੱਪ ਇਨਸਾਨ ਦਾ ਬੜਾ ਖਤਰਨਾਕ ਵੈਰੀ ਹੈ। ਇਸ ਧਰਤੀ ਉਤੇ ਹਰ ਸਾਲ ਸੱਪਾਂ ਦੇ ਡੰਗੇ ਹੋਏ ਹਜ਼ਾਰਾਂ ਹੀ ਮਰ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਲੋਕ ਸੱਪ ਦੇ ਡੰਗੇ ਦਾ ਇਲਾਜ ਮੰਤ੍ਰਾਂ ਨਾਲ ਹੀ ਕਰਦੇ ਸਨ।

ਮਾਇਆ ਮੋਹ ਮਨੁੱਖ ਦੇ ਆਤਮਕ ਜੀਵਨ ਵਾਸਤੇ ਬੜਾ ਖਤਰਨਾਕ ਜ਼ਹਿਰ ਹੈ ਜਿਸ ਕਿਸੇ ਨੂੰ ਭੀ ਇਹ ਮੋਹ ਡੰਗ ਮਾਰਦਾ ਹੈ, ਉਸ ਦੇ ਅੰਦਰੋਂ ਮਨੁੱਖਾ ਫੁੜਕ ਪੈਂਦੀ ਹੈ। ਗੁਰੂ ਦਾ ਸ਼ਬਦ ਇਸ ਦੀ ਵਿੱਸ ਤੋਂ ਬਚਾ ਲੈਂਦਾ ਹੈ :

ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥

(ਵਾਰਾਂ ਤੇ ਵਧੀਕ ਮ. ੩)

ਗਾਫਲ ਹੋ ਕੇ ਸੌਣ ਵਾਲਿਆਂ ਦੀ ਘਰੀਂ ਚੋਰਾਂ ਦਾ ਭੀ ਚੰਗਾ ਦਾਉ ਲੱਗ ਜਾਂਦਾ ਹੈ। ਚੋਰ ਕੋਈ ਨਾ ਕੋਈ ਰਾਹ ਲੱਭ ਹੀ ਲੈਂਦੇ ਹਨ। ਤੇ ਜੇ ਬੂਹੇ ਹੀ ਖੁਲ੍ਹੇ ਰਹਿ ਜਾਣ ਤਾਂ ਚੋਰਾਂ ਦੇ ਪੌਂ ਬਾਰਾਂ।

ਇਸ ਸਰੀਰ-ਘਰ ਦਾ ਮਾਲਕ ਮਾਇਆ ਦੀ ਨੀਂਦ ਵਿਚ ਸੁੱਤਾ ਰਹੇ; ਤਾਂ ਘਰ ਦੇ ਬੂਹੇ ਗਿਆਨ ਇੰਦ੍ਰੇ ਚੌੜ-ਚੁਪੱਟ ਖੁਲ੍ਹੇ ਰਹਿ ਜਾਂਦੇ ਹਨ, ਕਾਮਾਦਿਕ ਚੋਰ ਇਹਨੀਂ ਰਾਹੀਂ ਆਪਣਾ ਦਾਉ ਲਗਾ ਜਾਂਦੇ ਹਨ :

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥

(ਗਉੜੀ ਮ ੫/੧੯੨)

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਚੰਗੇ ਧਨ ਵਾਲੀ ਮੋਟੀ ਸਾਮੀ ਤਾੜਕੇ ਠੱਗ ਉਸ ਨੂੰ ਮਿਠਿਆਈ ਆਦਿਕ ਵਿਚ ਧਤੂਰਾ ਜਾਂ ਕੋਈ ਹੋਰ ਨਸ਼ੀਲੀ ਚੀਜ਼ ਖਵਾ ਦੇਂਦੇ ਹਨ। ਜਦੋਂ ਉਹ ਬੇ-ਸੁਰਤਿ ਹੋ ਜਾਂਦਾ ਹੈ, ਤਾਂ ਉਸ ਦਾ ਸਾਰਾ ਧਨ ਮਾਲ ਲੁੱਟ ਲੈ ਜਾਂਦੇ ਹਨ।

ਮਾਇਆ ਜੀਵਾਂ ਨੂੰ ਮੋਹ ਦੀ ਠਗ-ਬੂਟੀ ਖਵਾ ਕੇ ਸਭ ਦਾ ਆਤਮਕ ਧਨ ਲੁਟਦੀ ਜਾ ਰਹੀ ਹੈ :

ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥
ਕਾਹੂ ਕਾਜ ਨ ਆਵਤ ਬਿਖਿਆ ॥

(ਗਉੜੀ ਮ. ੫/੧੯੯)

ਮਨੁੱਖ ਦਾ ਦਿਮਾਗ ਹਿੱਲ ਜਾਏ, ਤਾਂ ਉਹ ਕਈ ਹਾਸੋ ਹੀਣੀਆਂ ਹਰਕਤਾਂ ਕਰਦਾ ਹੈ। ਕੋਈ ਕੋਈ ਪਾਗਲ ਐਸਾ ਵੇਖਣ ਵਿਚ ਆਉਂਦਾ ਹੈ ਕਿ ਉਹ ਗਲੀਆਂ ਬਾਜ਼ਾਰਾਂ ਵਿਚੋਂ ਗੰਦੀਆਂ ਮੰਦੀਆਂ ਲੀਰਾਂ ਇਕੱਠੀਆਂ ਕਰੀ ਜਾਂਦਾ ਹੈ। ਤੇ ਇਕ ਛੋਟੀ ਜਿਹੀ ਗੰਢੜੀ ਬੰਨ੍ਹ ਕੇ ਸਿਰ ਉੱਤੇ ਚੁੱਕੀ ਫਿਰਦਾ ਹੈ, ਗਲੀ ਮੁਹੱਲੇ ਦੇ ਬਾਲ ਛੇੜਖਾਨੀ ਵਾਸਤੇ ਜੇ ਉਸ ਗੰਢੜੀ ਨੂੰ ਹੱਥ ਲਾ ਦੇਣ ਤਾਂ ਉਹ ਸਾਰਾ ਸਾਰਾ ਦਿਨ ਗਾਲ੍ਹਾਂ ਕੱਢਦਾ ਰਹਿੰਦਾ ਹੈ।

ਮੋਹ ਦੀ ਪੋਟਲੀ ਮਨੁੱਖ ਦੇ ਸਿਰ ਉੱਤੇ ਸੁਰੇਸ਼ ਵਾਂਗ ਚੰਬੜ ਜਾਂਦੀ ਹੈ। 'ਮੈਂ' ਤੇ 'ਮਮਤਾ' ਦਾ ਬੱਧਾ ਮਨੁੱਖ ਗੱਲੇ ਗੱਲੇ ਹਰੇਕ ਨਾਲ ਖਹਿ ਪੈਂਦਾ ਹੈ। ਸੁਖ ਮਿਲੇ ਚਾਹੇ ਦੁੱਖ, 'ਮਮਤਾ' ਦੀ ਪੋਟਲੀ ਸੁੱਟਣ ਨੂੰ ਤਿਆਰ ਨਹੀਂ ਹੁੰਦਾ :

ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥

(ਗਉੜੀ ਮ. ੫/੨੧੪)

ਗਰਮੀ ਦੀ ਰੁੱਤੇ ਕਈ ਵਾਰੀ ਵਾ ਵਰੋਲੇ ਉੱਠਦੇ ਹਨ। ਕਪੜਾ ਕਾਗਜ ਆਦਿਕ ਕੋਈ ਹੌਲੀ ਸ਼ੈ ਉਸ ਵਾ-ਵਰੋਲੇ ਵਿਚ ਫਸਕੇ ਦੂਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉੱਚੀ ਉਡ ਜਾਂਦੀ ਹੈ, ਤੇ ਵਾ-ਵਰੋਲੇ ਦੇ ਵਿਚ ਹੀ ਫਸੀ ਰਹਿੰਦੀ ਹੈ। ਦਰਿਆਵਾਂ ਵਿਚ ਕਈ ਥਾਈਂ ਘੁੰਮਣ-ਘੇਰੀਆਂ ਪੈਂਦੀਆਂ ਹਨ। ਕੋਈ ਲੱਕੜੀ ਸ਼ਤੀਰੀ ਆਦਿਕ ਉਸ ਵਿਚ ਫਸ ਕੇ ਉੱਥੇ ਹੀ ਚੱਕਰ ਲਾਉਂਦੀ ਰਹਿੰਦੀ ਹੈ, ਉਸ ਗੇੜ ਵਿਚੋਂ ਨਿਕਲ ਨਹੀਂ ਸਕਦੀ। ਮਿਹਦੇ ਵਿਚ ਕਿਸੇ ਨੁਕਸ ਦੇ ਕਾਰਨ ਕਈ ਬੰਦਿਆਂ ਨੂੰ ਚੱਕਰ ਆਉਣ ਲੱਗ ਪੈਂਦੇ ਹਨ ਜਦੋਂ ਭੀ ਉਹ ਤੁਰਨ ਫਿਰਨ ਦਾ ਜਤਨ ਕਰਨ ਚੱਕਰਾਂ ਦੇ ਕਾਰਨ ਭੁੰਏਂ ਡਿੱਗ ਪੈਂਦੇ ਹਨ।

ਮਾਇਆ ਦਾ ਚੱਕਰ ਬੜਾ ਡਾਢਾ ਹੈ! ਧਨ ਦਾ ਜੋੜਨਾ, ਵਿਸ਼ਿਆਂ ਦਾ ਭੋਗਣਾ, ਇਹ ਐਸੇ ਗੇੜ ਹਨ ਕਿ ਇਹਨਾਂ ਵਿਚ ਫਸਿਆ ਮਨੁੱਖ ਬਾਹਰ ਨਹੀਂ ਨਿਕਲ ਸਕਦਾ। ਮੁੜ ਮੁੜ ਉੱਥੇ ਹੀ ਭੁਆਟਣੀਆਂ ਲੈਂਦਾ ਹੈ ਤੇ ਡਿੱਗਦਾ ਹੈ। ਦੁਖੀ ਵੀ ਹੁੰਦਾ ਹੈ, ਪਰ ਗੇੜੇ ਦੇ ਵਿਚ ਹੀ ਰਹਿੰਦਾ ਹੈ :

ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ ॥
ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ ॥
(ਗਉੜੀ ਮ. ੫/੨੧੫)

ਕਈ ਇਲਾਕਿਆਂ ਵਿਚ ਪਾਣੀ ਦੀ ਬਹੁਤ ਘਾਟ ਹੁੰਦੀ ਹੈ, ਖੂਹ ਬਹੁਤ ਹੀ ਡੂੰਘੇ ਪੁੱਟਣੇ ਪੈਂਦੇ ਹਨ। ਪਿੰਡ ਦੇ ਖੂਹ ਉੱਤੇ ਹਰ ਅੰਞਾਣਾ ਸਿਆਣਾ ਜਾਂਦਾ ਰਹਿੰਦਾ ਹੈ ਕਦੇ ਨ ਕਦੇ ਕਿਸੇ ਨਾ ਕਿਸੇ ਖੂਹ ਵਿਚ ਡਿੱਗਣ ਦੀ ਘਟਣਾ ਹੁੰਦੀ ਹੀ ਰਹਿੰਦੀ ਹੈ। ਨੇੜੇ ਦੇ ਪਾਣੀ ਵਾਲੇ ਸਾਧਾਰਨ ਖੂਹਾਂ ਵਿਚੋਂ ਡਿੱਗੇ ਨੂੰ ਕੱਢਣਾ ਕੋਈ ਔਖਾ ਕੰਮ ਨਹੀਂ ਹੁੰਦਾ। ਅਜਹੇ ਖੂਹ ਹੁੰਦੇ ਭੀ ਹਨ ਚੌੜੇ। ਪਰ ਡੂੰਘੇ ਖੂਹ ਆਮ ਤੌਰ ਤੇ ਸੌੜੇ ਭੀ ਹੁੰਦੇ ਹਨ। ਅਜੇਹੇ ਖੂਹਾਂ ਵਿਚ ਡਿੱਗੇ ਨੂੰ ਬਚਾਉਣਾ ਸੌਖਾ ਨਹੀਂ ਹੁੰਦਾ।

ਮਾਇਆ ਦਾ ਮੋਹ ਇਕ ਡੂੰਘਾ ਸੌੜਾ ਖੂਹ ਹੈ। ਇਸ ਵਿਚ ਅਨੇਕੇ ਆਤਮਕ ਜੀਵਨ ਗੋਤੇ ਖਾ ਖਾ ਕੇ ਮੁੱਕ ਜਾਂਦੇ ਹਨ। ਜਿਸ ਦੀ ਬਾਂਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਫੜ ਲਏ, ਉਹ ਬਚ ਨਿਕਲਦਾ ਹੈ :

ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥
ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥

(ਗਉੜੀ ਮ. ੫ ੨੪੧)

ਸਿਆਣਾ ਘੁਮਿਆਰ ਮਿੱਟੀ ਦੇ ਭਾਂਡੇ ਬਣਾ ਕੇ ਬੜੀ ਜੁਗਤਿ ਨਾਲ ਇਕ ਇਕ ਕਤਾਰ ਵਿਚ ਰੱਖਦਾ ਹੈ, ਤੇ ਇਕ ਦੂਜੇ ਦੇ ਉੱਪਰ ਟੀਨਾਂ ਲਾ ਲਾ ਕੇ ਸਾਂਭਦਾ ਹੈ। ਬੇ-ਜੁਗਤ ਰੱਖੇ ਭਾਂਡੇ ਦਿਨ ਵਿਚ ਕਈ ਵਾਰੀ ਠਹਕਣ, ਟੁਟ ਜਾਣ ਤੇ ਘੁਮਿਆਰ ਦੀ ਕੀਤੀ ਮਿਹਨਤ ਅਜਾਈ ਜਾਏ।

ਮਾਇਆ, ਦੇ ਪ੍ਰਭਾਵ ਹੇਠ ਮਨੁੱਖ ਦਾ ਮਨ ਬੇ-ਜੁਗਤਾ ਹੋ ਜਾਂਦਾ ਹੈ, ਦੂਜਿਆਂ ਨਾਲ ਝਗੜਦਾ ਹੈ, ਠਹਕਦਾ ਹੈ, ਤੇ ਕਈਆਂ ਦੇ ਦਿਲ ਦੁਖਾਉਂਦਾ ਹੈ। ਆਪ ਭੀ ਦੁਖੀ ਤੇ ਹੋਰ ਭੀ ਦੁਖੀ :

ਠਠਾ ਮਨੂਆ ਠਾਹਹਿ ਨਾਹੀ ॥
ਜੋ ਸਗਲ ਤਿਆਗਿ ਏਕਹਿ ਲਪਟਾਹੀ ॥
ਠਹਕਿ ਠਹਕਿ ਮਾਇਆ ਸੰਗਿ ਮੂਏ ॥
ਉਆ ਕੈ ਕੁਸਲ ਨ ਕਤਹੂ ਹੂਏ ॥

(ਗਉੜੀ ਬ. ਮਾ. ਮ. ੫/੨੫੬)

ਮਾਇਆ ਦਾ ਮੋਹ ਇਕ ਪੱਕੀ ਫਾਹੀ ਹੈ। ਪਰ ਇਹ ਫਾਹੀ ਹੈ ਬੜੀ ਹੀ ਮਿੱਠੀ ਸੁਆਦਲੀ। ਜਗਤ ਦੇ ਸਾਰੇ ਜੀਵ ਇਸ ਫਾਹੀ ਵਿਚ ਫਸੇ ਪਏ ਹਨ :

ਏਊ ਜੀਅ ਬਹੁਤ-ਗ੍ਰਭ ਵਾਸੇ ॥
ਮੋਹ ਮਗਨ ਮੀਠ ਜੋਨਿ ਫਾਸੇ ॥

(ਗਉੜੀ ਮ. ੫/੨੫੧)

ਸਾਰੀ ਸ੍ਰਿਸਟੀ ਉੱਤੇ ਮਾਇਆ ਦਾ ਹੀ ਬੋਲ-ਬਾਲਾ ਹੈ। ਗ੍ਰਿਹਸਤੀ ਤਾਂ ਪਰਤੱਖ ਹੀ ਮਾਇਆ ਦੀ ਖਾਤਰ ਆਪੋ ਵਿਚ ਡਾਂਗ-ਸੋਟਾ ਹੁੰਦੇ ਰਹਿੰਦੇ ਹਨ, ਭਰਾ ਭਰਾ ਦਾ ਮਾਰੂ ਬਣ ਜਾਂਦਾ ਹੈ। ਪਰ ਜਿਹੜੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਲੋਂ ਗ੍ਰਿਹਸਤ ਤਿਆਗ ਕੇ ਜੰਗਲਾਂ ਵਿਚ ਚਲੇ ਜਾਂਦੇ ਹਨ, ਉਹਨਾਂ ਨੂੰ ਕਾਮ-ਵਾਸਨਾ ਦੀ ਰਾਹੀਂ ਹੀ ਜਾ ਤੜਪਾਉਂਦੀ ਹੈ। ਨਿੱਤ ਧਰਮ-ਗ੍ਰੰਥ ਪੜ੍ਹਨ ਵਾਲੇ ਵਿਦਵਾਨਾਂ ਨੂੰ ਲੋਭ ਦੀ ਸ਼ਕਲ ਵਿਚ ਆ ਗ੍ਰਸਦੀ ਹੈ।

ਮਾਇਆ ਦੇ ਅਸਰ ਤੋਂ ਕੇਵਲ ਉਹੀ ਬਚਦਾ ਹੈ ਜੋ ਵਾਹਿਗੁਰੂ ਜੀ ਨਾਲ ਜਾਣ-ਪਛਾਣ ਬਣਾਉਂਦਾ ਹੈ :

ਤਪੁ ਕਰਤੇ ਤਪਸੀ ਭੂਲਾਏ ॥
ਪੰਡਿਤ ਮੋਹੇ ਲੋਭਿ ਸਬਾਏ ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥
ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥

(ਆਸਾ ਮ. ੫/੩੭੦)

ਦਰਿਆ ਦੇ ਦੁਆਲੇ ਕਾਹੀ ਪਿਲਛੀ ਕਾਨਿਆਂ ਦਾ ਸੰਘਣਾ ਬੇਲਾ ਹੁੰਦਾ ਹੈ, ਪਰ ਦਰਿਆ ਦਾ ਕੰਢਾ ਆਮ ਤੌਰ ਤੇ ਸਾਫ਼ ਤੇ ਪੱਧਰਾ ਹੈ, ਰੇਤ ਤੇ ਮਿੱਟੀ ਮਿਲੀ ਹੋਈ ਹੈ। ਫਿਰ ਭੀ ਕੋਈ ਮਨੁੱਖ ਇਹ ਦਲੇਰੀ ਨਹੀਂ ਕਰ ਸਕਦਾ ਕਿ ਆਰਾਮ ਕਰਨ ਲਈ, ਘੜੀ ਭਰ ਸੌਣ ਲਈ ਉਸ ਕੰਢੇ ਉੱਤੇ ਲੇਟ ਜਾਏ। ਕੀ ਪਤਾ, ਦਰੀਆ ਦਾ ਪਾਣੀ ਕਿਹੜੇ ਵੇਲੇ ਹੇਠੋਂ ਮਿੱਟੀ ਕੇਰ ਕੇ ਸਾਰੀ ਢਿੱਗ ਡੇਗ ਲਏ।

ਜਿਨ੍ਹਾਂ ਖੂਹਾਂ ਵਿਚੋਂ ਪੀਣ ਲਈ ਪਾਣੀ ਭਰੀਦਾ ਹੈ, ਉਹਨਾਂ ਉੱਤੇ ਚਰਖੜੀ ਦੇ ਨਾਲ ਲੱਜ ਵਹਾਈ ਹੁੰਦੀ ਹੈ। ਕੇ ਕਦੇ ਖੂਹ ਵਿਚ ਕਿਸੇ ਮਨੁੱਖ ਦੇ ਵੜਨ ਦੀ ਲੋੜ ਪਏ, ਤਾਂ ਖਾਸ ਪੱਕੀਆਂ ਲੱਜਾਂ ਲੈ ਕੇ ਦੋ ਚਾਰ ਮਨੁੱਖ ਮੱਦਦ ਕਰਦੇ ਹਨ। ਅਜੇਹਾ ਕੋਈ ਮੂਰਖ ਨਹੀਂ ਹੋ ਸਕਦਾ ਕਿ ਚਰਖੜੀ ਦੀ ਲੱਜ ਰਸਤੇ ਖੂਹ ਵਿਚ ਉੱਤਰ ਜਾਏ; ਲੱਜ ਨੂੰ ਚਰਖੜੀ ਵਾਲੇ ਸਿਰ ਤੋਂ ਚੂਹਾ ਕੁਤਰ ਰਿਹਾ ਹੋਵੇ, ਪਰ ਉਹ ਮਨੁੱਖ ਬੇ-ਫਿਕਰ ਹੋ ਕੇ ਉਸ ਲੱਜ ਦਾ ਆਸਰਾ ਫੜੀ ਮਿਠਿਆਈ ਖਾਂਦਾ ਰਹੇ।

ਮਨੁੱਖ ਦੀ ਉਮਰ ਦੀ ਲੱਜ ਨੂੰ ਜਮ ਚੂਹਾ ਕੁਤਰਦਾ ਜਾ ਰਿਹਾ ਹੈ, ਜ਼ਿੰਦਗੀ ਦੇ ਦਿਨ ਤੇਜੀ ਨਾਲ ਗੁਜਰਦੇ ਜਾ ਰਹੇ ਹਨ, ਪਰ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਜ਼ੇ ਨਾਲ ਮੋਹ ਦੀ ਖੁਹੀ ਵਿਚ ਪੈ ਕੇ ਵਿਸ਼ੇ ਵਿਕਾਰ ਵਿਚ ਮਸਤ ਹੈ। ਉਮਰ ਨੂੰ ਢਾਹ ਲੱਗੀ ਹੋਈ ਹੈ, ਪਰ ਮਨੁੱਖ ਮੋਹ ਦੀ ਨੀਂਦ ਵਿਚ ਸੁੱਤਾ ਪਿਆ ਹੈ :

ਅਨਦਿਨੁ ਮੂਸਾ ਲਾਜੁ ਟੁਕਾਈ ॥
ਗਿਰਤ ਕੂਪ ਮਹਿ ਖਾਹਿ ਮਿਠਾਈ ॥
(ਆਸਾ ਮ. ੫/੩੯੦)

ਜੰਗਲਾਂ ਵਿਚ ਭੱਜ ਜਾਵੋ ਚਾਹੇ ਘਰਾਂ ਵਿਚ ਰਹੋ, ਮਾਇਆ ਮਨੁੱਖ ਨੂੰ ਐਸੀ ਚੁੜੇਲ ਹੋ ਕੇ ਚੰਬੜਦੀ ਹੈ ਕਿ ਖਲਾਸੀ ਕਰਦੀ ਹੀ ਨਹੀਂ। ਕਾਮਾਦਿਕ ਇਸ ਦੇ ਸਰਦਾਰ ਐਸੇ ਠੱਗ ਹਨ ਕਿ ਜਿਸ ਜਿਸ ਨਾਲ ਯਾਰੀ ਪਾ ਲੈਂਦੇ ਹਨ ਉਸੇ ਦੀਆਂ ਮੁਸ਼ਕਾਂ ਬੰਨ੍ਹ ਲੈਂਦੇ ਹਨ। ਗੁਰੂ ਹੀ ਬਚਾਉਂਦਾ ਹੈ ਇਸ ਦੀ ਮਾਰ ਤੋਂ :

ਇਨੁ ਸਿਉ ਪ੍ਰੀਤਿ ਕਰੀ ਘਨੇਰੀ ॥
ਜਉ ਮਿਲੀਐ ਤਉ ਵਧੈ ਵਧੇਰੀ ॥
ਗਲਿ ਚਮੜੀ ਜਉ ਛੋਡੈ ਨਾਹੀ ॥
ਲਾਗਿ ਛੁਟੋ ਸਤਿਗੁਰ ਕੀ ਪਾਈ ॥
(ਆਸਾ ਮ. ੫/੩੯੨)

ਧਤੂਰਾ ਆਦਿਕ ਨਸ਼ੀਲੀ ਬੂਟੀ ਮਿਠਿਆਈ ਵਿਚ ਖਵਾ ਕੇ ਠੱਗ ਭੋਲੇ ਭਾਲੇ ਰਾਹੀ ਮੁਸਾਫਿਰਾਂ ਦਾ ਮਾਲ ਲੁੱਟ ਕੇ ਪੱਤਰਾ ਵਾਚ ਜਾਂਦੇ ਹਨ। ਮਾਇਆ ਬੜੀ ਮੋਮੋਠਗਣੀ ਹੈ । ਮੋਹ ਦੀ ਠੱਗ-ਬੂਟੀ ਖਵਾ ਕੇ ਸਭ ਦਾ ਆਤਮਕ ਧਨ ਲੁੱਟਦੀ ਜਾਂਦੀ ਹੈ। ਇਸ ਦੀ ਮਾਰ ਤੋਂ ਕੇਵਲ ਉਹੀ ਬਚਦਾ ਹੈ ਜੋ ਗੁਰੂ ਦੀ ਸਰਨ ਪਏ :

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥
ਬੋਲੈ ਕਉੜਾ ਜਿਹਬਾ ਕੀ ਫੂੜਿ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥ (ਆਸਾ ਮ. ੫/੩੯੪)

ਅੱਗ ਨਾਲ ਮਕਾਨਾਂ ਤੇ ਕਾਰਖਾਨਿਆਂ ਦੇ ਸੜਨ ਦੀਆਂ ਘਟਨਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿੱਤ ਹੁੰਦੀਆਂ ਰਹਿੰਦੀਆਂ ਹਨ। ਕਿਸੇ ਦੀ ਅਣਗਹਿਲੀ ਕਾਰਨ ਕਿਤੇ ਰਤਾ ਕੁ ਜਿਤਨੀ ਅੱਗ ਦੀ ਚਿਣਗ ਲੱਕੜ ਕਾਠ ਆਦਿਕ ਵਿਚ ਪੈ ਜਾਂਦੀ ਹੈ। ਉਹ ਸਹਜੇ ਸਹਜੇ ਬੇ-ਮਲੂਮੇ ਅਸਰ ਕਰਦੀ ਜਾਂਦੀ ਹੈ। ਘਰ ਦੇ ਲੋਕ ਰਾਤ ਨੂੰ ਸੌਂ ਜਾਂਦੇ ਹਨ, ਉਤਨੇ ਚਿਰ ਨੂੰ ਉਹ ਅੱਗ ਕਾਫ਼ੀ ਮਘ ਉੱਠਦੀ ਹੈ। ਪਤਾ ਤਦੋਂ ਹੀ ਲੱਗਦਾ ਹੈ ਜਦੋਂ ਸਾਰਾ ਘਰ ਭੜਕ ਉੱਠਦਾ ਹੈ।

ਤ੍ਰਿਸ਼ਨਾ ਦੀ ਅੱਗ ਅੰਦਰੇ ਅੰਦਰ ਮਾਰ ਕਰਦੀ ਹੈ। ਵੱਡੇ ਵੱਡੇ ਰਿਸ਼ੀਆਂ ਮੁਨੀਆਂ ਦੇ ਆਸਨ ਸਾੜ ਕੇ ਸੁਆਹ ਕਰ ਦੇਂਦੀ ਹੈ। ਇਹ ਲੁਕਵੀਂ ਅੱਗ ਬੁਰੀ ਜ਼ਾਲਮ ਹੁੰਦੀ ਹੈ :

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥

(ਗੁਜਰੀ ਮ. ੫/੫੦੦)

ਘੁਮਿਆਰ ਜਦੋਂ ਖੋਤੇ ਉਤੋਂ ਭਾਰੀ ਛੱਟ ਲਾਹ ਲੈਂਦਾ ਹੈ, ਤਾਂ ਥਕੇਵਾਂ ਲਾਹਣ ਲਈ ਖੋਤਾ ਘੱਟੇ ਵਿਚ ਸੁਆਹ ਵਿਚ ਚੰਗੀ ਤਰ੍ਹਾਂ ਲੇਟਦਾ ਹੈ। ਮਿੱਟੀ ਘੱਟੇ ਵਿਚ ਲੇਟਣਾ ਖੋਤੇ ਦੀ ਬੜੀ ਮਨ-ਭਾਉਂਦੀ ਹਰਕਤ ਹੈ। ਰੂੜੀਆਂ ਉੱਤੇ ਚੁਗਣਾ ਤੇ ਸੁਆਹ ਵਿਚ ਲੇਟਣਾ, ਖੋਤੇ ਦੀ ਸਭ ਤੋਂ ਚੰਗੀ ਰੁਚੀ ਹੈ। ਮਨੁੱਖ ਚੰਦਨ ਰੁੱਖ ਦੀ ਬੜੀ ਕਦਰ ਕਰਦਾ ਹੈ। ਇਸ ਦਾ ਲੇਪ ਸੁਗੰਧੀ ਦੇਂਦਾ ਹੈ, ਤਪਸ ਹਟਾਂਦਾ ਹੈ। ਪਰ ਖੋਤੇ ਨੂੰ ਚੰਦਨ ਦੇ ਲੇਪ ਦੀ ਕੀ ਸਾਰ ? ਖੋਤਾ ਘੱਟੇ ਵਿਚ ਹੀ ਲੇਟੇਗਾ।

ਮਾਇਆ ਦੇ ਪ੍ਰਭਾਵ ਵਿਚ ਫ਼ਸ ਕੇ ਮਨੁੱਖ ਉਹੀ ਹਰਕਤਾਂ ਕਰਦਾ ਹੈ ਜਿਨ੍ਹਾਂ ਕਰਕੇ ਇਥੇ ਭੀ ਹਾਸੋ-ਹੀਣਾ ਹੋਵੇ ਤੇ ਪਰਲੋਕ ਵਿਚ ਭੀ ਸ਼ਰਮਿੰਦਾ ਹੋਵੇ :

ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥

(ਧਨਾਸਰੀ ਮ. ੫/੬੭੩)

ਮਾਇਆ ਮਨੁੱਖ ਨੂੰ ਧਨ ਜੋੜਨ ਦੀ ਇਤਨੀ ਚੇਟਕ ਲਾਉਂਦੀ ਹੈ ਕਿ ਮਾਂ ਪਿਉ ਪੁੱਤਰ, ਭਰਾ, ਸਾਕ ਅੰਗ ਸਭਨਾਂ ਵਿਚ ਦੁਫੇੜ ਪਵਾ ਦੇਂਦੀ ਹੈ। ਘਰ ਘਰ ਇਹੀ ਹਾਲ ਹੋ ਰਿਹਾ ਹੈ। ਜਪ ਤਪ ਤੀਰਥ-ਇਸ਼ਨਾਨ ਕੁਝ ਵੀ ਪਏ ਕਰੋ, ਮਾਇਆ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਅੰਦਰੇ ਅੰਦਰ ਗੁੱਝੀ ਮਾਰ ਮਾਰਦੀ ਹੈ। ਬਚਦਾ ਕੇਵਲ ਉਹ ਹੈ ਜੋ ਗੁਰੂ ਦੀ ਸਰਨ ਆ ਕੇ ਵਾਹਿਗੁਰੂ ਜੀ ਦਾ ਨਾਮ ਚੇਤੇ ਰੱਖਦਾ ਹੈ :

ਮਾਇ ਬਾਪ ਪੂਤ ਹਿਤ ਭ੍ਰਾਤਾ
ਉਨਿ ਘਰਿ ਘਰਿ ਮੇਲਿਓ ਦੂਆ ॥
ਕਿਸ ਹੀ ਵਾਧਿ ਘਾਟਿ ਕਿਸ ਹੀ
ਪਹਿ ਸਗਲੇ ਲਰਿ ਲਰਿ ਮੂਆ ॥

(ਧਨਾਸਰੀ ਮ. ੫/੬੭੩)

ਸੂਰਜ ਵੱਲ ਪਿੱਠ ਕਰ ਕੇ ਖਲੋ ਜਾਉ, ਆਪਣਾ ਪਰਛਾਵਾਂ ਸਾਹਮਣੇ ਦਿੱਸੇਗਾ। ਮਨੁੱਖ ਜਿਉਂ ਜਿਉਂ ਇਸ ਪਰਛਾਵੇਂ ਨੂੰ ਫੜਨ ਲਈ ਦੌੜੇਗਾ, ਪਰਛਾਵਾਂ ਅਗਾਂਹ ਅਗਾਂਹ ਦੌੜਿਆ ਜਾਏਗਾ। ਪਰ ਹੁਣ ਪਰਛਾਵੇਂ ਵੱਲ ਪਿੱਠ ਕਰ ਕੇ ਦੌੜੋ, ਪਰਛਾਵਾਂ ਭੀ ਪਿੱਛੇ ਪਿੱਛੇ ਦੌੜਿਆ ਆਵੇਗਾ।

ਮਾਇਆ ਭੀ ਜੀਵਾਂ ਨਾਲ ਕੁਝ ਇਹੋ ਜੇਹੀ ਹੀ ਖੇਡ ਕਰਦੀ ਰਹਿੰਦੀ ਹੈ। ਮਨੁੱਖ ਸਾਰੀ ਉਮਰ ਇਸ ਮਾਇਆ ਦੇ ਪਿਛੇ ਹੀ ਦੌੜ-ਭੱਜ ਕਰਦਾ ਹੈ। ਜੋੜਦਾ ਹੈ, ਰੱਜਦਾ ਨਹੀਂ ਚਿੰਤਾ ਦੇ ਹਾਉਕੇ ਬਣੇ ਹੀ ਰਹਿੰਦੇ ਹਨ। ਵਿਸਾਹ ਭੀ ਕੋਈ ਨਹੀਂ। ਕਦੇ ਲੱਖ ਕਦੇ ਕੱਖ। ਜਿਹੜਾ ਕੋਈ ਭਾਗਵਾਨ ਮਾਇਆ ਵਲੋਂ ਬੇ-ਪਰਵਾਹ ਹੋ ਕੇ ਵਾਹਿਗੁਰੂ ਜੀ ਦੀ ਯਾਦ ਵਿਚ ਜੁੜਦਾ ਤੇ ਖਲਕਤ ਦੀ ਸੇਵਾ ਕਰਦਾ ਹੈ, ਉਸਦੀ ਇਹ ਸੇਵਾ ਕਰਦੀ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਹੁ ਕਰਿ ਪਕਰੀ ਨ ਆਈ ਹਾਥਿ ॥
ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥
ਕਹੁ ਨਾਨਕ ਜਉ ਤਿਆਗਿ ਦਈ ॥
ਤਬ ਓਹ ਚਰਣੀ ਆਇ ਪਈ ॥

(ਰਾਮਕਲੀ ਮ. ੫/੮੯੧)

ਚਲਾਕ ਲੋਕ ਮੁਲੰਮੇ ਨੂੰ ਅਸਲ ਨਾਲੋਂ ਵਧੀਕ ਚਮਕੀਲਾ ਬਣਾ ਦੇਂਦੇ ਹਨ। ਗਾਹਕ ਨੂੰ ਦੋ ਚਾਰ ਦਿਨਾਂ ਪਿਛੋਂ ਹੀ ਪਤਾ ਲੱਗਦਾ ਹੈ ਕਿ ਲੁਟਿਆ ਗਿਆ। ਸ਼ੋਖ ਰੰਗਾਂ ਵਾਲੇ ਸਦਾ-ਬਹਾਰ ਫੁੱਲ ਸੁੱਚੇ ਗੁਲਾਬ ਨੂੰ ਮਾਤ ਕਰ ਦੇਂਦੇ ਹਨ। ਕਸੁੰਭੇ ਦੇ ਫੁੱਲਾਂ ਨਾਲ ਲੋਕ ਕਪੜੇ ਰੰਗਿਆ ਕਰਦੇ ਸਨ, ਰੰਗ ਬੜਾ ਸ਼ੋਖ ਹੁੰਦਾ ਸੀ, ਦੋ ਚਾਰ ਦਿਨਾਂ ਵਿਚ ਹੀ ਖਰਾਬ ਹੋ ਜਾਂਦਾ ਸੀ। ਮਾਇਆ ਦੀ ਸ਼ੋਖੀ ਮਨੁੱਖ ਦਾ ਮਨ ਭਰਮਾ ਲੈਂਦੀ ਹੈ, ਪਰ ਆਤਮਕ ਜੀਵਨ ਗਵਾਚ ਜਾਂਦਾ ਹੈ :

ਮਿਤ੍ਰੁ ਪਿਆਰਾ ਨਾਨਕ ਜੀ
ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ ॥
ਤਉ ਸਜਣ ਕੀ ਮੈ ਕੀਮਤਿ ਨ ਪਉਦੀ
ਹਉ ਤੁਧੁ ਬਿਨੁ ਅਢੁ ਨ ਲਹਦੀ ॥

(ਵਾਰ ਰਾਮਕਲੀ ਮ. ੫/੯੬੩)

ਕਾਂ ਬੜਾ ਸਿਆਣਾ ਪੰਛੀ ਹੈ। ਕਦੇ ਕਿਸੇ ਕਾਂ ਨੂੰ ਮਿਠਿਆਈ ਦਾ ਮੋਟਾ ਦਾਣਾ ਮਿਲ ਜਾਏ ਤੇ ਉਸ ਵੇਲੇ ਇਸ ਨੂੰ ਭੁੱਖ ਨਾ ਹੋਵੇ, ਤਾਂ ਉਸ ਦਾਨੇ ਨੂੰ ਲੁਕਾਉਂਦਾ ਫਿਰਦਾ ਹੈ। ਉਸ ਵੇਲੇ ਇਹ ਕਿਸੇ ਦਾ ਵਿਸਾਹ ਨਹੀਂ ਖਾਂਦਾ। ਜੇ ਉਸ ਨੂੰ ਸ਼ੱਕ ਪਏ ਕਿ ਕੋਈ ਵੇਖਦਾ ਹੈ, ਤਾਂ ਉਸ ਦਾਣੇ ਨੂੰ ਕਿਸੇ ਹੋਰ ਥਾਂ ਲੈ ਜਾਂਦਾ ਹੈ, ਤੇ ਲੁਕਾ ਦੇਂਦਾ ਹੈ। ਪਰ ਵੇਖੋ ਤਮਾਸ਼ਾ ! ਇਤਨਾ ਸਿਆਣਾ ਪੰਛੀ ਲੁਕਾਉਣ ਵੇਲੇ ਭੀ ਇਤਨੀ ਇਹਤਿਆਤ ! ਫਿਰ ਭੀ ਲੁਕਾਈ ਚੀਜ਼ ਨੂੰ ਕਾਂ ਕਦੇ ਲੱਭ ਨਹੀਂ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਦੀ ਖਿੱਚ ਬੁਰੀ ! ਭੈਣ ਭਰਾ ਮਾਂ ਪਿਉ ਸਭ ਪਾਸੋਂ ਲੁਕਾ ਲੁਕਾਕੇ ਸਾਂਭਦਾ ਹੈ, ਕੋਈ ਬੈਂਕਾਂ ਵਿਚ ਜਮ੍ਹਾਂ ਕਰਾਉਂਦਾ ਹੈ, ਕੋਈ ਮੂਰਖ ਅੰਞਾਣ ਘਰ ਵਿਚ ਹੀ ਦੱਬ ਰੱਖਦਾ ਹੈ। ਪਰ ਦੱਬੀ ਹੀ ਰਹਿ ਜਾਂਦੀ ਹੈ, ਤੇ ਆਪ ਖਾਲੀ ਉੱਠ ਤੁਰਦਾ ਹੈ :

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥
ਲੋਭਿ ਵਿਆਪੀ ਝੂਠੀ ਦੁਨੀਆ ॥
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ
ਬਾਰ ਸਗਲ ਲੇ ਛਲੀਆ ॥ (ਮਾਰੂ ਮ. ੫/੧੦੦੪)

ਛੋਟੀ ਹੋਵੇ, ਵੱਡੀ ਹੋਵੇ, ਹਰੇਕ ਮੱਛੀ ਪਾਣੀ ਤੋਂ ਵਿਛੁੜ ਕੇ ਤੜਫਦੀ ਹੈ। ਪਾਣੀ ਉਸ ਦੀ ਜਿੰਦ ਦਾ ਆਸਰਾ ਜੁ ਹੋਇਆ।

ਰੱਬ ਦੀ ਯਾਦ ਭੁਲਾ ਕੇ ਜਿਸ ਨੇ ਭੀ ਮਾਇਆ ਨੂੰ ਜਿੰਦ ਦਾ ਆਸਰਾ ਬਣਾਇਆ ਉਸੇ ਨੂੰ ਮਾਇਆ ਦੀ ਤੜਫਨੀ ਲੱਗ ਗਈ। ਅਤੀਤ ਹੋਵੇ ਚਾਹੇ ਗ੍ਰਿਹਸਤੀ, ਗਰੀਬ ਹੋਵੇ ਚਾਹੇ ਧਨਾਢ, ਸਭ ਦਾ ਹਾਲ ਇਹੋ ਜਿਹਾ ਹੁੰਦਾ ਹੈ। ਗਰੀਬ ਵੱਲ ਤੱਕੋ, ਉਸ ਨੂੰ ਹਰ ਵੇਲੇ ਰੋਟੀ ਦਾ ਸਹਸਾ ਧਨਾਢ ਨੂੰ ਜੋੜੀ ਹੋਈ ਦੀ ਹਰ ਵੇਲੇ ਰਾਖੀ ਦੀ ਚਿੰਤਾ। ਗ੍ਰਿਹਸਤ ਛੱਡ ਕੇ ਤੀਰਥਾਂ ਕੰਢੇ ਬੈਠੇ ਹੋਏ ਭੀ ਸਿਲਾਂ ਦੀ ਮਾਲਕੀ ਤੋਂ ਹੀ ਲੜ ਪੈਂਦੇ ਹਨ। ਗ੍ਰਿਹਸਤੀ ਨੂੰ ਚਿੰਤਾ ਖਾਂਦੀ ਹੈ, ਸਾਧੂ ਨੂੰ ਕ੍ਰੋਧ ਨਚਾਉਂਦਾ ਹੈ। ਜਿਸ ਨੇ ਭੀ ਵਾਹਿਗੁਰੂ ਜੀ ਦਾ ਪੱਲਾ ਛੱਡਿਆ, ਮਾਇਆ ਉਸ ਨੂੰ ਆਪਣੇ ਲੜ ਲਾ ਕੇ ਖੁਆਰ ਕਰਦੀ ਹੈ :

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥
(ਮਾਰੂ ਮ. ੫/੧੦੧੯)

ਵਰਖਾ ਦੀ ਰੁੱਤੇ ਨਦੀਆਂ ਨਾਲੇ ਛੱਪੜ ਟੋਭੇ ਸਭ ਪਾਣੀ ਨਾਲ ਭਰ ਜਾਂਦੇ ਹਨ। ਰਾਹੀਆਂ ਦੇ ਰਾਹ ਰੁਕ ਜਾਂਦੇ ਹਨ, ਹਰ ਪਾਸੇ ਚਿੱਕੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਪਾਣੀ ਹੀ ਪਾਣੀ। ਮੀਂਹ ਥੰਮ੍ਹਣ, ਧੁੱਪਾਂ ਲੱਗਣ ਤੇ ਰਾਹੀਆਂ ਦੇ ਪੈਰਾਂ ਦੀ ਪੈਛੜ ਨਾਲ ਰਸਤਿਆਂ ਵਿਚ ਛੋਟੀ ਜਿਹੀ ਪਗ-ਡੰਡੀ ਬਣਦੀ ਹੈ। ਉਸ ਪਗਡੰਡੀ ਤੇ ਭੀ ਮੁਸਾਫਿਰ ਨੂੰ ਇਹੀ ਡਰ ਰਹਿੰਦਾ ਹੈ ਕਿ ਜੇ ਕਿਤੇ ਰਤਾ ਭੀ ਅਣ-ਗਹਿਲੀ, ਨਾਲ ਪੈਰ ਤਿਲਕ ਗਿਆ ਤਾਂ ਦੁਵੱਲੀ ਦੇ ਚਿੱਕੜ ਖੋਭੇ ਵਿਚ ਡਿੱਗ ਕੇ ਕਪੜੇ ਲੀੜੇ ਚੌੜ ਹੋ ਜਾਣਗੇ।

ਮਾਇਆ ਦੇ ਹੜ੍ਹਾਂ ਵਿਚ ਭੀ ਆਤਮਕ ਪੈਂਡੇ ਦੇ ਰਾਹੀਆਂ ਦਾ ਇਹੀ ਹਾਲ ਹੁੰਦਾ ਹੈ। ਚੁਫੇਰੇ ਮੋਹ ਦੀ ਤਿਲਕਣ, ਵਿਕਾਰਾਂ ਦਾ ਚਿੱਕੜ :

ਕੂੜੀਏ ਕੂੜੀਏ ਵੈਦਿਆ ਤਲਿ ਗਾੜਾ ਮਹਰੇਰੁ ॥
ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ ॥

(ਮਾਰੂ ਵਾਰ ਮ. ੫/੧੦੯੫)

ਦਰਿਆਵਾਂ ਦੇ ਨਾਲ ਨਾਲ ਕਾਹੀ ਪਿਲਛੀ ਤੇ ਕਾਨੇ ਬਹੁਤ ਉੱਗਦੇ ਹਨ। ਇਸ ਵਾਸਤੇ ਰਾਹੀਂ ਮੁਸਾਫਿਰ ਕਾਹੀ ਪਿਲਛੀ ਆਦਿਕ ਦੀ ਰੁਕਾਵਟ ਤੋਂ ਬਚਣ ਲਈ ਆਮ ਤੌਰ ਤੇ ਦਰਿਆ ਦੇ ਕੰਢੇ ਦੇ ਸਿਰ ਉੱਤੇ ਪਗਡੰਡੀ ਬਣਾ ਲੈਂਦੇ ਹਨ। ਕੰਢਾ ਪੱਧਰਾ ਹੁੰਦਾ ਹੈ, ਤੇ ਵੇਖਣ ਨੂੰ ਪੱਕਾ ਭੀ ਜਾਪਦਾ ਹੈ। ਪਰ ਇਹ ਕੰਢਾ ਕਈ ਵਾਰੀ ਬਹੁਤ ਖ਼ਤਰਨਾਕ ਸਾਬਤ ਹੋ ਜਾਂਦਾ ਹੈ। ਉਪਰੋਂ ਤਾਂ ਇਹ ਪੱਕਾ ਦਿਸਦਾ ਹੈ, ਉਂਞ ਦਰਿਆ ਦਾ ਪਾਣੀ ਕੰਢੇ ਨੂੰ ਹੇਠੋਂ ਹੇਠੋਂ ਖੋਰਦਾ ਜਾਂਦਾ ਹੈ ਤੇ ਵੱਡੀਆਂ ਵੱਡੀਆਂ ਢਿੱਗਾਂ ਢਾਹ ਲੈਂਦਾ ਹੈ। ਕਈ ਅੰਞਾਣ ਮੁਸਾਫਿਰ ਡਿੱਗਦੀ ਢਿੱਗ ਤੇ ਨਾਲ ਹੀ ਦਰਿਆ ਦੇ ਡੂੰਘੇ ਵਹਣ ਵਿਚ ਡਿੱਗ ਪੈਂਦੇ ਹਨ ਤੇ ਜਾਨ ਗਵਾ ਲੈਂਦੇ ਹਨ।

ਮਾਇਆ ਦੇ ਮੋਹ ਦਾ ਤੇਜ਼ ਪ੍ਰਵਾਹ ਭੀ ਅੰਦਰੋਂ ਅੰਦਰ ਢਾਹ ਲਾ ਕੇ ਮਨੁੱਖ ਦੇ ਆਤਮਕ ਜੀਵਨ ਨੂੰ ਆਪਣੇ ਅੰਦਰ ਗਰਕ ਕਰ ਲੈਂਦਾ ਹੈ :

ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠੀਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੇਈ ਰਹੇ ਅਮਾਣ ਜਿਨਾ ਸਤਿਗੁਰੁ ਭੇਟਿਆ ॥

(ਮਾਰੂ ਵਾਰ ਮ. ੫/੧੦੯੭)

ਸਾਵਨ ਭਾਦੋਂ ਵਿਚ ਵਰਖਾ ਦੇ ਕਾਰਨ ਹਰੇਕ ਖੁਲ੍ਹੀ ਪਈ ਚੀਜ਼ ਸਿੱਲ੍ਹ ਜਾਂਦੀ ਹੈ, ਅੰਦਰ ਬਾਹਰ ਹਰ ਪਾਸੇ ਸਿੱਲ੍ਹ ਹੀ ਸਿੱਲ੍ਹ ਹੁੰਦੀ ਹੈ। ਘਰ ਵਿਚ ਕਿਤੇ ਗੁੜ ਦੀ ਰੋੜੀ ਨੰਗੀ ਪਈ ਰਹਿ ਜਾਏ, ਤਾਂ ਉਹ ਸਿੱਲ੍ਹ ਕੇ ਚਿੱਪ ਚਿੱਪ ਕਰਨ ਲੱਗ ਜਾਂਦੀ ਹੈ। ਉਹਨਾਂ ਦਿਨਾਂ ਵਿਚ ਘਰੇਲੂ ਮੱਖੀ ਦਾ ਭੀ ਬਹੁਤ ਜ਼ੋਰ ਹੁੰਦਾ ਹੈ। ਜਿਤਨਾ ਹੀ ਘਰਾਂ ਦੇ ਨੇੜੇ ਗੰਦ ਹੋਵੇਗਾ, ਉਤਨਾ ਹੀ ਮੱਖੀ-ਮੱਛਰ ਵਧੇਗਾ । ਮੱਖੀ ਦਾ ਨੱਕ ਬੜਾ ਤੇਜ। ਨੰਗੀ ਪਈ ਸਿੱਲ੍ਹੀ ਹੋਈ ਗੁੜ ਦੀ ਰੋੜੀ ਉੱਤੇ ਮੱਖੀਆਂ ਭਿਣ ਭਿਣ ਕਰਦੀਆਂ ਆ ਬੈਠਦੀਆਂ ਹਨ, ਤੇ ਚਿੱਪ ਚਿੱਪ ਕਰਕੇ ਗੁੜ ਨਾਲ ਉਹਨਾਂ ਦੇ ਖੰਭ ਚੰਬੜ ਜਾਂਦੇ ਹਨ। ਹਨ। ਉੱਥੇ ਹੀਮਰ ਜਾਂਦੀਆਂ ਹਨ।

ਮਾਇਆ ਚਿਪਚਿਪੇ ਗੁੜ ਦੀ ਰੋੜੀ ਸਾਮਾਨ ਹੀ ਸਮਝੋ। ਤ੍ਰਿਸ਼ਨਾ-ਮਾਰੇ ਆਉਂਦੇ ਹਨ, ਫਸਦੇ ਜਾਂਦੇ ਹਨ, ਤੇ ਆਤਮਕ ਮੌਤੇ ਮਰਦੇ ਜਾਂਦੇ ਹਨ :

ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ ॥
ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ ॥

(ਮਾਰੂ ਵਾਰ ਮ. ੫/੧੦੯੭)

ਘਰ ਵਿਚ ਜਿਥੇ ਕਿਤੇ ਭੀ ਕੂੜਾ ਕਰਕਟ ਆਦਿਕ ਦਾ ਗੰਦ ਹੋਵੇ, ਘਰੇਲੂ ਮੱਖੀ ਤੁਰਤ ਉੱਡਕੇ ਉਸ ਗੰਦ ਉੱਤੇ ਜਾ ਬੈਠਦੀ ਹੈ। ਗੰਦ ਵੱਲ ਇਸ ਮੱਖੀ ਨੂੰ ਬੜੀ ਖਿੱਚ ਹੁੰਦੀ ਹੈ। ਉਸ ਗੰਦ ਤੋਂ ਇਸ ਦੇ ਨਿੱਕੇ ਨਿੱਕੇ ਪੈਰਾਂ ਨਾਲ ਅਨੇਕਾਂ ਬੀਮਾਰੀਆਂ ਦੇ ਸੂਖਮ ਜਿਰਮ ਚੰਬੜ ਜਾਂਦੇ ਹਨ। ਉੱਥੋਂ ਉੱਡ ਕੇ ਇਹ ਰਸੋਈ ਵਿਚ ਭੀ ਪਹੁੰਚਦੀ ਹੈ, ਤੇ ਰੋਟੀ ਆਦਿਕ ਉੱਤੇ ਬੈਠ ਕੇ ਖਾਣ ਵਾਲਿਆਂ ਲਈ ਕਈ ਬੀਮਾਰੀਆਂ ਦਾ ਕਾਰਨ ਬਣਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਨੂੰ ਮੱਖੀ ਸਮਾਨ ਸਮਝੋ। ਜਿਥੇ ਕੋਈ ਮਨ ਰਤਾ ਕੁ ਭੀ ਮਲੀਨ ਹੋ ਜਾਵੇ, ਤੁਰੰਤ ਉਹ ਉੱਤੇ ਜਾ ਪ੍ਰਭਾਵ ਪਾਉਂਦੀ ਹੈ। ਉਸ ਮਨ ਨੂੰ ਹੋਰ ਡੇਗਦੀ ਹੈ, ਤੇ ਉਸ ਦੀ ਗਿਰਾਵਟ ਦਾ ਅਸਰ ਅਨੇਕਾਂ ਹੋਰਾਂ ਮਨੁੱਖਾਂ ਦੇ ਮਨਾਂ ਉੱਤੇ ਪਾ ਦੇਂਦੀ ਹੈ। ਕੋਈ ਵਿਰਲੇ ਗੁਰਮੁਖ ਇਸ ਤੋਂ ਬਚਦੇ ਹਨ :

ਮਾਖੀ ਰਾਮ ਕੀ ਤੂ ਮਾਖੀ ॥
ਜਹ ਦੁਰਗੰਧ ਤਹਾ ਤੂ ਬੈਸਹਿ
ਮਹਾ ਬਿਖਿਆ ਮਦ ਚਾਖੀ ॥ (ਸਾਰੰਗ ਮ. ੫/੧੨੨੭)

ਵਰਖਾ-ਰੁੱਤੇ ਦਰਿਆਵਾਂ ਵਿਚ ਹੜ੍ਹਾਂ ਨਾਲ ਰੁੜ੍ਹ ਕੇ ਆਈ ਚੀਕਨੀ ਮਿੱਟੀ ਤੇ ਰੇਤ ਕਿਤੇ ਕਿਤੇ ਕੰਢਿਆਂ ਦੇ ਨੇੜੇ ਥਲ ਦੀ ਥਲ ਇਕੱਠੀ ਹੋ ਜਾਂਦੀ ਹੈ, ਤੇ ਜਿੱਲ੍ਹਣ ਬਣ ਜਾਂਦੀ ਹੈ। ਇਹ ਜਿਲ੍ਹਣ ਉੱਤੋਂ ਵੇਖਿਆਂ ਤਾਂ ਸਾਧਾਰਨ ਆਠਰਿਆ ਹੋਇਆ ਰੇਤਲਾ ਥਾਂ ਹੀ ਜਾਪਦਾ ਹੈ, ਪਰ ਅੰਦਰੋਂ ਇਹ ਬਹੁਤ ਨਰਮ ਹੁੰਦੀ ਹੈ। ਓਭੜ ਰਾਹੀ ਮੁਸਾਫਿਰ ਇਸ ਦੇ ਉੱਪਰ ਪੈਰ ਧਰਦਾ ਹੈ। ਪਹਿਲਾਂ ਇਹ ਸੁਆਦਲੀ ਨਰਮ ਰੇਤਲੀ ਧਰਤੀ ਲੱਗਦੀ ਹੈ। ਪਰ ਸਹਜੇ ਸਹਜੇ ਪੈਰ ਖੁੱਭਣ ਲੱਗ ਪੈਂਦਾ ਹੈ। ਫਿਰ ਜਿਉਂ ਜਿਉਂ ਰਾਹੀ ਪੈਰ ਕੱਢਣ ਦਾ ਜਤਨ ਕਰਦਾ ਹੈ, ਤਿਉਂ ਤਿਉਂ ਹੋਰ ਵਧੀਕ ਖੁੱਭਦਾ ਜਾਂਦਾ ਹੈ। ਪਸ਼ੂ ਤਾਂ ਕਈ ਵਾਰੀ ਇਤਨੇ ਖੁੱਭ ਜਾਂਦੇ ਹਨ ਕਿ ਫਸ ਕੇ ਵਿਚੇ ਹੀ ਮਰ ਜਾਂਦੇ ਹਨ।

ਮਾਇਆ-ਮੋਹ ਦੀ ਜਿਲ੍ਹਣ ਬੜੀ ਭਿਆਨਕ ! ਸਹਜੇ ਸਹਜੇ ਮਨੁੱਖ ਦਾ ਮਨ ਅਭੋਲ ਹੀ ਖੁੱਭਦਾ ਜਾਂਦਾ ਹੈ। ਇਤਨਾ ਖੁੱਭਦਾ ਹੈ ਕਿ ਆਤਮਕ ਜੀਵਨ ਦਾ ਸਾਹ ਘੁੱਟਿਆ ਜਾਂਦਾ ਹੈ :

ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ ॥
ਨਾਨਕ ਸੇਈ ਉਬਰੇ ਜਿਨਾ ਭਾਗੁ ਮਥਾਹਿ ॥
(ਵਾਰਾਂ ਤੇ ਵਧੀਕ ਮ. ੫/੧੪੨੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਰਮੀ ਦੀ ਬਹਾਰੇ ਤਿਹਾਇਆ ਹਰਨ ਗੁਆਂਢ ਕਿਸੇ ਦਰਿਆ ਤੋਂ ਪਾਣੀ ਪੀਣ ਚੱਲ ਪੈਂਦਾ ਹੈ। ਦਰਿਆ ਦੇ ਕੰਢਿਆਂ ਦੀ ਰੇਤ ਸੂਰਜ ਦੀਆਂ ਕਿਰਨਾਂ ਨਾਲ ਚਮਕਦੀ ਹੈ। ਦੂਰੋਂ ਹਰਨ ਨੂੰ ਇਉਂ ਜਾਪਦਾ ਹੈ ਜਿਵੇਂ ਨਿਤਰਿਆ ਹੋਇਆ ਬੇਅੰਤ ਪਾਣੀ ਠਾਠਾਂ ਮਾਰ ਰਿਹਾ ਹੈ। ਤਰੇਹ ਨਾਲ ਘਾਬਰਿਆ ਹੋਇਆ ਹਰਨ ਉਸ ਦੇ ਲਿਸ਼ਕਦੇ ਪਾਣੀ ਵੱਲ ਦੌੜਦਾ ਹੈ। ਨੇੜੇ ਪੈਰਾਂ ਹੇਠਲੀ ਰੇਤ ਤਾਂ ਰੇਤ ਹੀ ਦਿੱਸਦੀ ਹੈ, ਭੁਲੇਖਾ ਪਾਉਂਦੀ ਹੈ ਦੂਰ ਦੀ ਲਿਸ਼ਕਦੀ ਰੇਤ। ਸੋ, ਉਹ ਉਸ ਠੱਗ-ਨੀਰੇ ਵੱਲ ਦੌੜਦਾ ਹੈ, ਤੇ ਠਗ-ਨੀਰ ਭੀ ਅਗਾਂਹ ਅਗਾਂਹ ਤੁਰਿਆ ਜਾਂਦਾ ਹੈ। ਹਰਨ ਵਿਚਾਰਾ ਤਪਦੀ ਰੇਤ ਤੇ ਦੌੜ ਦੌੜ ਕੇ ਜਿੰਦ ਗੁਆ ਲੈਂਦਾ ਹੈ।

ਮਾਇਆ ਦੀ ਲਿਸ਼ਕ ਬੁਰੀ ! ਆਤਮਕ ਜੀਵਨ ਨੂੰ ਇਉਂ ਸਾੜਦੀ ਹੈ ਜਿਵੇਂ ਫੱਗਣ ਦੇ ਬੱਦਲਾਂ ਦੀ ਲਿਸ਼ਕ ਛੋਲਿਆਂ ਦੀ ਫਸਲ ਨੂੰ ਸੁਆਹ ਕਰ ਦੇਂਦੀ ਹੈ :

ਮਿਰਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ ॥
ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ ॥

(ਵਾਰਾਂ ਤੇ ਵਧੀਕ ਮ. ੫/੧੪੨੫)

ਸਿਆਲ ਦੀ ਰੁੱਤੇ ਜਦੋਂ ਦਰਿਆਵਾਂ ਦਾ ਪਾਣੀ ਘੱਟਣ ਕਰਕੇ ਦਰਿਆ ਗਾਹਣ ਹੋ ਜਾਂਦੇ ਹਨ, ਤਾਂ ਰਾਹੀਂ ਮੁਸਾਫਿਰ ਬੇੜੀ ਵਿਚ ਚੜ੍ਹਨ ਦੀ ਥਾਂ ਆਪ ਹੀ ਵਿਚੋਂ ਦੀ ਲੰਘ ਜਾਂਦੇ ਹਨ। ਪਰ ਤਦੋਂ ਖਾਸ ਖਾਸ ਟਿਕਾਣੇ ਵਰਤੀਦੇ ਹਨ, ਜਿਥੇ ਰਾਹੀਆਂ ਦੇ ਲੰਘਣ ਨਾਲ ਰਸਤਾ ਰਤਾ ਪੱਕਾ ਹੋ ਜਾਂਦਾ ਹੈ। ਲਾਮਾਂ ਤੋਂ ਲੰਘਦਿਆਂ ਡਰ ਹੁੰਦਾ ਹੈ ਕਿ ਮਨੁੱਖ ਕਿਤੇ ਡੂੰਮ੍ਹ ਵਿਚ ਨ ਪੈ ਜਾਏ, ਕਿਤੇ ਖੋਭੇ ਵਿਚ ਨਾ ਫਸ ਜਾਏ। ਬਰਸਾਤੀ ਨਾਲਿਆਂ ਵਿਚੋਂ ਲੰਘਣ ਵੇਲੇ ਤਾਂ ਇਸ ਗੱਲ ਵੱਲ ਖਾਸ ਧਿਆਨ ਦੇਣਾ ਪੈਂਦਾ ਹੈ।

ਮਾਇਆ ਦੇ ਮੋਹ ਦੀ ਨਦੀ ਵਿਚੋਂ ਉਸੇ ਰਸਤੇ ਲੰਘੋ, ਜਿਥੋਂ ਦੀ ਇਸ ਨਦੀ ਦੇ ਜਾਣੂ ਤੇ ਤਾਰੂ ਲੰਘੇ ਹਨ; ਨਹੀਂ ਤਾਂ ਫਸਣ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਖ਼ਤਰਾ ਹੈ :

ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥
ਦੂਜੇ ਭਾਵੀ ਨਾਨਕਾ ਵਹਣਿ ਲੁੜੰਦੜੀ ਜਾਇ ॥
(ਵਾਰਾਂ ਤੇ ਵਧੀਕ ਮ. ੫/੧੪੨੫)

ਕਾਮ-ਵਾਸਨਾ ਦੇ ਅਧੀਨ ਹਾਥੀ ਕਾਗਜ਼ਾਂ ਦੀ ਬਣੀ ਹਥਨੀ ਉੱਤੇ ਮੋਹਿਤ ਹੋ ਕੇ ਸਦਾ ਲਈ ਪਰ-ਅਧੀਨ ਹੋ ਜਾਂਦਾ ਹੈ । ਛੋਲਿਆਂ ਦੀ ਇਕ ਮੁੱਠ ਕੁੱਜੀ ਵਿਚੋਂ ਕੱਢਣ ਦਾ ਜਤਨ ਕਰਦਾ ਬਾਂਦਰ ਪਰ-ਅਧੀਨ ਹੋ ਕੇ ਘਰ ਘਰ ਨੱਚਦਾ ਫਿਰਦਾ ਹੈ । ਚੋਗੇ ਦੇ ਲਾਲਚ ਪਿੱਛੇ ਤੋਤਾ ਨਲਿਨੀ ਵਿਚ ਫਸ ਕੇ ਸਦਾ ਲਈ ਪਿੰਜਰੇ ਵਿਚ ਕੈਦ ਹੋ ਜਾਂਦਾ ਹੈ । ਕਾਮਾਦਿਕ ਵਿਕਾਰਾਂ ਦੇ ਢਹੇ ਚੜ੍ਹੇ ਹੋਏ ਮਨੁੱਖ ਦਾ ਆਤਮਕ ਜੀਵਨ ਸਦਾ ਦੱਬਿਆ ਰਹਿੰਦਾ ਹੈ :

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ
ਚਲਤੁ ਰਚਿਓ ਜਗਦੀਸ ॥
ਕਾਮ ਸੁਆਇ ਗਜ ਬਸਿ ਪਰੇ
ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥
ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥
ਨਿਰਭੈ ਹੋਇ ਨ ਹਰਿ ਭਜੈ ਮਨ ਬਉਰਾ ਰੇ
ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥

ਮਰਕਟ ਮੁਸਟੀ ਅਨਾਜ ਕੀ
ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ
ਨਾਚਿਓ ਘਰ ਘਰ ਬਾਰਿ ॥੨॥
ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ
ਮਾਯਾ ਇਹੁ ਬਿਉਹਾਰੁ ॥ (ਗਉੜੀ ਕਬੀਰ ਜੀ/੩੩੫)

ਪਿਆਸ ਨਾਲ ਘਬਰਾਏ ਹੋਏ ਹਰਨ ਨੂੰ ਸੂਰਜ ਦੀ ਤਪਸ਼ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਮਕਦੀ ਰੇਤ ਪਾਣੀ ਨਾਲ ਭਰਿਆ ਹੋਇਆ ਸਰੋਵਰ ਜਾਪਦੀ ਹੈ। ਇਸ ਠਗ-ਨੀਰੇ ਦੇ ਪਿਛੇ ਦੌੜ ਦੌੜ ਕੇ ਹਰਨ ਜਿੰਦ ਗਵਾ ਲੈਂਦਾ ਹੋ।

ਵਿਸ਼ਿਆਂ ਦੀ ਤ੍ਰਿਸ਼ਨਾ ਮਾਇਆ-ਵੇੜੇ ਮਨੁੱਖ ਨੂੰ ਭਟਕਾ ਭਟਕਾ ਕੇ ਉਸ ਦੇ ਆਤਮਕ ਜੀਵਨ ਨੂੰ ਮੁਕਾ ਦੇਂਦੀ ਹੈ :

ਠਠਾ ਇਹੈ ਦੂਰਿ ਠਗ ਨੀਰਾ ॥
ਨੀਠਿ ਮਨੁ ਕੀਆ ਧੀਰਾ ॥
ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥
ਸੋ ਠਗੁ ਠਗਿਆ ਠਉਰ ਮਨੁ ਆਵਾ ॥

(ਗਉੜੀ ਕਬੀਰ ਜੀ ੩੪੧)

ਅਜਾਇਬ-ਘਰਾਂ ਵਿਚ ਸ਼ੀਸ਼ੇ ਦੀਆਂ ਅਲਮਾਰੀਆਂ ਵਿਚ ਬੰਦ ਰੱਖੇ ਹੋਏ ਸੱਪ ਦੇਖੋ, ਕਈ ਰੰਗਾਂ ਦੇ ਕਈ ਕਿਸਮਾਂ ਦੇ। ਬੜੇ ਹੀ ਸੋਹਣੇ ਹੁੰਦੇ ਹਨ। ਸੱਪ ਦੀ ਸੁੰਦਰਤਾ ਜਗਤ-ਪ੍ਰਸਿਧ ਹੈ। ਪਰ ਸੱਪ ਮਨੁੱਖ ਦਾ ਬੜਾ ਹੀ ਖ਼ਤਰਨਾਕ ਵੈਰੀ ਹੈ। ਕਲਰਾਤੀ ਧਰਤੀ ਦਾ ਸੱਪ ਇਤਨਾ ਜ਼ਹਿਰੀਲਾ ਹੁੰਦਾ ਹੈ ਕਿ ਉਸ ਦਾ ਡੰਗਿਆ ਹੋਇਆ ਬੰਦਾ ਉਥੇ ਹੀ ਢੇਰੀ ਹੋ ਜਾਂਦਾ ਹੈ।

ਮਾਇਆ ਵੇਖਣ ਨੂੰ ਬੜੀ ਸੋਹਣੀ ਹੁੰਦੀ ਹੈ। ਇਸ ਦੇ ਅਨੇਕਾਂ ਰੂਪ, ਧਨ, ਇਸਤ੍ਰੀ, ਪੁਤ੍ਰ, ਐਸ਼੍ਵਰਯ ਆਦਿਕ । ਪਰ ਮੋਹ ਦਾ ਐਸਾ ਤੇਜ਼ ਡੰਗ ਮਾਰਦੀ ਹੈ ਕਿ ਆਤਮਕ ਜੀਵਨ ਉੱਥੇ ਹੀ ਫੁੜਕ ਪੈਂਦਾ ਹੈ :

ਸਰਪਨੀ ਤੇ ਊਪਰਿ ਨਹੀ ਬਲੀਆ ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥

(ਆਸਾ ਕਬੀਰ ਜੀ ੪੮੦)

ਮੁਟਿਆਰ ਵਿਆਹੀ ਜਾ ਕੇ ਸਹੁਰੇ ਘਰ ਪਹੁੰਚਦੀ ਹੈ। ਉੱਥੇ ਸੱਸ ਸਹੁਰਾ, ਜੇਠ, ਦਿਓਰ, ਜਿਠਾਣੀਆਂ, ਦਰਾਣੀਆਂ, ਨਨਾਣਾਂ ਆਦਿਕ ਕਈ ਨਵੇਂ ਸਾਕਾਂ ਸੰਬੰਧੀਆਂ ਨਾਲ ਉਸ ਨੂੰ ਵਾਹ ਪੈਂਦਾ ਹੈ। ਇਹ ਸਾਰੇ ਨਵੇਂ ਸਾਕ ਉਸ ਦਾ ਤਦੋਂ ਹੀ ਆਦਰ ਸਤਿਕਾਰ ਕਰਦੇ ਹਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਉਹ ਆਪਣੇ ਪਤੀ ਦੀ ਪ੍ਰਸੰਨਤਾ ਦੀ ਖਾਤਰ ਬਣ ਸਕੇ। ਨਹੀਂ ਤਾਂ ਸਾਰੇ ਸਾਕ ਲਾਗੂ ਹੋ ਜਾਂਦੇ ਹਨ।

ਇਹ ਜਿੰਦ-ਵਹੁਟੀ ਨੇ ਪਤੀ-ਪ੍ਰਭੂ ਨੂੰ ਵਿਸਾਰ ਦਿੱਤਾ, ਉਸ ਦਾ ਆਪਣਾ ਸਰੀਰ ਹੀ ਹਰ ਵੇਲੇ ਵਧੂੰ ਵਧੂੰ ਪਿਆ ਕਰਦਾ ਹੈ, ਹਰ ਵੇਲੇ ਨਵੇਂ ਨਵੇਂ ਭੋਗ ਮੰਗਦਾ ਰਹਿੰਦਾ ਹੈ, ਉਸ ਦੀ ਸਾਰੀ ਉਮਰ ਪੰਜਾਂ ਨਾਲ ਝਗੜਦਿਆਂ ਹੀ ਗੁਜਰਦੀ ਹੈ। ਮਾਇਆ ਦਾ ਦਬਾਉ ਸਦਾ ਉਸ ਉੱਤੇ ਟਿਕਿਆ ਰਹਿੰਦਾ ਹੈ :

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ॥
ਕਿਨ ਬਿਧਿ ਰਹਨਿ ਰਹਉ ਰੇ ॥
ਸੇਜੈ ਰਮਤੁ ਨੈਨ ਨਹੀ ਪੇਖਉ
ਇਹੁ ਦੁਖੁ ਕਾ ਸਉ ਕਹਉ ਰੇ ॥

(ਆਸਾ ਕਬੀਰ ਜੀ/੪੮੨)

ਪਤੰਗੇ ਨੂੰ ਦੀਵੇ ਦੀ ਲਾਟ ਵੇਖਣ ਦਾ ਚਸਕਾ ਹੈ। ਸਾਵਣ ਦੇ ਮਹੀਨੇ ਪਤੰਗੇ ਧਰਤੀ ਵਿਚੋਂ ਨਿਕਲਦੇ ਹਨ। ਸ਼ਾਮ ਵੇਲੇ ਦੀਵੇ ਜਗਦਿਆਂ ਹੀ ਅਨੇਕਾਂ ਉੱਡ ਉੱਡ ਕੇ ਦੀਵੇ ਦੀ ਲਾਟ ਨੂੰ ਨੇੜੇ ਹੋ ਹੋ ਕੇ ਵੇਖਦੇ ਹਨ। ਮੂਰਖ ਪਤੰਗੇ ਨੂੰ ਇਹ ਸਮਝ ਨਹੀਂ ਕਿ ਅੱਗ ਦੇ ਨੇੜੇ ਗਿਆਂ ਅੱਗ ਸਾੜ ਦੇਵੇਗੀ। ਅੱਖਾਂ ਦੇ ਵਿਸ਼ੇ ਵਿਚ ਫਸਿਆ ਪਤੰਗਾ ਜਾਨ ਗਵਾ ਲੈਂਦਾ ਹੈ।

ਮਨੁੱਖ ਧਨ ਤੇ ਇਸਤ੍ਰੀ ਦੇ ਮੋਹ ਵਿਚ ਗਲਤਾਨ ਹੋ ਜਾਂਦਾ ਹੈ। ਮੂਰਖ ਨੂੰ ਇਹ ਸੋਚ ਨਹੀਂ ਭੁੱਲਦੀ ਕਿ ਇਸ ਰਸ ਦੇ ਕਾਰਨ ਆਤਮਕ ਜੀਵਨ ਦੀ ਮੌਤ ਹੁੰਦੀ ਜਾ ਰਹੀ ਹੈ। ਮਾਇਆ ਦਾ ਪ੍ਰਭਾਵ ਬੜਾ ਪ੍ਰਬਲ ਹੈ :

ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥

(ਆਸਾ ਕਬੀਰ ਜੀ/੪੮੨)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੋਰੀ ਦਾ ਇਤਿਹਾਸ ਸ਼ਾਇਦ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋਇਆ ਹੈ। ਜਿਉਂ ਜਿਉਂ ਮਨੁੱਖ ਹੁਸ਼ਿਆਰ ਹੁੰਦਾ ਜਾ ਰਿਹਾ ਹੈ ਤਿਉਂ ਤਿਉਂ ਚੋਰੀ ਠੱਗੀ ਕਮਾਲ ਦੀ ਹੁਸ਼ਿਆਰੀ ਨਾਲ ਹੋਣ ਲੱਗ ਪਈ ਹੈ। ਰਾਤ ਨੂੰ ਸੁੱਤੇ ਪਏ ਲੋਕਾਂ ਦੇ ਘਰੀਂ ਸੰਨ੍ਹ ਲੱਗ ਜਾਣੀ ਤਾਂ ਸਾਧਾਰਨ ਜਿਹੀ ਗੱਲ ਹੈ। ਹੁਸ਼ਿਆਰ ਠੱਗ ਚੁਸਤ ਚਲਾਕ ਬੰਦਿਆਂ ਤੋਂ ਭੀ ਦਿਨ-ਦਿਹਾੜੇ ਉਨ੍ਹਾਂ ਦੇ ਹੱਥਾਂ ਚੋਂ ਹੀ ਮਾਲ ਲੈ ਜਾਂਦੇ ਹਨ। ਕਿਤੇ ਪਿੱਤਲ ਨੂੰ ਸੋਨਾ ਬਣਾ ਕੇ ਵਿਖਾਇਆ ਜਾਂਦਾ ਹੈ, ਕਿ ਤੇ ਰੁਪਏ ਦੂਣੇ ਕਰਨ ਦੀ ਲਾਲਸਾ ਦਿੱਤੀ ਜਾਂਦੀ ਹੈ, ਕਿਤੇ ਕਾਗਜ਼ਾਂ ਤੋਂ ਨੋਟ ਬਨਾਉਣ ਦਾ ਚਕਮਾ ਦਿੱਤਾ ਜਾਂਦਾ ਹੈ।

ਧਰਮ-ਪੁਸਤਕਾਂ ਪੜ੍ਹਕੇ ਮਨੁੱਖ ਆਪਣੇ ਵਲੋਂ ਪੰਡਿਤ ਗਿਆਨੀ ਬਣ ਜਾਂਦਾ ਹੈ, ਹੋਰਨਾਂ ਨੂੰ ਧਰਮ ਦਾ ਰਸਤਾ ਵਿਖਾਂਦਾ ਹੈ! ਪਰ ਉਸ ਦਾ ਆਪਣਾ ਮਨ ਵਿਦਿਆ ਦੇ ਮਾਣ ਵਿਚ ਹਾਥੀ ਸਮਾਨ ਹੋ ਜਾਂਦਾ ਹੈ, ਰੱਬ ਨੂੰ ਮਿਲਣਾ ਸੀ ਨਿਮ੍ਰਤਾ ਧਾਰ ਕੇ, ਉਹ ਕਿਤੇ ਨੇੜੇ ਨਹੀਂ ਢੁਕਦੀ। ਆਪਣੇ ਵਲੋਂ ਜਾਗਦਾ ਹੀ ਆਤਮਿਕ ਰਾਸ ਪੂੰਜੀ ਲੁਟਾ ਲੈਂਦਾ ਹੈ:

ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥
ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥
(ਰਾਮਕਲੀ ਕਬੀਰ ਜੀ/੯੭੨)

ਸ਼ਹਿਦ ਦੀਆਂ ਮੱਖੀਆਂ ਸਾਰਾ ਦਿਨ ਫੁੱਲਾਂ ਦੇ ਰਸ ਵਿਚੋਂ ਸ਼ਹਿਦ ਲੈ ਲੈ ਕੇ ਛੱਤੇ ਵਿਚ ਇਕੱਠਾ ਕਰਦੀਆਂ ਹਨ। ਮਨੁੱਖ ਛੱਤੇ ਵਿਚੋਂ ਸਾਰਾ ਸ਼ਹਿਦ ਨਿਚੋੜ ਲੈਂਦਾ ਹੈ, ਉਹ ਵਿਚਾਰੀਆਂ ਤੱਕਦੀਆਂ ਰਹਿ ਜਾਂਦੀਆਂ ਹਨ। ਗਾਂ ਆਪਣੇ ਵੱਛੇ ਵਾਸਤੇ ਦੁੱਧ ਆਪਣੇ ਥਣਾਂ ਵਿਚ ਇਕੱਠਾ ਕਰਦੀ ਹੈ, ਗੁੱਜਰ ਉਹ ਸਾਰਾ ਦੁੱਧ ਚੋ ਲੈਂਦਾ ਹੈ।

ਕੈਸੀ ਮੌਜ ਨਾਲ ਮੱਛੀ ਖੁਲ੍ਹੇ ਪਾਣੀਆਂ ਵਿਚ ਤਾਰੀਆਂ ਲਾਉਂਦੀ ਰਹਿੰਦੀ ਹੈ, ਪਰ ਜੀਭ ਦਾ ਚਸਕਾ ਬੁਰਾ! ਕੁੰਡੀ ਵਿਚ ਫਸ ਕੇ ਜਾਨ ਗਵਾ ਲੈਂਦੀ ਹੈ। ਤ੍ਰਿਸ਼ਨਾ ਅਧੀਨ ਹੋ ਕੇ ਮਨੁੱਖ ਦਿਨ ਰਾਤ ਧਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋੜਦਾ ਰਹਿੰਦਾ ਹੈ। ਆਖਿਰ ਧਨ ਧਰਤੀ ਵਿਚ ਹੀ ਦੱਬਿਆ ਹੀ ਪਿਆ ਰਹਿ ਜਾਂਦਾ ਹੈ, ਤੇ ਮਨੁੱਖ ਦਾ ਸਰੀਰ ਮਿੱਟੀ ਵਿਚ ਮਿਲ ਜਾਂਦਾ ਹੈ :

ਜਿਉ ਮਧੁ ਮਾਖੀ ਸੰਚੈ ਅਪਾਰ ॥ ਮਧੁ ਲੀਨੋ ਮੁਖਿ ਦੀਨੀ ਛਾਰੁ ॥
ਗਊ ਬਾਛ ਕਉ ਸੰਚੈ ਖੀਰੁ ॥ ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥
ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥ ਸੋ ਮਾਇਆ ਲੈ ਗਾਡੈ ਧਰੈ ॥
ਅਤਿ ਸੰਚੈ ਸਮਝੈ ਨਹੀ ਮੂੜ ॥ ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥
(ਸਾਰੰਗ ਨਾਮਦੇਵ ਜੀ ੧੨੫੨)

ਖੂਹ ਵਿਚ ਵੱਸਦੇ ਡੱਡੂਆਂ ਨੂੰ ਉਹ ਖੂਹ ਹੀ ਸਾਰੀ ਦੁਨੀਆਂ ਪ੍ਰਤੀਤ ਹੁੰਦੀ ਹੈ।

ਸੁਆਰਥ ਦੀ ਤੰਗਦਿਲੀ ਵਿਚ ਫਸਿਆ ਮਨੁੱਖ ਆਪਣੇ ਤੇ ਆਪਣੇ ਨਿੱਕੇ ਜਿਹੇ ਪਰਿਵਾਰ ਦੇ ਹਿੱਤਾਂ ਤੋਂ ਵਧੀਕ ਨਹੀਂ ਸੋਚ ਸਕਦਾ:

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥
(ਗਉੜੀ ਰਵਿਦਾਸ ਜੀ ੩੪੬)

ਕਿਸੇ ਨਦੀ ਦਾ ਪਾਣੀ ਕੰਢਿਆਂ ਤੋਂ ਉੱਛਲ ਕੇ ਕਿਸੇ ਟੋਏ ਵਿਚ ਪੈ ਜਾਵੇ ਤੇ ਨਦੀ ਨਾਲੋਂ ਸਬੰਧ ਟੁੱਟ ਜਾਏ ਤਾਂ ਕੁਝ ਦਿਨਾਂ ਮਗਰੋਂ ਉਹ ਪਾਣੀ ਗੰਦਾ ਹੋ ਜਾਂਦਾ ਹੈ, ਉਸ ਵਿਚ ਕੀੜੇ ਪੈ ਜਾਂਦੇ ਹਨ। ਭਖਦਾ ਕੋਲਾ ਅੱਗ ਵਿਚੋਂ ਬਾਹਰ ਕੱਢ ਦਿਉ, ਬੁਝ ਕੇ ਕਾਲਾ ਹੋ ਜਾਏਗਾ। ਬਸੰਤ ਰੁੱਤੇ ਜਦੋਂ ਅੰਬਾਂ ਨੂੰ ਬੂਰ ਪੈਂਦਾ ਹੈ, ਕੋਇਲ ਆ ਕੇ ਅੰਬਾਂ ਉੱਤੇ ਬੈਠਦੀ ਹੈ ਤੇ 'ਕੂ ਕੂ' ਕਰਦੀ ਹੈ। ਉਸ ਦੀ ਸੁਰ ਬੜੀ ਬੈਰਾਗ ਭਰੀ ਹੁੰਦੀ। ਇਉਂ ਜਾਪਦਾ ਹੈ ਜਿਵੇਂ ਆਪਣੇ ਪ੍ਰੀਤਮ ਦੇ ਵਿਛੋੜ ਵਿਚ ਰੋ ਰਹੀ ਹੈ। ਕੋਇਲ ਦਾ ਰੰਗ ਭੀ ਕਾਲਾ ਹੈ। ਕਵੀਆ ਨੂੰ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਵਿਛੋੜੇ ਨੇ ਉਸ ਨੂੰ ਸਾੜ ਕੇ ਕਾਲੀ ਕਰ ਦਿੱਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਹਿਗੁਰੂ-ਚਰਨਾਂ ਤੋਂ ਵਿਛੜੇ ਪ੍ਰਾਣੀ ਦਾ ਹਿਰਦਾ ਵਿਕਾਰਾਂ ਨਾਲ ਮਾਨੋ ਕਾਲਾ ਹੋ ਜਾਂਦਾ ਹੈ। ਜ਼ਿੰਦਗੀ ਦਾ ਰਸਤਾ ਬੜਾ ਬਿਖੜਾ ਬਣ ਜਾਂਦਾ ਹੈ, ਕਦਮ ਕਦਮ ਤੇ ਠੋਕਰਾਂ ਕਦਮ-ਕਦਮ ਤੇ ਚਿੰਤਾ ਫਿਕਰ ਤੇ ਹਾਉਕੇ :

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥

(ਸੂਹੀ ਸੇਖ ਫਰੀਦ ਜੀ ੭੯੪)

ਕਿਸੇ ਮਕਾਨ ਨੂੰ ਅੱਗ ਲੱਗ ਜਾਏ ਤਾਂ ਗੁਆਂਢੀ ਆ ਕੇ ਉੱਦਮ ਨਾਲ ਬੁਝਾ ਜਾਂਦੇ ਹਨ। ਪਰ ਜੇ ਘਰ ਦੇ ਮਾਲਕ ਨੂੰ ਪਤਾ ਹੀ ਨਾ ਲੱਗੇ, ਤੇ ਉਹ ਅੰਦਰ ਹੀ ਸੁੱਤਾ ਰਹੇ ਤਾਂ ਗੁਆਂਢੀਆਂ ਨੂੰ ਤਦੋਂ ਹੀ ਪਤਾ ਲੱਗਦਾ ਹੈ ਜਦੋਂ ਸਾਰਾ ਘਰ ਬਲ ਉੱਠੇ। ਘਰ ਦਾ ਮਾਲਕ ਭੀ ਅੰਦਰ ਹੀ ਸੜ ਕੇ ਸੁਆਹ ਹੋ ਜਾਂਦਾ ਹੈ।

ਮਾਇਆ ਦਾ ਮੋਹ ਬੜੀ ਖ਼ਤਰਨਾਕ ਗੁੱਝੀ ਅੱਗ ਹੈ, ਇਸ ਦਾ ਪਤਾ ਨਹੀਂ ਲੱਗਦਾ। ਅੰਦਰੋ ਅੰਦਰ ਮਨੁੱਖ ਦੇ ਆਤਮਕ ਜੀਵਨ ਨੂੰ ਸਾੜ ਦੇਂਦੀ ਹੈ। ਫਿਰ ਇਹ ਮੋਹ ਇਤਨਾ ਮਿੱਠਾ ਹੀ ਲੱਗਦਾ ਹੈ ਕਿ ਇਸ ਦੀ ਪੋਟਲੀ ਸੁੱਟਣ ਨੂੰ ਭੀ ਜੀ ਨਹੀਂ ਕਰਦਾ। ਇਨਸਾਨ ਗਿਲ੍ਹੇ-ਗੁਜ਼ਾਰੀ ਭੀ ਕਰਦਾ ਹੈ ਤੇ ਪੰਡ ਸਿਰ ਉੱਤੇ ਚੁੱਕੀ ਭੀ ਰੱਖਦਾ ਹੈ :

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥

(ਸਲੋਕ ਫ਼ਰੀਦ ਜੀ ੧੩੭੮)

ਮਾਣ ਕੂੜਾ

ਜਗਤ ਵਿਚ ਮਨੁੱਖ ਦੀ ਜ਼ਿੰਦਗੀ ਰੈਣ-ਬਸੇਰੇ ਵਾਂਗ ਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਥੇ ਜੋੜਿਆ ਧਨ ਇਥੇ ਹੀ ਰਹਿ ਜਾਂਦਾ ਹੈ। ਫਿਰ ਭੀ ਉਹ ਮਨੁੱਖ ਇਹ ਮੂਰਖਤਾ ਕਰਦਾ ਚਲਾ ਆ ਰਿਹਾ ਹੈ :

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥
ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥
(ਵਾਰ ਸੂਹੀ ਮ. ੨/੭੮੭)

ਖੂਹ ਵਿਚ ਵਹਾਈ ਹੋਈ ਲੱਜ ਨੂੰ ਉੱਤੇ ਸਿਰੇ ਤੋਂ ਜੇ ਚੂਹਾ ਨਿੱਤ ਸਹਜੇ ਸਹਜੇ ਕੁਤਰਦਾ ਰਹੇ, ਤਾਂ ਉਸ ਲੱਜ ਦਾ ਕੀ ਭਰਵਾਸਾ ? ਆਖਰ ਟੁੱਟ ਕੇ ਖੂਹ ਵਿਚ ਜਾ ਪਏਗੀ।

ਸਾਵਣ ਦੀ ਸਿਲ੍ਹ ਵਿਚ ਚਿਪ ਚਿਪ ਕਰਦੇ ਗੁੜ ਉੱਤੇ ਮੱਖੀ ਆ ਬੈਠਦੀ ਹੈ। ਉਸ ਦੇ ਪੈਰ ਦੇ ਖੰਡ ਗੁੜ ਦੇ ਨਾਲ ਹੀ ਚੰਬੜ ਜਾਂਦੇ ਹਨ। ਮੱਖੀ ਉੱਥੇ ਹੀ ਜਿੰਦ ਗਵਾ ਲੈਂਦੀ ਹੈ।

ਮਨੁੱਖ ਸਾਰੀ ਉਮਰ ਮਾਇਆ ਦੇ ਮਿੱਠੇ ਮੋਹ ਵਿਚ ਫਸਿਆ ਰਹਿੰਦਾ ਹੈ, ਤੇ ਉਧਰੋਂ ਉਮਰ ਸਹਜੇ ਸਹਜੇ ਖ਼ਤਮ ਹੋ ਕੇ ਜੀਵਨ-ਬਾਜੀ ਹਰ ਜਾਂਦੀ ਹੈ :

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥
ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥
ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ
ਲਗਿ ਮਾਖੀ ਪਚੈ ਪਚਾਇ ॥ (ਸਿਰੀ ਰਾਗੁ ਮ. ੧/੪੧)

ਧਨ ਪਦਾਰਥ ਮਹਲ ਮਾੜੀਆਂ ਹਾਥੀ ਘੋੜੇ ਇਹਨਾਂ ਨਾਲ ਸਾਥ ਚਾਰ ਦਿਨਾਂ ਦਾ ਹੀ ਹੁੰਦਾ ਹੈ। ਜਿੰਦ ਦਾ ਅਸਲੀ ਸਾਥੀ ਵਾਹਿਗੁਰੂ ਜੀ ਦਾ ਨਾਮ ਹੈ :

ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥
ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਇ ॥
(ਵਾਰ ਸੋਰਠਿ ਮ. ੪/੬੪੮)

ਕਿਸਾਨ ਆਪਣੇ ਖੇਤ ਵਿਚ ਕਣਕ ਆਦਿਕ ਬੀਜਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਧਾਰਨ ਤੌਰ ਤੇ ਤਾਂ ਇਹੀ ਸਿਧਾਂਤ ਮੰਨਿਆ ਜਾਂਦਾ ਹੈ ਕਿ ਪੱਕਣ ਤੇ ਫਸਲ ਵੱਢਿਆ ਜਾਏਗਾ। ਪਰ ਕਈ ਵਾਰੀ ਲੋੜ ਅਨੁਸਾਰ ਕਿਸਾਨ ਹਰੀ ਖੇਤੀ ਹੀ ਵੱਢ ਲੈਂਦਾ ਹੈ। ਖੇਤੀ ਇਸ ਮਾਮਲੇ ਵਿਚ ਇਨਕਾਰ ਨਹੀਂ ਕਰ ਸਕਦੀ। ਇਸ ਭੁਲੇਖੇ ਵਿਚ ਰਹਿਣਾ ਭੁੱਲ ਹੈ ਕਿ ਮੌਤ ਬਿਰਧ ਉਮਰੇ ਹੀ ਆਵੇਗੀ। ਆਤਮਕ ਜੀਵਨ ਦੀ ਪ੍ਰਫੁੱਲਤਾ ਵਾਸਤੇ ਕਦੇ ਭੀ ਟਾਲ-ਮਟੋਲਾ ਨਹੀਂ ਕਰਨਾ ਚਾਹੀਦਾ :

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ ॥
ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ ॥
ਜਾ ਹੋਆ ਹੁਕਮੁ ਕਿਰਸਾਣ ਦਾ ਤਾ
ਲੁਣਿ ਮਿਣਿਆ ਖੇਤਾਰੁ ॥ (ਸਿਰੀ ਰਾਗੁ ਮ. ੫/੪੩)

ਬੱਕਰੀਆਂ ਘੋੜੀਆਂ ਖੋਤੀਆਂ ਆਦਿਕ ਪਸ਼ੂਆਂ ਦੇ ਛੋਟੇ ਬੱਚੇ ਵੇਖੋ ਟੱਪਦੇ ਕਲੋਲ ਕਰਦੇ ਕੈਸੇ ਸੋਹਣੇ ਲੱਗਦੇ ਹਨ! ਇਸੇ ਤਰ੍ਹਾਂ ਚਿੜੀਆਂ ਕਬੂਤਰ ਆਦਿਕ ਪੰਛੀ ਟਪੋਸਣੀਆਂ ਮਾਰਦੇ ਮਨ ਨੂੰ ਭਾਉਂਦੇ ਹਨ। ਕਦੇ ਕਿਸੇ ਨੂੰ ਮੌਤ ਚੇਤੇ ਨਹੀਂ ਹੁੰਦੀ।

ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਭੀ ਟੱਪਦਾ ਫਿਰਦਾ ਹੈ। ਮੌਤ ਅਡੋਲ ਹੀ ਆ ਦਬੋਚਦੀ ਹੈ :

ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥
ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥
ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥
(ਸਿਰੀ ਰਾਗੁ ਮ. ੫/੪੩)

ਸੁਪਨੇ ਵਿਚ ਕਈ ਵਾਰੀ ਬੜੇ ਰੰਗ ਤਮਾਸ਼ੇ ਵੇਖੀਦੇ ਹਨ। ਸਾਰਾ ਦਿਨ ਮਿਹਨਤ ਮਜ਼ੂਰੀ ਕਰ ਕੇ ਥੱਕੇ ਹੋਏ ਗਰੀਬ ਨੂੰ ਰਾਤ ਸੁੱਤਿਆਂ ਸੁਪਨੇ ਵਿਚ ਜੇ ਧਨ ਲੱਭ ਪਏ, ਰਾਜ ਮਿਲ ਜਾਏ, ਉਸ ਦੇ ਦਿਲ ਦੀ ਉਸ ਵੇਲੇ ਦੀ ਖੁਸ਼ੀ ਉਹੀ ਜਾਣਦਾ ਹੈ। ਪਰ ਸਵੇਰੇ ਜਦੋਂ ਉੱਠ ਕੇ ਆਪਣੇ ਚੁਫੇਰੇ ਉਹੀ ਪੁਰਾਣੀ ਭੁੱਖ ਨੰਗ ਵੇਖਦਾ ਹੈ, ਤਾਂ ਉਸ ਦਾ ਦਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਿ ਜਾਂਦਾ ਹੈ, ਉਸ ਦੇ ਅੰਦਰੋਂ ਹਉਕਾ ਨਿਕਲਦਾ ਹੈ।

ਵਿਗਾਰੇ ਫੜ ਕੇ ਸਿਰ ਉੱਤੇ ਰੁਪਇਆਂ ਦੀ ਥੈਲੀ ਚੁਕਾ ਦਿਉ, ਉਸ ਵਿਚਾਰੇ ਨੂੰ ਇਸ ਦਾ ਕੀਹ ਲਾਭ ! ਕਿਸੇ ਕੰਮੀ ਨੂੰ ਰਾਖਾ ਖੇਤ ਵਿਚ ਬਿਠਾ ਦੇਵੇ ਤਾਂ ਉਸ ਰਾਖੇ ਨੂੰ ਲਹਿ ਲਹਿ ਕਰਦੇ ਖੇਤਾਂ ਦੀ ਕਾਹਦੀ ਖੁਸ਼ੀ ?

ਮਾਇਆ ਦਾ ਮਾਣ ਝੂਠਾ। ਸੁਪਨੇ ਦੀ ਖੇਡ ਹੀ ਹੈ। ਖਾਲੀ-ਹੱਥ ਮਨੁੱਖ ਤੁਰ ਪੈਂਦਾ ਹੈ :

ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥
ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥
ਜਿਉ ਸੁਪਨੈ ਹੋਇ ਬੈਸਤ ਰਾਜਾ ॥
ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥

(ਗਉੜੀ ਮ. ੫/੧੭੯)

ਪੁੱਤਰ ਇਸਤ੍ਰੀ ਸੋਨਾ ਚਾਂਦੀ ਘੋੜੇ ਮਹਲ ਮਾੜੀਆਂ ਸਭਨਾਂ ਨਾਲੋਂ ਅੰਤ ਨੂੰ ਸਾਥ ਛੁੱਟ ਜਾਂਦਾ ਹੈ। ਹੋਰ ਤਾਂ ਹੋਰ ਕਿਤੇ ਰਹੇ ਇਹ ਨਾਲ ਜੰਮਿਆ ਸਰੀਰ ਭੀ ਇਥੇ ਹੀ ਰਹਿ ਜਾਂਦਾ ਹੈ। ਮਾਇਆ ਦੀ ਮਮਤਾ ਝੂਠੀ :

ਸੁਤ ਬਨਿਤਾ ਆਪਨ ਨਹੀ ਭਾਈ ॥
ਇਸਟ ਮੀਤ ਆਪ ਬਾਪੁ ਨਾ ਮਾਈ ॥ (ਗਉੜੀ ਮ. ੫/੧੮੭)

ਜੂਏ ਦੀ ਹਾਰ ਬੁਰੀ ! ਜੁਆਰੀਆ ਜਿਉਂ ਜਿਉਂ ਜੂਏ ਦੇ ਦਾਅ ਹਾਰਦਾ ਹੈ ਤਿਉਂ ਤਿਉਂ ਉਸ ਦੇ ਅੰਦਰ ਜੂਆ ਖੇਡਣ ਦੀ ਹੋਰ ਅੱਗ ਮੱਚਦੀ ਹੈ। ਇਹੀ ਹਾਲ ਹੈ ਤ੍ਰਿਸ਼ਨਾ ਦਾ। ਕਦੇ ਮੁੱਕਦੀ ਨਹੀਂ। ਉਧਰੋਂ ਸਰੀਰ ਜਵਾਬ ਦੇ ਜਾਂਦਾ ਹੈ :

ਬੇਬਰਜਤ ਬੇਦ ਸੰਤਨਾ ॥ ਉਆਹੂ ਸਿਉ ਰੇ ਹਿਤਨੋ ॥
ਹਾਰ ਜੁਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥

(ਗਉੜੀ ਮ. ੫/੨੧੨)

CC-0. In Public Domain. Gurukul Kangri Collection, Haridwar

ਕਿਸੇ ਤੁਰੇ ਜਾਂਦੇ ਰਾਹੀ ਮੁਸਾਫ਼ਿਰ ਨਾਲ ਪਾਏ ਪਿਆਰ ਦੀ ਕੀਹ Digitized by Arya Samaj Foundation Chennai and eGangotri ਪਾਂਇਆਂ ? ਰੁੱਖ ਦੀ ਛਾਂ ਸੂਰਜ ਦੇ ਆਸਰੇ ਹੀ ਹੈ। ਮਾਇਆ ਦੀਆਂ ਮੌਜਾਂ ਨਿੱਤ ਨਹੀਂ ਰਹਿੰਦੀਆਂ :

ਅਨਿਕ ਭਾਤਿ ਮਾਇਆ ਕੇ ਹੇਤ ॥
ਸਰਪਰ ਹੋਵਤ ਜਾਨੁ ਅਨੇਤ ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥

(ਗਉੜੀ ਸੁਖਮਨੀ ਮ. ੫/੨੬੮)

ਲੱਖਾਂ ਕ੍ਰੋੜਾਂ ਰੁਪਿਆਂ ਦਾ ਮਾਲਕ ਹੋਵੇ, ਮਰਨ ਵੇਲੇ ਇਕ ਤੀਲੇ ਜਿਤਨਾ ਧਨ ਭੀ ਨਾਲ ਨਹੀਂ ਜਾ ਸਕਦਾ। ਫੌਜਾਂ ਦਾ ਸਰਦਾਰ ਭੀ ਮੌਤ ਪਿਛੋਂ ਪਲ ਵਿਚ ਸੜ ਕੇ ਸੁਆਹ ਹੋ ਜਾਂਦਾ ਹੈ। ਦੁਨੀਆਂ ਦਾ ਮਾਣ ਕੂੜਾ :

ਧਨਵੰਤਾ ਹੋਇ ਕਰ ਗਰਬਾਵੈ ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥
ਪਲ ਭੀਤਰਿ ਤਾ ਕਾ ਹੋਇ ਬਿਨਾਸ ॥

(ਗਉੜੀ ਸੁਖਮਨੀ ਮ. ੫/੨੭੮)

ਧਨ, ਕਟੰਬ, ਰਾਜ-ਭਾਗ, ਘੋੜੇ, ਹਾਥੀ ਮੌਤ ਆਇਆਂ ਇਹਨਾਂ ਨਾਲੋਂ ਸਾਥ ਮੁੱਕ ਜਾਂਦਾ ਹੈ। ਐਸ਼ਵਰਯ ਦੇ ਮਾਣ ਤੇ ਦੇਵਣਹਾਰ ਦਾਤਾਰ ਨੂੰ ਵਿਸਾਰ ਦੇਣਾ ਮੂਰਖਤਾ ਹੈ :

ਸੰਗਿ ਨ ਚਾਲਸਿ ਤੇਰੈ ਧਨਾ ॥
ਤੂੰ ਕਿਆ ਲਪਟਾਵਹਿ ਮੂਰਖ ਮਨਾ ॥
ਸੁਤ ਮੀਤ ਕੁਟੰਬ ਅਰੁ ਬਨਿਤਾ ॥
ਇਨ ਤੇ ਕਹਹੁ ਤੁਮ ਕਵਨ ਸਨਾਥਾ ॥

(ਗਉੜੀ ਸੁਖਮਨੀ ਮ. ੫-੨੮੮)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰੀ ਫਸਲ ਦੀ ਤਾਂ ਕੁਝ ਦਿਨ ਖੇਤ ਵਿਚ ਟਿਕ ਕੇ ਰਹਿਣ ਦੀ ਆਸ ਹੋ ਸਕਦੀ ਹੈ; ਜਦੋਂ ਫਸਲ ਪੱਕ ਗਿਆ, ਅੱਜ ਵੀ ਕੱਟਿਆ ਭਲਕੇ ਵੀ ਕੱਟਿਆ ਸਮਝੋ। ਬੁੱਢੇ ਹੋਇਆਂ ਭੀ ਮਾਇਆ ਦੀ ਹੀ ਲਗਨ ਯਕੀਨੀ ਆਤਮਕ ਮੌਤ ਦੀ ਨਿਸ਼ਾਨੀ ਹੈ :

ਆਇ ਲਗੇ ਨੀ ਦਿਹ ਥੋੜੜੇ
ਜਿਉ ਪਕਾ ਖੇਤੁ ਲੁਣੀਐ ॥ (ਗਉੜੀ ਕੀ ਵਾਰ ਮ. ੪/੩੧੬)

ਰਤਾ ਕੁ ਹਵਾ ਹਿੱਲਿਆਂ ਉੱਡ ਪੈਣ ਵਾਲੇ ਬੜੇ ਬਾਰੀਕ ਰੇਸ਼ਮੀ ਕੱਪੜੇ ਪਹਿਨ ਕੇ ਮਨੁੱਖ ਮਾਣ ਕਰਦਾ ਹੈ, ਆਪਣੀ ਜਵਾਨੀ ਤੇ ਅਮੀਰੀ ਦਾ। ਮਾਣ ਕਾਹਦਾ ? ਮੌਤ ਸਭ ਕੁਝ ਸਾੜ ਕੇ ਸੁਆਹ ਕਰ ਦੇਂਦੀ ਹੈ :

ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥
ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਇ ਛਾਰੁ ॥
(ਗਉੜੀ ਕੀ ਵਾਰ ਮ. ੫/੩੧੮)

ਹਕੂਮਤ ਦੇ ਨਸ਼ੇ ਵਿਚ ਮਨੁੱਖ ਕਈਆਂ ਨਾਲ ਵੈਰ ਸਹੇੜ ਲੈਂਦਾ ਹੈ। ਤਾਕਤ ਦੇ ਆਸਰੇ ਆਕੜ ਵਿਚ ਆ ਕੇ ਆਖਦਾ ਹੈ ਕਿ ਮੈਂ ਵੈਰੀਆਂ ਨੂੰ ਬੰਨ੍ਹ ਲਵਾਂਗਾ, ਮਾਰ ਮੁਕਾਵਾਂਗਾ। ਪਰ ਇਹ ਅਡੰਬਰ ਕੂੜਾ ਹੀ ਹੈ। ਜਿਵੇਂ ਜਗਤ ਵਿਚ ਖਾਲੀ ਹੱਥ ਆਉਂਦਾ ਹੈ, ਤਿਵੇਂ ਖਾਲੀ-ਹੱਥ ਹੀ ਤੁਰ ਪੈਂਦਾ ਹੈ।

ਹਾਥੀ ਨੂੰ ਸਾਫ਼ ਸੁਥਰੇ ਪਾਣੀ ਵਿਚ ਇਸ਼ਨਾਨ ਕਰਾਈ ਜਾਵੋ, ਪਰ ਉਸ ਦੇ ਭਾਗਾਂ ਵਿਚ ਸੁਆਹ ਹੀ ਹੈ ਜੋ ਉਸ ਨੇ ਨਾਵਣ ਪਿਛੋਂ ਪਿੰਡੇ ਉੱਤੇ ਪਾ ਲੈਣੀ ਹੈ :

ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥
ਉਪਦੇਸੁ ਕਰੇ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥
ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥
(ਆਸਾ ਮ. ੫/੩੮੦)

CC-0. In Public Domain. Gurukul Kangri Collection, Haridwar

ਕੱਚੇ ਘੜੇ ਉੱਤੇ ਘੁਮਿਆਰ ਕਿਤਨੀ ਹੀ ਚਿਤ੍ਰਕਾਰੀ ਕਰਦਾ
Digitized by Arya Samaj Foundation Chennai and eGangotri
ਜਾਏ। ਪਾਣੀ ਦੀਆਂ ਚਾਰ ਛਿਟਾਂ ਪਿਆਂ ਉਸ ਨੇ ਜ਼ਰੂਰ ਗਲ ਜਾਣਾ ਹੈ। ਧਨ, ਹਕੂਮਤ, ਫੌਜਾਂ, ਮਹਲ-ਮਾੜੀਆਂ ਵੱਡਾ ਪਰਿਵਾਰ ਇਹ ਸਭ ਸੁਪਨੇ ਦੇ ਰੰਗ-ਤਮਾਸ਼ਿਆਂ ਵਾਂਗ ਹੀ ਹਨ :

ਕਾਚ ਗਗਰੀਆ ਅੰਭਮਝਰੀਆ ॥
ਗਰਬਿ ਗਰਬਿ ਉਆਹੂ ਮਹਿ ਪਰੀਆ ॥

(ਆਸਾ ਮ. ੫/੩੯੨)

ਹਰਨਾਂ ਦੇ ਸ਼ਿਕਾਰੀ ਹਨੇਰੀ ਰਾਤੇ ਜੰਗਲ ਵਿਚ ਚਾਨਣ ਕਰਦੇ ਹਨ, ਹਰਨ ਉਸ ਰੋਸ਼ਨੀ ਵੱਲ ਦੌੜਿਆ ਆ ਕੇ ਕਾਬੂ ਆ ਜਾਂਦਾ ਹੈ। ਮੱਖੀ ਮਿੱਠੇ ਉੱਤੇ ਚੰਬੜ ਕੇ ਜਾਨ ਗਵਾਉਂਦੀ ਹੈ। ਡੂੰਘੇ ਟੋਏ ਵਿਚ ਕਾਗਜਾਂ ਦੀ ਬਣਾਈ ਹਥਨੀ ਨੂੰ ਵੇਖ ਕੇ ਕਾਮ ਵੱਸ ਹਾਥੀ ਟੋਏ ਵਿਚ ਡਿੱਗਦਾ ਤੇ ਗੁਲਾਮ ਹੋ ਜਾਂਦਾ ਹੈ। ਮੁਸਾਫਿਰ ਰਸਤੇ ਦੇ ਰੰਗ-ਤਮਾਸ਼ੇ ਵੇਖਣ ਵਿਚ ਰੁੱਝ ਕੇ ਆਪਣਾ ਪੈਂਡਾ ਖੋਟਾ ਕਰ ਲੈਂਦਾ ਹੈ। ਅੱਖਾਂ ਦੇ ਭੋਗ ਜੀਭ ਦਾ ਚਸਕਾ, ਕਾਮ ਵਾਸਨਾ ਅਜੇਹੇ ਅਨੇਕਾਂ ਠੰਡੇ ਜੀਵ-ਮੁਸਾਫਿਰ ਨੂੰ ਮਨੁੱਖਤਾ ਦੇ ਰਸ਼ਤੇ ਤੋਂ ਉਖੇੜਦੇ ਹਨ। ਆਖ਼ਰ ਉਮਰ ਦੀ ਮੁਹਲਤ ਪੁੱਗ ਜਾਂਦੀ ਹੈ :

ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥
ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥
ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥
ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥

(ਆਸਾ ਮ. ੫/੪੫੯)

ਮਜ਼ਦੂਰ ਦੇ ਸਿਰ ਉੱਤੇ ਹਜ਼ਾਰਾਂ ਰੁਪਿਆਂ ਦੀ ਥੈਲੀ ਹੋਵੇ, ਉਸ ਨੂੰ ਤਾਂ ਦੋ ਚਾਰ ਆਨੇ ਭਾੜਾ ਹੀ ਮਿਲਣਾ ਹੈ। ਥੈਲੀ ਮਾਲਕ ਦੇ ਘਰ। ਧਨ ਜੋੜਿਆ, ਮਹਲ-ਮਾੜੀਆਂ ਉਸਾਰੇ, ਪੁਤ੍ਰ ਇਸਤ੍ਰੀ ਸਾਕ ਸਨਬੰਧੀ ਯਾਰ ਮਿਤ੍ਰ ਬਣਾਏ। ਜਦੋਂ ਲੰਮੇ ਸਫਰ ਦੀ ਤਿਆਰੀ ਹੋਈ, ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਪੈਰ ਭੀ ਨਾਲ ਨਹੀਂ ਜਾ ਸਕਦਾ :

ਇਸਟ ਮੀਤ ਬੰਧਪ ਸੁਤ ਭਾਈ ਸੰਗਿ ਬਨਿਤਾ ਰਚਿ ਹਸਿਆ ॥
ਜਬ ਅੰਤੀ ਅਉਸਰੁ ਆਇ ਬਨਿਓ ਹੈ
ਉਨੑ ਪੇਖਤ ਹੀ ਕਾਲਿ ਗ੍ਰਸਿਆ ॥੨॥
ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ ॥
ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ ॥

(ਗੁਜਰੀ ਮ. ੫/੪੯੦)

ਸੁਪਨੇ ਵਿਚ ਵੇਖੇ ਹੋਏ ਰੰਗ ਤਮਾਸ਼ੇ ਜਾਗਦਿਆਂ ਹੀ ਮੁੱਕ ਜਾਂਦੇ ਹਨ। ਕਸੁੰਭੇ ਦੇ ਫੁੱਲਾਂ ਦਾ ਰੰਗ ਸ਼ੋਖ਼ ਤਾਂ ਹੁੰਦਾ ਹੈ, ਪਰ ਕਾਇਮ ਦੋ ਚਾਰ ਦਿਨ ਹੀ ਰਹਿੰਦਾ ਹੈ। ਮਾਇਆ ਦੇ ਸਾਥ ਦੀ ਪਾਂਇਆਂ ਭੀ ਇਤਨੀ ਕੁ ਹੀ ਹੈ :

ਚੰਚਲੁ ਸੁਪਨੈ ਹੀ ਉਰਝਾਇਓ ॥
ਇਤਨੀ ਨ ਬੂਝੈ ਕਬਹੂ ਚਲਨਾ
ਬਿਕਲ ਭਇਓ ਸੰਗਿ ਆਇਓ ॥੧॥ ਰਹਾਉ ॥
ਕੁਸਮ ਰੰਗ ਸੰਗ ਰਸਿ ਰਚਿਆ
ਬਿਖਿਆ ਏਕ ਉਪਾਇਓ ॥
ਲੋਭੁ ਸੁਨੈ ਮਨਿ ਸੁਖੁ ਕਰਿ ਮਾਨੈ
ਬੇਗਿ ਤਹਾ ਉਠਿ ਧਾਇਓ ॥

(ਦੇਵ ਗੰਧਾਰੀ ਮ. ੫/੫੩੧)

ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਜੀਵ ਪੁੱਤਰ ਇਸਤ੍ਰੀ, ਧਨ, ਰਾਜ-ਮਾਲ ਆਦਿਕ ਨੂੰ ਆਪਣੇ ਜਾਣ ਕੇ ਇਹਨਾਂ ਦੀ ਮਮਤਾ ਵਿਚ ਫਸਿਆ ਪਿਆ ਹੈ। ਪਰ ਇਹ ਸਾਰਾ ਸਾਥ ਕੱਚਾ ਹੈ।

ਚਾਨਣੀ ਰਾਤੇ ਆਕਾਸ਼ ਵੱਲ ਉੱਠਦਾ ਧੂੰਆਂ 'ਮਹਲ-ਮਾੜੀਆਂ' ਜਾਪਣ ਲੱਗ ਪੈਂਦਾ ਹੈ। ਹਵਾ ਦਾ ਬੁੱਲਾ ਆਇਆ ਤੇ ਉਹ ਘਰ-ਮਹਲ ਭੀ ਗਾਇਬ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ ॥
ਬਿਨਵੰਤ ਨਾਨਕ ਬਿਨੁ ਸਾਧ ਸੰਗਮ ਸਭ ਮਿਥਿਆ ਸੰਸਾਰੀ ॥
(ਬਿਹਾਗੜਾ ਮ. ੫/੫੪੭)

ਸੁੱਤੇ ਪਿਆਂ ਸੁਪਨੇ ਵਿਚ ਕਈ ਵਾਰੀ ਪੈਸੇ ਰੁਪਏ ਦਸੀਆਂ ਪੰਜੀਆਂ ਦੇ ਢੇਰਾਂ ਦੇ ਢੇਰ ਲੱਭ ਕੇ ਇਕੱਠੇ ਕਰ ਲਈਦੇ ਹਨ। ਪਰ ਜਾਗ ਖੁਲ੍ਹਦਿਆਂ ਸਾਰ ਹੱਥ ਖਾਲੀ ਰਹਿ ਜਾਂਦੇ ਹਨ। ਸੁਪਨੇ ਵਿਚ ਇਕੱਠੇ ਕੀਤੇ ਰੁਪਿਆਂ ਦੇ ਵੱਟੇ ਕੋਈ ਇਕ ਕੌੜੀ ਭੀ ਦੇਣ ਨੂੰ ਤਿਆਰ ਨਹੀਂ ਹੁੰਦਾ। ਤਿਹਾਇਆ ਹਰਨ ਠਗਨੀਰੇ ਪਿੱਛੇ ਦੌੜ ਦੌੜ ਕੇ ਜਿੰਦ ਗਵਾ ਲੈਂਦਾ ਹੈ। ਜਿੰਦਗੀ ਚਾਰ ਦਿਨਾਂ ਦੀ ਖੇਡ। ਬੇਅੰਤ ਲੰਮੇ ਸਫ਼ਰ ਵਿਚ ਇਕ ਸੁਪਨਾ ਜਿਹਾ। ਕਿਤਨੀ ਅਗਿਆਨਤਾ ਹੈ ਕਿ ਮਨੁੱਖ ਇਸ ਸੁਫਨੇ ਵਿਚ ਦੀ ਮਾਇਆ ਖਾਤਰ ਆਤਮਕ ਗੁਣਾਂ ਦਾ ਵਣਜ ਭੁਲਾ ਬੈਠਦਾ ਹੈ। ਮਾਇਆ-ਠਗਨੀਰੇ ਪਿਛੇ ਦੌੜ ਦੌੜ ਕੇ ਆਤਮਕ ਮੌਤ ਸਹੇੜ ਲੈਂਦਾ ਹੈ :

ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ ॥
ਰਾਮ ਭਜਨ ਬਿਨੁ ਕਾਮਿ ਨ ਆਵਸਿ
ਸੰਗਿ ਨ ਕਾਹੂ ਜਾਈ ॥੨॥
ਹਉ ਹਉ ਕਰਤ ਬਿਹਾਇ ਅਵਰਦਾ
ਜੀਅ ਕੋ ਕਾਮੁ ਨ ਕੀਨਾ ॥
ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ ॥
(ਸੋਰਠਿ ਮ. ੫/੬੧੫)

ਜੂਏ ਦੀ ਚੇਟਕ ਬੁਰੀ! ਜੁਆਰੀ ਜਿਉਂ ਜਿਉਂ ਬਾਜੀ ਹਾਰਦਾ ਹੈ, ਜੂਏ ਦਾ ਚਸਕਾ ਸਗੋਂ ਹੋਰ ਹੋਰ ਵਧਦਾ ਹੈ।

ਲੰਮੇ ਸਫਰ ਵਿਚ ਪਿਆ ਮੁਸਾਫਿਰ ਰਸਤੇ ਵਿਚ ਸਰਾਵਾਂ ਮੁਸਾਫਿਰ-ਖਾਨਿਆਂ ਵਿਚ ਰਾਤਾਂ ਗੁਜ਼ਾਰਦਾ ਹੈ। ਉਨ੍ਹਾਂ ਸਰਾਵਾਂ ਵਿਚ ਮਿਲਦੇ ਹੋਰ ਰਾਹੀਆਂ ਨਾਲ ਪ੍ਰੀਤ ਕਰਕੇ ਜੇ ਉੱਥੇ ਹੀ ਬੈਠ ਜਾਏਗਾ, ਤਾਂ ਉਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਂਡਾ ਖੋਟਾ ਹੋਵੇਗਾ। ਮਨੁੱਖ ਇਕ ਮੁਸਾਫਿਰ ਹੈ। ਉੱਚ-ਆਤਮਕ ਜੀਵਨ ਇਸ ਦੀ ਮੰਜ਼ਿਲ ਹੈ। ਪਰ ਰਸਤੇ ਵਿਚ ਇਸਤ੍ਰੀ-ਪੁਤ੍ਰ ਸਾਕ-ਅੰਗ ਮਿਲੇ ਸਾਥੀਆਂ ਨਾਲ ਪਰਚ ਕੇ ਇਹ ਜਿੰਦਗੀ ਦਾ ਨਿਸ਼ਾਨਾ ਭੁਲਾ ਬੈਠਦਾ ਹੈ। ਜੀਵਨ-ਬਾਜੀ ਹਰਦੀ ਜਾਂਦੀ ਹੈ। ਇਹ ਹਾਰ ਇਤਨੀ ਮਿੱਠੀ ਲੱਗਦੀ ਹੈ ਕਿ ਹਾਰਦੇ ਜਾਣਾ ਹੀ ਜੀਵਨ-ਮਨੋਰਥ ਬਣ ਜਾਂਦਾ ਹੈ :

ਪਾਧਾਣੂ ਸੰਸਾਰੁ ਗਾਰਬਿ ਅਟਿਆ ॥
ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥
ਲੋਭਿ ਮੋਹਿ ਅਭਿਮਾਨ ਬੂਡੇ ਮਰਣੁ ਚੀਤਿ ਨ ਆਵਏ ॥
ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥
(ਜੈਤਸਰੀ ਮ. ੫/੭੦੫)

ਗੋਹਿਆਂ ਤੇ ਲੱਕੜ ਦੀ ਅੱਗ ਬਾਲੀਏ। ਕੁਝ ਚਿਰ ਪਿਛੋਂ ਜੇ ਹੋਰ ਲਕੜਾਂ ਗੋਹੇ ਪਾਉਣੇ ਬੰਦ ਕਰ ਦੇਈਏ, ਤਾਂ ਭੀ ਅੱਗ ਘੜੀ ਦੋ ਘੜੀ ਮਘਦੀ ਰਹੇਗੀ। ਪਰ ਕੱਖਾਂ ਦੀ ਅੱਗ ਵਿਚ ਕੱਖ ਪਾਉਣੇ ਬੰਦ ਕਰੋ ਉਸੇ ਵੇਲੇ ਬੁੱਝ ਜਾਏਗੀ। ਭਾਦਰੋਂ ਦੀ ਕੜਾਕੇ ਦੀ ਧੁੱਪ ਵਿਚ ਪੈਂਡੇ ਪਿਆ ਰਾਹੀ ਬੜਾ ਘਾਬਰਦਾ ਹੈ। ਕੋਈ ਨਿੱਕੀ ਜਿਹੀ ਬੱਦਲੀ ਸੂਰਜ ਦੇ ਅੱਗੇ ਆਕੇ ਰਤਾ ਕੁ ਛਾਂ ਕਰ ਦੇਵੇ, ਤਾਂ ਰਾਹੀ ਨੂੰ ਮਾਨੋ ਜਾਨ ਪੈ ਜਾਂਦੀ ਹੈ। ਪਰ ਇਸ ਛਾਂ ਦਾ ਕੀ ਭਰਵਾਸਾ ? ਹਵਾ ਦਾ ਬੁੱਲਾ ਆਇਆ ਤੇ ਬਦਲੀ ਉੱਡ ਗਏ। ਹੜ੍ਹਾਂ ਦੇ ਪਾਣੀ ਸਦਾ ਨਹੀਂ ਟਿਕੇ ਰਹਿੰਦੇ। ਹਾਂ, ਲੰਘਦੇ ਲੰਘਦੇ ਲੋਕਾਂ ਦੇ ਫਸਲ ਡੰਗਰ-ਵੱਛੇ ਤੇ ਘਰ-ਘਾਟ ਬਰਬਾਦ ਕਰ ਜਾਂਦੇ ਹਨ। ਮਾਇਆ ਇਕ ਨਿੱਕਾ ਜਿਹਾ ਝੂਟਾ ਹੀ ਦੇਂਦੀ ਹੈ, ਪਰ ਇਸ ਦੇ ਵੱਟੇ ਆਤਮਕ ਜੀਵਨ ਰੋੜ ਕੇ ਲੈ ਜਾਂਦੀ ਹੈ :

ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹੜ ਕਾ ਜਲੁ ॥
(ਟੋਡੀ ਮ. ੫/੭੧੭)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰੇਕ ਇਨਸਾਨ ਆਪਣੇ ਰੋਜ਼ਾਨਾ ਜੀਵਨ ਵਿਚ ਵੇਖਦਾ ਹੈ ਕਿ ਉਸ ਦੇ ਕਈ ਅਜ਼ੀਜ਼ ਮਿਤ੍ਰ ਸਾਕ ਸੰਬੰਧੀ ਆਪੋ ਆਪਣੀ ਵਾਰੀ ਇਥੋਂ ਤੁਰੇ ਜਾ ਰਹੇ ਹਨ ਤੇ ਜੋੜਿਆ ਕਮਾਇਆ ਇਥੇ ਹੀ ਛੱਡ ਜਾਂਦੇ ਹਨ। ਫਿਰ ਭੀ ਇਹ ਨਹੀਂ ਵਿਚਾਰਦਾ ਕਿ ਇਹ ਦਿਨ ਮੇਰੇ ਉੱਤੇ ਭੀ ਆਵੇਗਾ। ਫਿਰ ਇਤਨਾ ਲਾਲਚ ਕਿਉਂ :

ਕਬਹੂ ਨ ਸਮਝੈ ਅਗਿਆਨੁ ਗਵਾਰਾ ॥
ਬਹੁਰਿ ਬਹੁਰਿ ਲਪਟਿਓ ਜੰਜਾਰਾ ॥੧॥ ਰਹਾਉ ॥

(ਸੂਹੀ ਮ. ੫/੭੩੮)

ਨਦੀ ਦਾ ਪਾਣੀ ਸਹਜੇ ਸਹਜੇ ਆਪਣੇ ਵਹਿਣ ਵਹਿੰਦਾ ਚਲਾ ਜਾਂਦਾ ਹੈ। ਜਿਹੜਾ ਪਾਣੀ ਅੱਜ ਇਕ ਪੱਤਣ ਤੋਂ ਲੰਘ ਜਾਂਦੇ ਹੈ, ਉਸ ਮੁੜ ਕਦੇ ਉੱਥੇ ਨਹੀਂ ਆਉਣਾ। ਜ਼ਿੰਦਗੀ ਦੇ ਗੁਜ਼ਰਦੇ ਦਿਨ ਮੁੜ ਵਾਪਸ ਕਦੇ ਨਹੀਂ ਮਿਲਣੇ । ਫਿਰ ਇਹ ਇਤਨੀ ਬੇ-ਪਰਵਾਹੀ ਨਾਲ ਉਸ ਮਾਇਆ ਦੀ ਖਾਤਰ ਹੀ ਕਿਉਂ ਗਵਾਏ ਜਾਣ, ਜਿਸ ਨੇ ਸਾਥ ਨਹੀਂ ਨਿਬਾਹੁਣਾ :

ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥
ਮਿਥਿਆ ਮੋਹ ਬੰਧਹਿ ਨਿਤ ਪਾਰਚ ॥

(ਸੂਹੀ ਮ. ੫/੭੪੩)

ਰਾਤ ਵੇਲੇ ਘਰਾਂ ਦਾ ਧੂੰਆਂ ਜਦੋਂ ਉਤਾਂਹ ਅਕਾਸ਼ ਵੱਲ ਉੱਠਦਾ ਹੈ, ਤਾਂ ਚਾਨਣੀ ਰਾਤੇ ਕਈ ਵਾਰੀ ਇਉਂ ਭੁਲੇਖਾ ਪੈਂਦਾ ਹੈ ਜਿਵੇਂ ਅਕਾਸ਼ ਵਿਚ ਮਕਾਨ ਬਣੇ ਹੋਏ ਹਨ। ਤਪਦੀ ਲਿਸ਼ਕਦੀ ਰੇਤ ਨੂੰ ਪਾਣੀ ਦਾ ਡਲ੍ਹ ਡਲ੍ਹ ਕਰਦਾ ਤਲਾਬ ਸਮਝ ਕੇ ਹੀ ਤਿਹਾਇਆ ਹਰਨ ਵਿਚਾਰਾ ਦੌੜ ਦੌੜ ਕੇ ਜਿੰਦ ਗਵਾ ਲੈਂਦਾ ਹੈ। ਰੁੱਖ ਦੀ ਛਾਂ ਕਦੇ ਕਿਸੇ ਥਾਂ ਟਿਕੀ ਨਹੀਂ ਰਹਿ ਸਕਦੀ। ਜਿਉਂ ਜਿਉਂ ਸੂਰਜ ਚੜ੍ਹਦਾ ਤੇ ਢਲਦਾ ਹੈ, ਤਿਉਂ ਤਿਉਂ ਛਾਂ ਆਪਣਾ ਠਿਕਾਣਾ ਛੱਡਦੀ ਜਾਂਦੀ ਹੈ। ਮਾਇਆ ਦਾ ਸਾਥ ਕਦੇ ਤੋੜ ਨਹੀਂ ਨਿਭਦਾ। ਫਿਰ ਭੀ ਮਨੁੱਖ ਦੀ ਸਾਰੀ ਉਮਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸੇ ਦੌੜ-ਭੱਜ ਵਿਚ ਵਿਅਰਥ ਲੰਘ ਜਾਂਦੀ ਹੈ :

ਹਰਿਚੰਦਉਰੀ ਚਿਤ ਭ੍ਰਮੁ ਸਖੀਏ
ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥
ਚੰਚਲਿ ਸੰਗਿ ਨ ਚਾਲਤੀ ਸਖੀਏ
ਅੰਤਿ ਤਜਿ ਜਾਵਤ ਮਾਇਆ ॥ (ਬਿਲਾਵਲੁ ਮ. ੫/੮੦੩)

ਕਸੁੰਭੇ ਦੇ ਫੁੱਲਾਂ ਦਾ ਰੰਗ ਬੜਾ ਸ਼ੋਖ਼ ਹੁੰਦਾ ਹੈ। ਇਹਨਾਂ ਫੁੱਲਾਂ ਨਾਲ ਲੋਕ ਕੱਪੜੇ ਭੀ ਰੰਗਦੇ ਸਨ। ਗੂੜਾ ਰੰਗ ਮਨ ਨੂੰ ਬੜਾ ਭਾਉਂਦਾ ਸੀ। ਪਰ ਦੋ ਤਿੰਨ ਦਿਨਾਂ ਵਿਚ ਹੀ ਰੰਗ ਫਿਟ ਜਾਂਦਾ ਸੀ।

ਕਈ ਠੱਗੀਆਂ ਫਰੇਬ ਕਰਕੇ ਮਨੁੱਖ ਧਨ ਕਮਾਉਂਦਾ ਹੈ। ਇਸ ਦੀ ਮੂਰਖਤਾ ਨੂੰ ਵੇਖ ਵੇਖ ਕੇ ਮੌਤ ਸਿਰ ਉੱਤੇ ਹੱਸਦੀ ਹੈ। ਆਖ਼ਰ ਸਰੀਰ ਮਿੱਟੀ ਵਿਚ ਰਲ ਜਾਂਦਾ ਹੈ, ਤੇ ਠੱਗੀਆਂ ਫਰੇਬ ਕਰਨ ਵਾਲਾ ਜਗਤ ਤੋਂ ਖਾਲੀ ਹੱਥ ਹੀ ਚੱਲ ਜਾਂਦਾ ਹੈ। ਕਿਤਨਾ ਅਭਾਗਾ ਹੈ ਇਨਸਾਨ :

ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥੧॥
ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ ॥
ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੈ ॥ ਰਹਾਉ ॥
(ਬਿਲਾਵਲੁ ਮ. ੫/੮੦੯)

ਕਿਤਨਾ ਔਖਾ ਹੋ ਹੋ ਕੇ, ਤੇ ਦੂਜਿਆਂ ਨੂੰ ਔਖਾ ਕਰ ਕਰ ਕੇ, ਮਨੁੱਖ ਵਧੀਆ ਘੋੜੇ, ਚੰਗੇ ਹਾਥੀ ਤੇ ਰਥ ਜੋ ਕੰਠੇ ਕੀਤੇ ਤੇ ਧਿਆਨ ਦੇ ਦੇ ਕੇ ਭਾਵ ਦਿਲ ਦੀ ਪਕੜ ਨਾਲ ਆਪਣੇ ਕੀਤੇ ਹੋਏ ਸਨ, ਜਦੋਂ ਪ੍ਰਲੋਕ ਗਮਨ ਦੀ ਤਿਆਰੀ ਹੋਈ ਇਕ ਪੈਰ ਨਾਲ ਨਹੀਂ ਤੁਰਦੇ ਭਾਵ ਏਥੇ ਹੀ ਛੱਡਣੇ ਪੈਂਦੇ ਹਨ।

ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ ॥

CC-0. In Public Domain. Gurukul Kangri Collection, Haridwar

ਜਬ ਤੇ ਹੋਈ ਲਾਂਮੀ ਧਾਇ ਚਲਹਿ ਨਾਹੀ ਇਕ ਪੈਰੇ ॥

Digitized by Arya Samaj Foundation Chennai and eGangotri

(ਮ. ੫/੪੯੭)

ਭਾਵ : ਇਸ ਮਾਇਆ ਨੂੰ ਆਪਣੀ ਕਰਕੇ ਜੋੜਿਆ ਅਤੇ ਹਾਥੀ-ਘੋੜੇ ਆਦਿ ਸਾਮਾਨ, ਜੋ ਗਹੁ ਕਰ ਆਪਣੇ ਆਪਣੇ ਕਰ ਕੱਠੇ ਕੀਤੇ ਤੇ ਰੱਖੇ, ਸਭ ਛੱਡਣੇ ਪਏ ।

(ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਨੌਵੀਂ, ਡਾ. ਸਾਹਿਬ ਸਿੰਘ ਜੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਨਵਿਰਤੀ

ਮਾਇਆ ਦੇ ਦੁਖ ਤੋਂ ਛੁਟਕਾਰਾ ਪਾਉਣ ਵਾਸਤੇ ਭਾਵੇਂ ਪਰ-ਉਪਕਾਰ ਜਾਂ ਸੇਵਾ ਬੜੀ ਮੱਦਦ ਕਰਦੇ ਹਨ, ਪਰ ਮਾਇਆ ਦਾ ਅਸਲੀ ਤਿਆਗ,ਭਗਤੀ,ਬੰਦਗੀ ਭਾਵ ਨਾਮ-ਸਿਮਰਨ ਤੋਂ ਬਿਨਾਂ ਨਹੀਂ ਹੋ ਸਕਦਾ ਨਾਮ-ਸਿਮਰਨ ਨਾਲ ਜੀਵ ਪਰਮਾਤਮਾ ਦੇ ਨੇੜੇ ਹੋਣਾ ਆਰੰਭ ਹੋ ਜਾਂਦਾ ਹੈ। ਜਿਉਂ ਜਿਉਂ ਜੀਵ ਪਰਮਾਤਮਾ ਦੇ ਨੇੜੇ ਹੁੰਦਾ ਜਾਵੇ, ਉਸ ਵਿਚ ਈਸ਼ਵਰੀ ਸਿਫਤਾਂ ਆਉਂਦੀਆਂ ਜਾਂਦੀਆਂ ਹਨ, ਉਸ ਦਾ ਮਨੁੱਖੀ ਸੁਭਾਵ ਘਟਦਾ ਘਟਦਾ, ਕਮਜ਼ੋਰ ਹੁੰਦਾ ਹੌਲੀ ਹੌਲੀ ਬਿਲਕੁਲ ਮਿਟ ਜਾਂਦਾ ਹੈ। ਜਾਂ ਇੰਜ ਕਹੋ ਕਿ ਉਸ ਦਾ ਨੁਕਤਾ-ਨਿਗਾਹ ਬਦਲ ਕੇ ਈਸ਼ਵਰੀ ਨੁਕਤਾ-ਨਿਗਾਹ ਬਣ ਜਾਂਦਾ ਹੈ।

ਮਾਇਆ ਦੇ ਤਿਆਗ ਵਾਸਤੇ ਮਨ ਤੇ ਕਾਬੂ ਪਾਉਣਾ, ਜਿਥੋਂ ਤੱਕ ਹੋ ਸਕੇ, ਇਸ ਦੀਆਂ ਅਯੋਗ ਮੰਗਾਂ ਨੂੰ ਰੋਕਣਾ ਤੇ ਹਮੇਸ਼ਾ ਇਸ ਨੂੰ ਸਿਮਰਨ ਅਭਿਆਸ ਵਿਚ ਲਾਈ ਰੱਖਣਾ ਚਾਹੀਦਾ ਹੈ। ਇਸ ਨੂੰ ਖਾਣ, ਪੀਣ, ਪਹਿਨਣ, ਹੱਸਣ ਖੇਡਣ ਵਿਚ ਮਨ ਨੂੰ ਬੇਮੁਹਾਰਾ ਨਹੀਂ ਛੱਡਣਾ ਚਾਹੀਦਾ। ਇਸ ਦਾ ਮਤਲਬ ਇਹ ਬੀ ਨਹੀਂ ਕਿ ਮਨ ਦੀਆਂ ਯੋਗ ਲੋੜਾਂ ਵੀ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਮਨ ਨੂੰ ਭੁਖਿਆਂ ਰੱਖਿਆਂ ਵੀ ਸਗੋਂ ਉਲਟਾ ਅਸਰ ਹੁੰਦਾ ਹੈ, ਮਨ ਡਾਵਾਂ ਡੋਲ ਤੇ ਉਦਾਸ ਤੇ ਕਈ ਵਾਰ ਨੀਚ ਤੇ ਕਮੀਨਾ ਹੋ ਜਾਂਦਾ ਹੈ; ਇਸ ਵਾਸਤੇ ਮਨ ਨੂੰ ਦੁਨਿਆਵੀ ਪਾਸੇ ਤੋਂ ਪਰੇਰ ਕੇ ਰੂਹਾਨੀ ਪਾਸੇ ਵੱਲ ਹੌਲੀ ਹੌਲੀ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਆਤਮਿਕ ਜ਼ਿੰਦਗੀ ਦਾ ਸੱਚਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਾਦ, ਮਨ ਦੇ ਪਹਿਲੇ ਪੁਰਾਣੇ ਝੂਠੇ ਸੁਆਦਾਂ ਤੇ ਹੌਲੀ ਹੌਲੀ ਪਰਭਾਵ ਪਾ ਲੈਂਦਾ ਹੈ ।

ਜਿਉਂ ਜਿਉਂ ਮਾਇਆ ਘਟਦੀ ਹੈ, ਤਿਉਂ ਤਿਉਂ ਆਦਮੀ ਦੀ ਖੁਸ਼ੀ, ਆਨੰਦ, ਬੇਫਿਕਰੀ ਤੇ ਬੇਮੁਥਾਜਗੀ ਵਧਦੀ ਹੈ । ਅਰਸ਼ੀ ਜ਼ਿੰਦਗੀ ਦਾ ਮਹਾਂ ਆਨੰਦ ਆਉਂਦਾ ਹੈ ਤੇ ਇਨਸਾਨੀ ਅਰਸ਼ੀ ਜ਼ਿੰਦਗੀ ਦਾ ਹਿੱਸਾ ਬਣਨਾ ਆਰੰਭ ਕਰ ਦੇਂਦਾ ਹੈ । ਮਾਇਆ ਹੀ ਸਰੀਰ ਦੇ ਰਚੇ ਜਾਣ ਦਾ ਕਾਰਨ ਹੈ, ਮਾਇਆ ਦੇ ਆਸਰੇ ਹੀ ਸਰੀਰ ਕਾਇਮ ਰਹਿੰਦਾ ਤੇ ਮਾਇਆ ਦੇ ਖਤਮ ਹੋ ਜਾਣ ਨਾਲ ਸਰੀਰ ਖ਼ਤਮ ਹੋ ਜਾਂਦਾ ਹੈ, ਕਿਉਂਕਿ ਉਦੋਂ ਸਰੀਰ ਦੀ ਲੋੜ ਨਹੀਂ ਹੀ ਰਹਿੰਦੀ !

ਹੁਣ ਸਵਾਲ ਇਹ ਰਹਿ ਜਾਂਦਾ ਹੈ ਕਿ ਮਾਇਆ ਤੋਂ ਕਿਸ ਤਰ੍ਹਾਂ ਬਚਿਆ ਜਾਏ । ਇਸ ਦਾ ਉੱਤਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਰਾਮਕਲੀ ਮ. ੩ ਆਨੰਦ ਸਾਹਿਬ ਦੀ ੨੯ਵੀਂ ਪਉੜੀ ਵਿਚ ਦੱਸਦੇ ਹਨ ਕਿ ਜਿਵੇਂ ਅਕਾਲ ਪੁਰਖ ਬੱਚੇ ਨੂੰ ਮਾਤਾ ਦੇ ਪੇਟ ਦੇ ਅੰਦਰ ਦੀ ਅੱਗ ਤੋਂ ਬਚਾ ਕੇ ਰੱਖਦਾ ਹੈ, ਤਿਵੇਂ ਬਾਹਰ ਮਾਇਆ ਦੀ ਅਗਨ ਤੋਂ ਭੀ ਬਚਾਉਂਦਾ ਹੈ । ਉਹ ਇਉਂ ਕਿ ਆਪਣੀ ਲਿਵ ਦੇ ਕੇ ਪ੍ਰਾਣੀ ਦੇ ਮਨ ਨੂੰ ਇਉਂ ਪੱਕਾ ਕਰ ਦਿੰਦਾ ਹੈ ਕਿ ਉਹ ਸੰਸਾਰ ਵਿਚ ਰਹਿੰਦਾ ਹੋਇਆ ਭੀ ਮਾਇਆ ਦੇ ਅਸਰ ਤੋਂ ਬਚਿਆ ਰਹਿੰਦਾ ਹੈ, ਕਿਉਂਕਿ ਮਾਇਆ ਨਾਮ ਹੀ ਪਰਮਾਤਮਾ ਨੂੰ ਵਿਸਾਰਨ ਦਾ ਹੈ, ਜਦ ਈਸ਼ਵਰ ਦੀ ਲਗਨ ਲੱਗੀ ਹੋਵੇ ਤਾਂ ਮਾਇਆ ਦਾ ਅਸਰ ਕਿੱਥੇ :

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ, ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯॥ (ਮ. ੩/੯੨੧)

ਭਾਵ : ਗੁਰੂ ਕਿਰਪਾ ਦੁਆਰਾ ਜਿਨ੍ਹਾਂ ਪ੍ਰਾਣੀਆਂ ਦੀ ਸੁਰਤਿ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਹੀ ਪ੍ਰਭੂ-ਚਰਨਾਂ ਵਿਚ ਜੁੜੀ ਰਹਿੰਦੀ ਹੈ ਉਨ੍ਹਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ। ਜਗਤ ਦਾ ਹਾਲ ਤਾਂ ਇਹ ਹੈ ਕਿ ਜੀਵ ਨੂੰ ਜੰਮਦੇ ਨੂੰ ਹੀ ਮਾਂ ਪਿਉ ਆਦਿਕ ਦੇ ਪਿਆਰ ਦੀ ਰਾਹੀਂ ਮਾਇਆ ਪ੍ਰਭੂ-ਚਰਨਾਂ ਨਾਲੋਂ ਵਿਛੋੜ ਲੈਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਮਾਇਆ ਨੇ ਜੀਵਾਂ ਦੇ ਮਨ ਨੂੰ ਮੋਹ ਦੇ ਤੀਰਾਂ ਦੇ ਜਾਲ ਵਿਚ ਬੰਨ੍ਹਿਆ ਹੋਇਆ ਹੈ। ਭਾਵੇਂ ਪਰਮਾਤਮਾ ਹਰੇਕ ਸਰੀਰ ਵਿਚ ਮੌਜੂਦ ਹੈ ਪਰ ਮਾਇਆ ਦੇ ਮੋਹ ਦਾ ਜ਼ਹਿਰ ਭੀ ਹਰੇਕ ਦੇ ਅੰਦਰ ਹੀ ਹੈ, ਇਸ ਵਾਸਤੇ ਜੋ ਭੀ ਜਗਤ ਵਿਚ ਜੰਮਦਾ ਹੈ ਉਹ ਆਤਮਕ ਮੌਤ ਦੇ ਵੱਸ ਵਿਚ ਦਿਸ ਰਿਹਾ ਹੈ। ਪਰਮਾਤਮਾ ਨੂੰ ਹਿਰਦੇ ਵਿਚ ਯਾਦ ਕਰਨ ਨਾਲ ਹੀ ਮਨੁੱਖਾ ਜੀਵਨ ਵਿਚ ਕਰਨ ਯੋਗ ਕੰਮ ਸਿਰੇ ਚੜ੍ਹਦਾ ਹੈ :

ਮਨੁ ਮਾਇਆ ਬੰਧਿਓ ਸਰ ਜਾਲਿ ॥
ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਜੈ ਕਾਲਿ ॥
ਕਾਰਜੁ ਸੀਧੋ ਰਿਦੈ ਸਮ੍ਹਾਲਿ ॥

(ਬਿਲਾਵਲੁ ਮ. ੧/੮੩੧)

ਆਮ ਤੌਰ ਤੇ ਜੀਵ ਦਾ ਮਨ ਮਾਇਆ ਦੇ ਮੋਹ ਵਿਚ ਉਲਝਿਆ ਰਹਿੰਦਾ ਹੈ, ਜੀਵ ਰਤਾ ਭਰ ਭੀ ਸਿਆਣਪ ਦੀ ਇਹ ਗੱਲ ਨਹੀਂ ਵਿਚਾਰਦਾ ਕਿ ਉਹ ਕਿਹੜਾ ਨਾਮ ਹੈ, ਜਿਸ ਦਾ ਸਿਮਰਨ ਕਰਨ ਨਾਲ ਜਗਤ ਵਾਸਨਾ-ਰਹਿਤ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ :

ਮਨੁ ਮਾਇਆ ਮਹਿ ਉਰਝਿ ਰਹਿਓ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੂਝੈ ਨਹ ਕਛੁ ਗਿਆਨਾ ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ
ਪਾਵੈ ਪਦੁ ਨਿਰਬਾਨਾ ॥ (ਰਾਮਕਲੀ ਮ. ੯/੯੦੨)

ਜਿਸ ਪ੍ਰਾਣੀ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁੱਲਾ ਰਹਿੰਦਾ ਹੈ, ਦੱਸੋ ਈਸ਼ਵਰ ਦੇ ਭਜਨ ਤੋਂ ਬਿਨਾ ਉਸ ਦਾ ਜਿਉਣਾ ਕਿਸ ਕੰਮ :

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥
(ਸਲੋਕ ਮ. ੯/੧੪੨੭)

ਜਿਵੇਂ ਕੰਧ ਉੱਤੇ ਕਿਸੇ ਮੂਰਤੀ ਦਾ ਲੀਕਿਆ ਹੋਇਆ ਆਪ ਰੂਪ ਕੰਧ ਨੂੰ ਨਹੀਂ ਛੱਡਦਾ, ਕੰਧ ਨਾਲ ਚੰਬੜਿਆ ਰਹਿੰਦਾ ਹੈ, ਤਿਵੇਂ ਜਿਹੜਾ ਮਨ ਮਾਇਆ ਦੇ ਮੋਹ ਵਿਚ ਫਸ ਜਾਂਦਾ ਹੈ, ਉਹ ਇਸ ਮੋਹ ਵਿਚੋਂ ਆਪਣੇ ਆਪ ਨਹੀਂ ਨਿਕਲ ਸਕਦਾ :

ਮਨ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥
(ਸਲੋਕ ਮ. ੯/੧੪੨੮)

ਪ੍ਰਭੂ ਤੋਂ ਵਿੱਥ ਕਿਉਂ : ਮਾਇਆ ਪਾਰਬ੍ਰਹਮ ਪਰਮੇਸ਼ਰ ਜੀ ਦੀ ਪੈਦਾ ਕੀਤੀ ਹੋਈ ਸ਼ਕਤੀ ਹੈ, ਜੋ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਜ਼ਰੂਰੀ ਹੈ। ਮਾਇਆ ਦਾ ਸੁਭਾਉ ਹੈ ਲੋਕਾਂ ਨੂੰ ਵਾਹਿਗੁਰੂ ਜੀ ਵਲੋਂ ਤੋੜ ਕੇ ਸੰਸਾਰ ਦੇ ਨਾਸ਼ਵੰਤ ਪਦਾਰਥਾਂ ਨਾਲ ਜੋੜਨਾ। ਪ੍ਰਭੂ-ਮੁਖੀ ਮਨੁੱਖ ਸੰਸਾਰ ਦੇ ਪਦਾਰਥਾਂ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਪਦਾਰਥਾਂ ਦੇ ਰਸਾਂ-ਭੋਗਾਂ ਵਿਚ ਖਚਤ ਨਹੀਂ ਹੁੰਦਾ, ਜਦੋਂ ਕਿ ਪ੍ਰਭੂ-ਪ੍ਰੇਮ-ਹੀਣ ਮਨੁੱਖ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਨੂੰ ਹੀ ਆਪਣਾ ਜੀਵਨ ਉਦੇਸ਼ ਸਮਝਦਾ ਹੈ। ਇਨ੍ਹਾਂ ਦੀ ਪ੍ਰਾਪਤੀ ਤੇ ਸਾਂਭ ਸੰਭਾਲ ਵਿਚ ਲੱਗਾ ਹੋਇਆ, ਕੇਵਲ ਆਪਣੇ ਸੁਖਾਂ ਲਈ ਸਾਧਨ ਇਕੱਠੇ ਕਰਦਾ ਹੋਇਆ ਝੂਠ, ਫਰੇਬ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੋਖਾ, ਦੂਜੇ ਦਾ ਹੱਕ ਮਾਰਨਾ, ਚੋਰੀ, ਸਮਗਲਿੰਗ ਲੁੱਟ ਮਾਰ ਕਰਨੀ ਆਦਿਕ ਵਿਕਾਰਾਂ ਵਿਚ ਆਪਣਾ ਜੀਵਨ ਗੁਆ ਲੈਂਦਾ ਹੈ, ਤੇ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਇਹ ਸਭ ਮਾਇਆ ਦਾ ਪ੍ਰਭਾਵ ਹੈ। ਸ੍ਰੀ ਗੁਰੂ ਨਾਨਕ ਦੇਵ ਪਾਤਿਸ਼ਾਹ ਜੀ ਮਾਇਆ ਦੇ ਪ੍ਰਭਾਵ ਨੂੰ ਇਉਂ ਚਿਤਰਦੇ ਹਨ।

ਸਾਈਂ ਤੋਂ ਭੁੱਲਾ ਹੋਇਆ ਮਨ ਮਾਇਆ ਦੇ ਘਰ ਜਾਂਦਾ ਹੈ, ਭਾਵ-ਮਾਂਇਕ ਚਿਤਵਨਾ ਵਿਚ ਰੁੱਝਾ ਰਹਿੰਦਾ ਹੈ। ਹਾਂ, ਮਾਇਕ ਕਾਮਨਾ ਵਿਚ ਰੁੱਝਾ ਹੋਇਆ ਮਨ ਇਕ ਟਿਕਾਣੇ ਸਿਰ ਨਹੀਂ ਰਹਿੰਦਾ, ਤਾਂ ਤੇ ਹੇ ਜੀਵ ! ਹਰੀ ਦਾ ਭਜਨ ਕਰ ਰਸਨਾ ਨੂੰ ਰਸ ਵਿਚ ਰਸਮਈ ਕਰਕੇ ਜੋ ਹਰੀ ਦੀ ਲਗਨ ਲੱਗੇ।

ਦੇਖ ! ਚੰਗੇ ਹਾਥੀਆਂ, ਚੰਗੇ ਘੋੜਿਆਂ, ਸੋਨੇ ਦੇ ਸਾਮਾਨਾਂ ਪੁੱਤਰਾਂ ਤੇ ਇਸਤਰੀ ਦੀ ਬਹੁਤੀ ਚਿੰਤਾ ਵਿਚ ਜੋ ਰਹਿੰਦਾ ਹੈ, ਉਹ ਮਾਨੋ ਜੂਏ ਦੀ ਖੇਲ ਖੇਲਦਾ ਹੈ ਜਿਸ ਵਿਚ ਕਿ ਉਸ ਦੀ ਨਰਦ ਕੱਚੀ ਰਹਿ ਜਾਂਦੀ ਹੈ, ਸੋ ਉਹ ਏਥੋਂ ਪਿੜ ਹਾਰਕੇ ਤੁਰਦਾ ਹੈ :

ਮਨੁ ਭੂਲੋ ਮਾਇਆ ਘਰਿ ਜਾਇ ॥
ਕਾਮਿ ਬਿਰੂਧਉ ਰਹੈ ਨ ਠਾਇ ॥
ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥
ਗੈਵਰ ਹੈਵਰ ਕੰਚਨ ਸੁਤ ਨਾਰੀ ॥
ਬਹੁ ਚਿੰਤਾ ਪਿੜ ਚਾਲੈ ਹਾਰੀ ॥
ਜੂਐ ਖੇਲਣੁ ਕਾਚੀ ਸਾਰੀ ॥ (ਗਉੜੀ ਮ. ੧/੨੨੨)

ਗੁਰੂ ਜੀ ਫੁਰਮਾਉਂਦੇ ਹਨ ਕਿ ਬੇਅੰਤ ਜੀਵ ਮਾਇਆ ਲਈ ਤਰਲੇ ਲੈਂਦੇ ਮਰ ਗਏ, ਪਰ ਮਾਇਆ ਕਿਸੇ ਦੇ ਨਾਲ ਨਾ ਨਿਭੀ, ਜਦੋਂ ਜੀਵ-ਹੰਸ ਦੁਚਿੱਤਾ ਹੋ ਕੇ ਮੌਤ ਆਇਆ ਉੱਠ ਤੁਰਦਾ ਹੈ ਤਾਂ ਮਾਇਆ ਦਾ ਸਾਥ ਛੁੱਟ ਜਾਂਦਾ ਹੈ। ਜੋ ਮਨ ਮਾਇਆ ਵਿਚ ਫਸਿਆ ਰਹਿੰਦਾ ਹੈ ਉਸ ਨੂੰ ਜਮ ਵਲੋਂ ਤਾੜਨਾ ਹੁੰਦੀ ਹੈ, ਭਾਵ ਉਹ ਮੌਤ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਮ ਸੁਣ ਸੁਣ ਕੇ ਡਰਦਾ ਹੈ, ਮਾਇਆ ਤਾਂ ਇਥੇ ਰਹਿ ਗਈ, ਤੇ ਮਾਇਆ ਦੀ ਖਾਤਰ ਕੀਤੇ ਹੋਏ ਅਉਗਣ ਨਾਲ ਤੁਰ ਪੈਂਦੇ ਹਨ।

ਪਰ ਜੇ ਪ੍ਰਾਣੀ ਦੇ ਪੱਲੇ ਗੁਣ ਹੋਣ ਤਾਂ ਮਨ ਮਾਇਆ ਵਲੋਂ ਪਰਤ ਕੇ ਆਪਣੇ ਅੰਦਰ ਹੀ ਆਪਾ-ਭਾਵ ਤੋਂ ਮਰ ਜਾਂਦਾ ਹੈ, ਭਾਵ ਇਸ ਵਿਚ ਮੋਹ ਆਦਿਕ ਵਿਕਾਰ ਨਹੀਂ ਰਹਿ ਜਾਂਦੇ।

ਪਰਮਾਤਮਾ ਦਾ 'ਨਾਮ' ਭੁਲਾ ਕੇ ਨਿਰੀ ਮਾਇਆ ਨੂੰ ਹੀ ਆਪਣੀ ਸਮਝ ਕੇ ਇਸ ਤਰ੍ਹਾਂ ਸਗੋਂ ਦੁੱਖ ਵਿਹਾਝ ਕੇ ਹੀ ਬੇਅੰਤ ਜੀਵ ਚਲੇ ਗਏ, ਕਿਲ੍ਹੇ, ਪੱਕੇ ਘਰ, ਮਹਲ ਮਾੜੀਆਂ ਤੇ ਹਕੂਮਤ ਸਭ ਸਾਥ ਛੱਡ ਗਏ, ਇਹ ਤਾਂ ਮਦਾਰੀ ਦੀ ਖੇਡ ਹੀ ਸਨ।

ਪਰਮਾਤਮਾ ਦੇ ਨਾਮ ਤੋਂ ਬਿਨਾਂ ਸਾਰਾ ਜੀਵਨ ਵਿਅਰਥ ਜਾਂਦਾ ਹੈ, ਪਰ ਜੀਵ ਵਿਚਾਰੇ ਦੇ ਕੀਹ ਵੱਸ ? ਇਹ ਬੇ-ਸਮਝ ਹੈ, ਪ੍ਰਭੂ ਆਪ ਹੀ ਸਿਆਣਾ ਹੈ, ਆਪ ਹੀ ਸਭ ਕੁਝ ਜਾਣਦਾ ਹੈ, ਉਹੀ ਸਮਝਾਵੇ ਤਾਂ ਜੀਵ ਸਮਝੇ :

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥
ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥
ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥
ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥
ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥
ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥

(ਓਅੰਕਾਰ ਮ. ੧/੯੩੫)

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਾਇਆ ਦੇ ਪ੍ਰਭਾਵ ਥੱਲੇ ਮਨੁੱਖ ਸੰਸਾਰਕ ਪਦਾਰਥ ਇਕੱਤਰ ਕਰਦਾ ਹੋਇਆ ਅਤੇ ਇਨ੍ਹਾਂ ਪਦਾਰਥਾਂ ਦੇ ਮੋਹ ਰਸਾਂ-ਕਸਾਂ ਵਿਚ ਗਲਤਾਨ ਹੋਇਆ ਆਪਣਾ ਜੀਵਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਸਫਲ ਗੁਆ ਲੈਂਦਾ ਹੈ :

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥
ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥
ਕਿਸ ਹੀ ਨਾਲਿ ਨਾ ਚਲਿਆ ਖਪਿ ਖਪਿ ਮੁਏ ਅਸਾਰ ॥
ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥
ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥
ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥

ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥
ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥
ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥
ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥
ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥
ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥
(ਸਿਰੀ ਰਾਗੁ ਮ. ੧/੬੩)

ਮਾਇਆ ਦੇ ਹਥਿਆਰ : ਪੰਜ ਵਿਕਾਰ ਮਾਇਆ ਦਾ ਅਸਰ ਜੀਵ ਵਿਚ ਪਾਈਆਂ ਜਾਂਦੀਆਂ ਪੰਜ ਤਰ੍ਹਾਂ ਤਰ੍ਹਾਂ ਦੀਆਂ ਬਿਰਤੀਆਂ ਦੇ ਕਾਰਨ ਹੁੰਦਾ ਹੈ। ਧਰਮ ਦੀ ਬੋਲੀ ਵਿਚ ਇਨ੍ਹਾਂ ਨੂੰ ਪੰਜ ਵਿਕਾਰ ਆਖਿਆ ਗਿਆ ਹੈ। ਇਹ ਹਨ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਕਾਮ ਦੀ ਰੁਚੀ ਮਨੁੱਖ ਨੂੰ ਭੈੜੇ ਆਚਰਣ ਵਾਲਾ ਬਣਾਉਂਦੀ ਹੈ। ਕਾਮੀ ਮਨੁੱਖ ਦੂਜਿਆਂ ਦਾ ਰੂਪ ਵੇਖ ਵੇਖ ਕੇ ਖੁਸ਼ ਹੁੰਦਾ ਹੈ। ਦੂਜਿਆਂ ਦੀਆਂ ਧੀਆਂ ਭੈਣਾਂ ਨਾਲ ਜਿਨਸੀ ਸੰਬੰਧ ਬਨਾਉਣ ਲਈ ਤਤਪਰ ਰਹਿੰਦਾ ਹੈ। ਸਿਨਮਿਆਂ, ਡਰਾਮਿਆਂ, ਡਾਂਨਸਾਂ ਵਿਚ ਦੂਜਿਆਂ ਦਾ ਰੂਪ (ਨਗਨਤਾ) ਵੇਖ ਵੇਖ ਕੇ ਖੁਸ਼ ਹੁੰਦਾ ਹੈ। ਧਨ, ਜਾਇਦਾਦ, ਸੰਸਾਰਕ ਪਦਾਰਥਾਂ ਦੀ ਬਹੁਲਤਾ ਵਾਲੇ ਲੋਕ ਹੰਕਾਰੀ ਹੋ ਜਾਂਦੇ ਹਨ। ਹੰਕਾਰ (ਅਭਿਮਾਨ) ਵਿਚ ਆਕੜੇ ਹੋਏ ਉਹ ਦੂਜਿਆਂ ਨੂੰ ਬਹੁਤ ਤੁਛ ਸਮਝਦੇ ਹਨ। ਅਜਿਹੇ

CC-0. In Public Domain. Gurukul Kangri Collection, Haridwar

ਲੋਕ ਹੀ ਨਿਰਧਨਾਂ ਨੂੰ ਮਨੁੱਖ ਨਹੀਂ ਸਮਝਦੇ, ਉਨ੍ਹਾਂ ਨਾਲ ਪਸ਼ੂਆਂ ਜਿਹਾ ਵਤੀਰਾ ਕਰਦੇ ਹਨ, ਜਬਰ-ਜ਼ੁਲਮ ਕਰਦੇ ਹਨ। ਕਈ ਵਾਰ 'ਗੁਣਵਾਨ' ਬੰਦਿਆਂ ਨੂੰ ਆਪਣੇ ਗੁਣਾਂ ਉੱਤੇ ਹੀ ਹੰਕਾਰ ਹੋ ਜਾਂਦਾ ਹੈ। ਉਹ ਸਾਧਾਰਨ ਮਨੁੱਖਾਂ ਨੂੰ ਆਪਣੇ ਤੋਂ ਨੀਵਾਂ ਸਮਝਣ ਲੱਗ ਪੈਂਦੇ ਹਨ। ਹੰਕਾਰ ਦੀ ਬਿਰਤੀ ਹੀ ਕ੍ਰੋਧ ਨੂੰ ਜਨਮ ਦਿੰਦੀ ਹੈ। ਹੰਕਾਰੀ ਪੁਰਖ ਛੋਟੀ ਛੋਟੀ ਗੱਲ ਤੇ ਗੁੱਸੇ ਵਿਚ ਆ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਔਗੁਣ ਵਿਖਾਈ ਨਹੀਂ ਦਿੰਦੇ, ਦੂਜਿਆਂ ਨੂੰ ਖਾਹ-ਮਖਾਹ ਕੋਸਦੇ ਰਹਿੰਦੇ ਹਨ। ਨਿਰਧਨ, ਕਮਜ਼ੋਰ ਉਨ੍ਹਾਂ ਤੋਂ ਘਟ ਗਿਆਨਵਾਨ ਲੋਕ ਉਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਹੋਏ ਰਹਿੰਦੇ ਹਨ। ਲੋਭ ਦੀ ਬਿਰਤੀ ਮਨੁੱਖ ਅੰਦਰ ਸੰਸਾਰਕ ਪਦਾਰਥਾਂ ਨੂੰ ਵੱਧ ਤੋਂ ਵੱਧ ਇਕੱਤਰ ਕਰਨ ਦੀ ਲਾਲਸਾ ਪੈਦਾ ਕਰਦੀ ਹੈ। ਲੋਭੀ ਮਨੁੱਖ ਪਰਾਈਆਂ ਵਸਤਾਂ ਉੱਪਰ ਆਪਣੀ ਨਜ਼ਰ ਰੱਖਦਾ ਹੈ। ਪਰਾਈਆਂ ਵਸਤਾਂ ਨੂੰ ਪ੍ਰਾਪਤ ਕਰਨ ਲਈ ਰਿਸ਼ਵਤ, ਧੋਖਾ, ਹੇਰਾ-ਫੇਰੀ, ਠੱਗੀ, ਲੁੱਟ-ਘਸੁੱਟ ਆਦਿਕ ਬੁਰਾਈਆਂ ਨੂੰ ਅਪਣਾਉਂਦਾ ਹੈ। ਮੋਹ ਦੀ ਭਾਵਨਾ ਮਨੁੱਖ ਵਿਚ ਆਪਣੀ ਇਸਤਰੀ, ਧੀਆਂ ਪੁਤਰਾਂ, ਦੁਨਿਆਵੀ ਪਦਾਰਥਾਂ ਲਈ ਬੇਲੋੜਾ ਪਿਆਰ ਪੈਦਾ ਕਰਦੀ ਹੈ। ਇੰਨਾ ਪਿਆਰ ਕਿ ਇਨ੍ਹਾਂ ਦੀ ਹੋਂਦ ਵਿਚ ਉਹ ਮਨੁੱਖ ਬੇਅੰਤ ਖੁਸ਼ੀ ਮਹਿਸੂਸ ਕਰਦਾ ਹੈ, ਪਰ ਜਦੋਂ ਕੋਈ ਪਿਆਰਾ ਚੱਲ ਵਸੇ ਜਾਂ ਧਨ-ਜਾਇਦਾਦ ਖੁੱਸ ਜਾਵੇ ਤਾਂ ਉਹੀ ਮਨੁੱਖ ਮਾਰਿਆ ਮਾਰਿਆ ਫਿਰਦਾ ਹੈ, ਧੀਰਜ ਗੁਆ ਬੈਠਦਾ ਹੈ ਮਾਨਸਿਕ ਸੰਤੁਲਿਨ ਗੁਆ ਬੈਠਦਾ ਹੈ ਅਤੇ ਕਈ ਤਰ੍ਹਾਂ ਦੇ ਮਾਨਸਿਕ ਅਤੇ ਸਰੀਰਕ ਰੋਗ ਸਹੇੜ ਲੈਂਦਾ ਹੈ।

ਗੁਰੂ ਸਾਹਿਬ ਪੰਜ-ਵਿਕਾਰਾਂ ਦੀ ਮਾਰ ਦਾ ਜ਼ਿਕਰ ਕਰਦਿਆਂ ਆਖਦੇ ਹਨ ਕਿ ਇਹ ਜੀਵ ਪੰਜ-ਵਿਕਾਰਾਂ ਦੇ ਸ਼ਿਕੰਜੇ ਵਿਚ ਆਇਆ ਹੋਇਆ ਦੁਖ ਭੋਗਦਾ ਹੈ। ਇਸ ਦੁਖ ਤੋਂ ਖਲਾਸੀ ਪਰਮਾਤਮਾ ਦੇ ਨਾਮ ਜਪਣ ਉਸਦੀ ਸਿਫ਼ਤ-ਸਲਾਹ ਕਰਨ, ਗੁਣ ਗਾਉਣ ਨਾਲ ਹੋ ਸਕਦੀ ਹੈ :

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥
ਸ੍ਰੀ ਰਾਮ ਨਾਮਾ ਉਚਰੁ ਮਨਾ ॥
ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥

(ਗਉੜੀ ਮ. ੧/੧੫੫)

ਜਿਵੇਂ ਸੋਹਾਗਾ ਕੁਠਾਲੀ ਵਿਚ ਪਾਏ ਸੋਨੇ ਨੂੰ ਨਰਮ ਕਰ ਦੇਂਦਾ ਹੈ, ਤਿਵੇਂ ਕਾਮ ਅਤੇ ਕ੍ਰੋਧ ਮਨੁੱਖ ਦੇ ਸਰੀਰ ਨੂੰ ਨਿਰਬਲ ਕਰ ਦੇਂਦੇ ਹਨ। ਉਹ ਢਲਿਆ ਹੋਇਆ ਸੋਨਾ ਕੁਠਾਲੀ ਵਿਚ ਸੇਕ ਸਹਿੰਦਾ ਹੈ, ਫਿਰ ਕਸਵੱਟੀ ਦੀ ਕੱਸ ਸਹਾਰਦਾ ਹੈ, ਭਾਵ-ਕਸਵੱਟੀ ਤੇ ਘਸਾ ਕੇ ਪਰਖਿਆ ਜਾਂਦਾ ਹੈ, ਤੇ ਸੋਹਣੇ ਰੰਗ ਵਾਲਾ ਉਹ ਸੋਨਾ ਸਰਾਫ਼ ਦੀ ਨਜ਼ਰ ਵਿਚ ਕਬੂਲ ਪੈਂਦਾ ਹੈ। ਕਾਮ ਕ੍ਰੋਧ ਨਾਲ ਕਮਜ਼ੋਰ ਹੋਇਆ ਜੀਵ ਭੀ ਪ੍ਰਭੂ ਜੀ ਦੀ ਮਿਹਰ ਨਾਲ ਜਦੋਂ ਗੁਰੂ ਦੇ ਦੱਸੇ ਰਾਹ ਦੀ ਘਾਲ-ਕਮਾਈ ਕਰਦਾ ਹੈ, ਤੇ ਗੁਰੂ ਜੀ ਦੀ ਦੱਸੀ ਸਿੱਖਿਆ ਉੱਤੇ ਪੂਰਾ ਉਤਰਦਾ ਹੈ ਤਾਂ ਉਹ ਸੋਹਣੇ ਆਤਮਾ ਵਾਲਾ ਪ੍ਰਾਣੀ ਅਕਾਲ ਪੁਰਖ ਜੀ ਦੀ ਨਜ਼ਰ ਵਿਚ ਕਬੂਲ ਹੁੰਦਾ ਹੈ :

ਕਾਮੁ ਕ੍ਰੋਧ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥
ਕਸਿ ਕਸਵਟੀ ਸਹੈ ਸੁ ਤਾਉ ॥
ਨਦਰਿ ਸਰਾਫ ਵੰਨੀ ਸਚੜਾਉ ॥

(ਦ: ਓਅੰਕਾਰ ਮ. ੧/੯੩੨)

ਗੁਰੂ ਜੀ ਆਖਦੇ ਹਨ ਹੇ ਕਾਲੇ ਹਰਣ ਵਾਂਗ ਸੰਸਾਰ-ਬਨ ਵਿਚ ਬੇ-ਪਰਵਾਹ ਹੋ ਕੇ ਚੁੰਗੀਆਂ ਮਾਰਨ ਵਾਲੇ ਮਨ! ਤੂੰ ਮੇਰੀ ਗੱਲ ਸੁਣ। ਤੂੰ ਇਸ ਜਗਤ ਫੁਲਵਾੜੀ ਵਿਚ ਕਿਉਂ ਮਸਤ ਹੋ ਰਿਹਾ ਹੈ? ਇਸ ਫੁਲਵਾੜੀ ਦਾ ਫਲ ਜ਼ਹਿਰ ਹੈ, ਭਾਵ-ਆਤਮਕ ਮੌਤ ਪੈਦਾ ਕਰਦਾ ਹੈ ਇਹ ਥੋੜੇ ਦਿਨ ਹੀ ਸੁਆਦਲਾ ਲੱਗਦਾ ਹੈ, ਫਿਰ ਇਹ ਦੁਖਦਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣ ਜਾਂਦਾ ਹੈ। ਜਿਸ ਵਿਚ ਤੂੰ ਇਤਨਾ ਮਸਤ ਹੈਂ ਇਹ ਆਖ਼ਰ ਦੁਖਦਾਈ ਹੋ ਜਾਂਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾ ਇਹ ਬਹੁਤ ਦੁੱਖ ਦੇਂਦਾ ਹੈ। ਉਂਝ ਹੈ ਭੀ ਇਹ ਥੋੜ੍ਹਾ ਸਮਾਂ ਰਹਿਣ ਵਾਲਾ ਜਿਵੇਂ ਸਮੁੰਦਰ ਲਹਿਰਾਂ ਮਾਰਦਾ ਹੈ ਜਾਂ ਜਿਵੇਂ ਬਿਜਲੀ ਲਿਸ਼ਕ ਮਾਰਦੀ ਹੈ।

ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਹੋਰ ਕੋਈ ਸਦਾ ਨਾਲ ਨਿਭਣ ਵਾਲਾ ਰਾਖਾ ਨਹੀਂ। ਹੇ ਹਰਨ ਵਾਂਗ ਚੁੰਗੀਆਂ ਮਾਰਨ ਵਾਲੇ ਮਨ! ਉਸਨੂੰ ਤੂੰ ਭੁਲਾਈ ਬੈਠਾ ਹੈ। ਹੇ ਕਾਲੇ ਹਰਨ! ਹੇ ਮਨ; ਸਦਾ ਥਿਰ ਰਹਿਣ ਵਾਲੇ ਪਾਰਬ੍ਰਹਮ ਪਰਮੇਸ਼ਰ ਨੂੰ ਸਿਮਰ ਨਹੀਂ ਤਾਂ ਇਸ ਜਗਤ-ਫੁਲਵਾੜੀ ਵਿਚ ਮਸਤ ਹੋ ਕੇ ਤੂੰ ਆਪਣੀ ਆਤਮਕ ਮੌਤ ਸਹੇੜ ਲਏਂਗਾ:

ਤੂ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਾਏ ॥
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥
(ਆਸਾ ਮ. ੧/੪੩੮)

ਇਸ ਲਈ ਗੁਰਮਤਿ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੇ ਕਾਬੂ ਪਾ ਕੇ ਸਰੀਰਕ ਲੋੜਾਂ ਪੂਰੀਆਂ ਕਰਦੇ ਹੋਏ ਆਤਮਕ ਪਦ ਦੀ ਪ੍ਰਾਪਤੀ ਦੱਸੀ ਹੈ। ਜਿਸ ਤਰ੍ਹਾਂ ਦੇ ਬੀਜ ਧਰਤੀ ਵਿਚੋਂ ਮਿੱਟੀ, ਰੂੜੀ, ਪਾਣੀ ਤੇ ਹੋਰ ਤੱਤਾਂ ਨੂੰ ਲੈ ਕੇ ਫੁੱਲਾਂ ਤੇ ਫਲਾਂ ਦੇ ਰੂਪ ਵਿਚ ਬਦਲ ਦਿੰਦੀ ਹੈ। ਦਸਮ ਪਾਤਸ਼ਾਹ ਜੀ ਫੁਰਮਾਉਂਦੇ ਹਨ:

ਕਾਮ ਕਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹਿ ਪਾਵੈ ॥

ਪੰਜਾਂ-ਵਿਕਾਰਾਂ ਨੂੰ ਘਟਾਉਣ ਲਈ ਇਹ ਸਾਧਨ ਹਨ: ਅਕਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੁਰਖ ! ਵਾਹਿਗੁਰੂ ! ਨਿਰੰਕਾਰ ਜੀ ਦੀ ਭਗਤੀ, ਨਾਮ ਸਿਮਰਨ, ਗੁਰਬਾਣੀ ਦਾ ਅਭਿਆਸ, ਕੀਰਤਨ, ਇਸ਼ਨਾਨ, ਕੁਸੰਗਤ ਦਾ ਤਿਆਗ, ਸਤਿਸੰਗਤਿ ਵਿਚ ਰਹਿਣਾ, ਚੰਗੀਆਂ ਪੁਸਤਕਾਂ ਪੜ੍ਹਨੀਆਂ, ਸ਼ਰਾਬ ਅਤੇ ਨਸ਼ਿਆਂ ਦਾ ਤਿਆਗ, ਰੰਗ ਤਮਾਸ਼ੇ ਨਾ ਦੇਖਣੇ, ਉੱਤਮ ਵਿਚਾਰ, ਸਾਫ ਸੁਥਰੀ ਖੁਰਾਕ ਖਾਣੀ, ਸਾਦਾ ਪੁਸ਼ਾਕ ਪਹਿਨਣੀ, ਸਭ ਤੋਂ ਵੱਧ ਕੇ ਇਹ ਗੱਲ ਕਿ ਹਰ ਵਕਤ ਕਿਸੇ ਨੇਕ ਕੰਮ ਵਿਚ ਰੁਝੇ ਰਹਿਣਾ। ਗੁਰਮਤਿ ਵਿਚ ਸਿਖ ਲਈ ਇਹ ਸਾਰੀਆਂ ਗੱਲਾਂ ਜ਼ਰੂਰੀ ਹਨ।

ਸਿੱਖ ਨੇ ਮਨ, ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨੂੰ ਮਾਰਨਾ ਨਹੀਂ; ਸੁਧਾਰਨਾ ਹੈ। ਕਾਮ ਨੂੰ ਸੰਜਮ ਤੇ ਸ਼ਕਤੀ, ਕਰੋਧ ਨੂੰ ਵੀਰਤਾ, ਲੋਭ ਨੂੰ ਪੁਰਸ਼ਾਰਥ ਤੇ ਸੰਤੋਖ, ਮੋਹ ਨੂੰ ਪ੍ਰੇਮ ਤੇ ਕੁਰਬਾਨੀ ਅਤੇ ਹੰਕਾਰ ਨੂੰ ਸਵੈਮਾਨ ਦੇ ਰੂਪ ਵਿਚ ਬਦਲਦਾ ਰਹਿੰਦਾ ਹੈ।

ਅਕਾਲ ਪੁਰਖ ਤੋਂ ਨਦਰ ਦੀ ਯਾਚਨਾ : ਮਾਇਆ ਦੇ ਵੱਖ ਵੱਖ ਰੂਪਾਂ ਦੇ ਹਮਲਿਆਂ ਅਤੇ ਵਿਕਾਰਾਂ ਦੀ ਮਾਰ ਤੋਂ ਬਚਨਾ ਇਤਨਾ ਆਸਾਨ ਨਹੀਂ ਹੈ, ਇਹ ਸ਼ਹਿ ਸ਼ਹਿ ਕੇ ਤੇ ਵੇਲਾ ਤਾੜ ਤਾੜ ਕੇ ਪ੍ਰਾਣੀ ਤੇ ਹੱਲੇ ਕਰਦੀ ਰਹਿੰਦੀ ਹੈ। ਕਦੀ ਅਚਨਚੇਤ ਮਨ ਤੇ ਮਨ ਦੀਆਂ ਪੁਰਾਣੀਆਂ ਵਾਸ਼ਨਾ ਜੀਵ ਤੇ ਗਲਬਾ ਪਾ ਜਾਂਦੀਆਂ ਹਨ। ਮਾਇਆ ਅਤੇ ਵਿਕਾਰਾਂ ਉੱਤੇ ਮਨੁੱਖ ਤਾਂ ਹੀ ਫਤਹਿ ਪ੍ਰਾਪਤ ਕਰ ਸਕਦਾ ਹੈ, ਜੇ ਉਹ ਨਿਤ ਸਰਬ ਸ਼ਕਤੀਮਾਨ ਪਾਰਬ੍ਰਹਮ-ਪਰਮੇਸ਼ਰ ਜੀ ਪਾਸ ਬੇਨਤੀਆਂ, ਜੋਦੜੀਆਂ, ਨਿਰਬਾਨ ਭਰੀਆਂ ਅਰਦਾਸਾਂ ਕਰੇ ਕਿ ਹੇ ਅਕਾਲ ਪੁਰਖ ! ਨਿਰੰਕਾਰ ! ਪਰਮਾਤਮਾ ਜੀਓ ! ਮਾਇਆ ਨਾਲ ਲੜਨ ਦਾ ਬਲ ਬਖਸ਼ੇ, ਸਮਰੱਥਾ ਬਖਸ਼ੇ। ਹੇ ਸਰਬ ਵਿਆਪਕ ! ਸਰਬ ਸ਼ਕਤੀਮਾਨ ! ਸਰਬ ਗਿਆਤਾ ਜੀਓ ! ਆਪ ਮਾਲਕ ਹੋ ! ਪਾਲਕ ਹੋ, ਸਿਰਜਨਹਾਰ ਹੋ, ਕਰਤਾਰ ਹੋ, ਸਦਾ ਹੀ ਦਾਤਾਰ ਹੋ, ਮੈਂ ਤੇਰੀ ਗੋਦ ਵਿਚ ਹਾਂ, ਮੇਰੇ ਤਨ ਮਨ ਆਤਮਾ ਨੂੰ ਮਾਇਆ ਦੇ ਹੱਲਿਆਂ ਤੋਂ ਸਦਾ ਹੀ ਬਚਾਈ ਰੱਖੋ ! ਬਚਾਈ ਰੱਖੋ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਖੁ ਸਦਾ ਪ੍ਰਭ ਅਪਨੈ ਸਾਥ ॥
ਤੂ ਹਮਰੋ ਪ੍ਰੀਤਮੁ ਮਨਮੋਹਨੁ
ਤੁਝ ਬਿਨੁ ਜੀਵਨੁ ਸਗਲ ਅਕਾਥ ॥੧॥ਰਹਾਉ॥੧੨੩॥
(ਬਿਲਾਵਲ ਮ. ੫/੮੨੮)

ਜਦ ਕਦੇ ਕੋਈ ਚਾਰਾ ਨਾ ਰਹੇ ਤਾਂ, ਅਰਦਾਸ ਦਾ ਸਹਾਰਾ ਜ਼ਰੂਰ ਲੈਣਾ ਹੈ। ਗਲ ਵਿਚ ਪੱਲਾ ਪਾ ਦੋਵੇਂ ਹੱਥ ਜੋੜ ਕੇ ਤੇ ਸੀਸ ਨਿਵਾ ਕੇ ਮਾਇਆ ਤੋਂ ਬਚਨ ਵਾਲੇ ਵਾਸਤੇ ਅਰਦਾਸ ਕਰਨੀ ਕੇ ਹੇ ਵਾਹਿਗੁਰੂ ਮੇਰੀਆਂ ਭੁੱਲਾਂ ਬਖਸ਼ੋ, ਵੈਰਾਗ ਮਈ ਹਿਰਦੇ ਨਾਲ ਮਨ ਨੂੰ ਨੂੰ ਜੋੜ ਕੇ ਅਰਦਾਸ ਕਰਨੀ ਚਾਹੀਦੀ ਹੈ, ਕਿਉਂਕਿ ਅਰਦਾਸ ਦੇ ਜਿਰੀਏ ਅਸੀਂ ਸਰਗੁਣ ਨਿਰਗੁਣ ਪਰਮਾਤਮਾ ਤੋਂ ਜੋ ਕਲਾਧਾਰ ਹੈ, ਮਨ ਨੂੰ ਜੋੜ ਕੇ ਅਰਦਾਸ ਕਰੇ ਤਾਂ ਜੀਵ ਪ੍ਰਭੂ ਜੀ ਦੀ ਸ਼ਰਨ ਵਿਚ ਜਾ ਜੁੜਦਾ ਹੈ। ਜੋ ਜਨਮਾਂ ਜਨਮਾਂ ਦੀ ਮੈਲ ਪਾਪਾਂ ਦੀ ਜੋ ਜੀਵ ਨੂੰ ਲੱਗੀ ਹੋਈ ਹੁੰਦੀ ਹੈ ਉਹ ਸ਼ੱਚੇ ਹਿਰਦੇ ਨਾਲ ਕੀਤੀ ਹੋਈ ਅਰਦਾਸ ਨਾਲ ਸੜ ਬਲ ਜਾਂਦੀ ਹੈ। ਮਨ ਨੂੰ ਮਾਇਆ ਦੀ ਕਾਈ ਲੱਗੀ ਹੋਈ ਹੁੰਦੀ ਹੈ, ਉਹ ਅਰਦਾਸ ਨਾਲ ਜਿਵੇਂ ਅੱਗ ਦੇ ਸੇਕ ਨਾਲ ਖੰਡ ਨਿਖਰ ਆਉਂਦੀ ਹੈ, ਜੀਵ ਅਕਾਲ ਪੁਰਖ ! ਪ੍ਰਭੂ ਜੀ ਦੀ ਅੰਸ਼ ਹੈ, ਭਾਵ ਆਤਮਾ ਤੇ ਪਰਮਾਤਮਾ ਦੇ ਵਿਚਲੇ ਜੋ ਕੂੜ ਦੀ ਕੰਧ ਬਣੀ ਹੋਈ ਹੈ ਉਹ ਅਰਦਾਸ ਦੇ ਜਿਰੀਏ ਮਿਟ ਜਾਂਦੀ ਹੈ। ਭਾਵ ਮਾਇਆ ਦਾ ਪਰਦਾ ਦਿਲ ਤੋਂ ਪਰੇ ਕਰ ਕੇ ਜੀਵ ਨੂੰ ਧੁਰ ਦਰਗਾਹੇ ਜਾ ਖੜਾ ਕਰਦੀ ਹੈ। ਦਵੈਤ ਭਾਵ ਸਭ ਮਿਟਾ ਦਿੰਦੀ ਹੈ। ਪਰ ਸਚੇ ਇਰਾਦੇ ਨਾਲ ਹੋਈ ਅਰਦਾਸ ਸਾਂਈ ਦੇ ਚਰਨਾਂ 'ਚ ਜਾ ਜੀਵ ਨੂੰ ਮੇਲਦੀ ਹੈ।

ਪਹਿਲਾਂ ਜਦ ਅਸੀਂ ਦਸਾਂ ਸਤਿਗੁਰਾਂ ਦਾ ਨਾਮ ਲੈ ਕੇ ਅਰਦਾਸ ਕਰਦੇ ਹਾਂ, ਤਾਂ ਪਰਭਾਵ ਛਾ ਜਾਂਦਾ ਹੈ। ਫੇਰ ਜਦ ਕਿਰਪਾਲੂ ਪਿਤਾ ਜੀ ਅੱਗੇ ਬੇਨਤੀ ਕਰਦੇ ਹਾਂ ਮਨ ਨੂੰ ਜੋੜ ਕੇ ਤਾਂ ਸਭ ਕੁੱਝ ਭੁੱਲ ਜਾਏ, ਸਮਝੋ ਵਾਹਿਗੁਰੂ ਜੀ ਦੀ ਹਜ਼ੂਰੀ 'ਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਜ਼ਰ ਹੋਏ ਖੜੇ ਹਾਂ। ਉਸ ਸਮੇਂ ਅਕਾਲ ਪੁਰਖ ਪਰਮੇਸ਼ਰ ਜੀ ਤੋਂ ਰਜ਼ਾ, ਭਾਣਾ ਮਿੱਠਾ ਮੰਗੀਦਾ ਹੈ। ਜਦੋਂ ਰਜ਼ਾ 'ਚ ਘੁਲ ਮਿਲ ਜਾਈਦਾ ਹੈ ਤਾਂ ਦੂਈ ਭਾਵ-ਦਵੈਤ ਭਾਵ ਦੀ ਅੰਸ਼ ਮੂਲੋਂ ਹੀ ਖਤਮ ਹੋ ਕੇ ਆਪਣਾ ਆਪ ਸਾਫ ਸੁਥਰਾ ਹੋਇਆ ਸਾਹਿਬ ਜੀ ਦੇ ਚਰਨਾਂ ਭਾਵ ਸਹਿਜ ਵਿਚ ਪਹੁੰਚਿਆ ਹੁੰਦਾ ਹੈ। ਇਉਂ ਸਿਦਕ ਭਰੀ ਅਰਦਾਸ ਜਿਰੀਏ ਗੁਣਾਂ ਦੇ ਸਾਗਰ ਨੂੰ ਮਿਲ ਪਈਦਾ ਹੈ। ਜਿਸ ਦਾ ਰੂਪ ਰੇਖ ਰੰਗ ਤ੍ਰਿਗੁਣਾ ਤੋਂ ਭਿੰਨ ਹੈ: 'ਰੂਪ ਨ ਰੇਖ ਨ ਰੰਗ ਕਿਛ ਤ੍ਰਿਗੁਣ ਤੇ ਪ੍ਰਭੁ ਭਿਨ'॥ (ਸੁਖਮਨੀ) ਜਦ ਅਰਦਾਸ ਦਾ ਨਿਵਾਸ ਹਿਰਦੇ 'ਚ ਹੋ ਜਾਵੇ ਤਾਂ ਸਾਰੇ ਕਾਰਜ ਰਾਸ ਹੋ ਆਉਂਦੇ ਹਨ, ਪਰ ਪਰਮਾਤਮਾ ਦਾ ਪਾਰਾਵਾਰ ਕੋਈ ਨਹੀਂ ਪਾ ਸਕਦਾ, ਪਰ ਅਰਦਾਸ ਦੇ ਜਿਰੀਏ ਆਪਣੀ ਲੋੜ ਉਹਨਾਂ ਦੇ ਚਰਨਾਂ 'ਚ ਘੱਲਦੇ ਹਾਂ। ਉਹ ਸਰਬ ਵਿਆਪਕ ! ਨਿਰੰਕਾਰ ਅੰਤਰਜਾਮੀ ਹਨ, ਸਭ ਦੀ ਸੁਣਦੇ ਹਨ। ਪਰ ਅਰਦਾਸ ਐਉਂ ਕਰੇ ਜਿਵੇਂ ਬੱਚਾ ਮਾਂ ਵੱਲ ਵੇਖਦਾ, ਹੱਸਦਾ, ਹੱਥ, ਹਲਾਉਂਦਾ, ਬੁਲ ਟੇਰਦਾ, ਅੱਗੋਂ ਮਾਂ ਛਾਤੀ ਨਾਲ ਲਾਉਂਦੀ, ਪਿਆਰ ਕਰਦੀ ਹੈ, ਅਸੀਂ ਉਸ ਅਕਾਲ ਪੁਰਖ ਦੀ ਅੰਸ਼ ਹਾਂ, ਬੱਚੇ ਹਾਂ, ਜਿਵੇਂ ਅਸੀਂ ਸਾਂਈ ਜੀ ਨੂੰ ਲੋਚਦੇ ਹਾਂ, ਉਹ ਵੀ ਆਪਣੀ ਰਚੀ ਹੋਈ ਨੂੰ ਲੋਚਦਾ ਹੈ। ਅਸੀਂ ਮਸੂਮ ਬੱਚੇ ਵਾਂਗ ਹੀ ਸਾਂਈ ਜੀ ਨਾਲ ਪਿਆਰ ਕਰਨਾ ਹੈ, ਅੱਗੇ ਉਹਦੀ ਮਰਜ਼ੀ ਹੈ, ਮੰਨੇ ਜਾਂ ਨਾ ਮੰਨੇ, ਪਰ ਜਾਣੀ ਜਾਣ ਹੈ ਉਹ ਸਭ ਕੁਝ ਜਾਣਦਾ ਹੈ, ਪਰ ਅਰਦਾਸ ਕਰਨੇ ਦਾ ਸੁਭਾਉ ਬਣਾਈ ਰੱਖਣਾ ਹੈ। ਜਿਵੇਂ ਬੱਚਾ ਜਦੋਂ ਕੁਝ ਚਾਹੁੰਦਾ ਹੈ ਤਦੇ ਰੋ ਰੋ ਕੇ ਮਾਂ ਕੋਲੋਂ ਮੰਗਦਾ ਆਪਦਾ ਦੁਖ ਦੱਸਦਾ ਹੈ। ਤਿਵੇਂ ਅਸੀਂ ਵਾਹਿਗੁਰੂ ਜੀ ਦੇ ਬਾਲਕ ਹਾਂ, ਆਪਣੇ ਵਿਤ ਦੀ ਭਾਵ ਜਾਇਜ ਬੇਨਤੀ ਪ੍ਰਭੂ ਚਰਨਾਂ 'ਚ ਕਰਨੀ ਚਾਹੀਦੀ ਹੈ। ਅਕਾਲ ਪੁਰਖ ਤੋਂ ਨਾਮ ਤੇ ਜਨਮ ਸਵਾਰਨ ਦੀ ਮੰਗ ਮੰਗਣੀ ਚਾਹੀਦੀ ਹੈ। ਅਗੇ ਦਾਤਾਰ ਗੁਣਾਂ ਦੀ ਖਾਣ ਹੈ, ਸਭ ਦੇ ਘਟ ਘਟ ਵਿਚ ਵਸ ਰਿਹਾ ਹੈ। ਅਸੀਂ ਉਹਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਲਾਂ ਤਾਂ ਉਹ ਸਭ ਵਿਚ [illegible] ਰਿਹਾ ਹੈ, ਪਰ ਸਾਨੂੰ ਪ੍ਰਤੀਤ ਨਹੀਂ ਹੁੰਦਾ, ਕੋਈ ਆਤਮਾ ਤੇ ਪਰਮਾਤਮਾ ਦੇ ਵਿਚਾਲੇ ਮਹਾਨ ਵਿੱਥ ਪਈ ਹੋਈ ਹੈ । ਹੁਣ ਜੇ ਅਰਦਾਸ ਕਰ ਕੇ ਪਾਰਬ੍ਰਹਮ ਪਰਮੇਸ਼ਰ ਜੀ ਨੂੰ ਧਿਆਈਏ ਤਾਂ ਉਹ ਵਿੱਥ, ਉਹ ਪੜਦਾ, ਉਹ ਭੁਲ ਜੋ ਸਾਡੇ ਅਤੇ ਉਹਦੇ ਵਿਚਾਲੇ ਪਈ ਹੋਈ ਹੈ ਉਹ ਮਿਟ ਜਾਂਦੀ ਹੈ। ਜਿੰਨਾ ਚਿਰ ਅਨੁਭਵ ਨਾ ਹੋ ਜਾਏ ਓਨਾ ਚਿਰ ਇਹ ਕੂੜ ਦੀ ਕੰਧ ਟੁੱਟਦੀ ਨਹੀਂ। ਜਦ ਲਗਾਤਾਰ ਨਾਮ ਜਾਰੀ ਹੈ ਤਦ ਜਾ ਕੇ ਵਿਥ ਟੁਟਦੀ ਹੈ। ਅਰਦਾਸ ਦਾ ਆਰੰਭ ਹੈ ਬੇਨਤੀ ਕਰਨੀ, ਜਿਉਂ ਜਿਉਂ ਸਾਂਈ ਜੀ ਦੇ ਗੁਣਾਂ ਦੀ ਅਰਦਾਸ ਕਰਦੇ ਰਹੀਏ ਤਾਂ ਸਾਂਈ ਦੇ ਗੁਣ ਸਾਡੇ ਅੰਦਰ ਪ੍ਰਵੇਸ਼ ਹੁੰਦੇ ਹਨ। ਉਸ ਦੀ ਯਾਦ ਜਿਉਂ ਜਿਉਂ ਪੱਕਦੀ ਹੈ ਤਿਉਂ ਤਿਉਂ ਸੁਖੀ ਹੋਈਦਾ ਹੈ। ਜਦੋਂ ਵੀ ਪਿਆਰ ਦੇ ਨਾਲ ਅਰਦਾਸ ਕਰੀਏ, ਪਿਤਾ ਦਾ ਪੁਤ ਦਾ ਮੇਲ ਸਮਝੋ ਹੁੰਦਾ ਹੈ।

ਰਾਤ ਨੂੰ ਜਦ ਸੌਣ ਤੋਂ ਪਹਿਲਾਂ ਧਿਆਨ ਲਾ ਕੇ ਦਿਨ ਦੀਆਂ ਭੁੱਲਾਂ ਦੀ ਮੁਆਫੀ ਮੰਗੀਏ, ਤਾਂ ਸਭ ਭੁੱਲਾਂ ਮੁਆਫ ਹੋ ਜਾਂਦੀਆਂ ਹਨ, ਜਦੋਂ ਸਵੇਰੇ ਜਾਗੀਏ ਤੈ ਰਾਤ ਦੇ ਸੁਖ ਲਈ ਅਰਦਾਸ ਕਰੀਏ ਤੇ ਦਿਨ ਦੇ ਕੰਮਾਂ ਲਈ ਪ੍ਰਭੂ ਪਾਸੋਂ ਬਰਕਤ ਮੰਗੀਏ। ਸਾਰਾ ਦਿਨ ਸਾਂਈ ਜੀ ਦੀ ਯਾਦ ਦਾ ਭੈ ਉਹਨਾਂ ਨਾਲ ਪ੍ਰੇਮ ਤੇ ਉਹੀ ਮਿਹਰ ਸਭ ਕੰਮਾਂ ਵਿਚ ਨਾਲ ਰਹਿੰਦੀ ਹੈ । ਸੋ ਅਰਦਾਸ ਨੂੰ ਸਦਾ ਦਿਲ ਜੋੜ ਕੇ ਕਰੀਏ । ਅਰਦਾਸ ਭਲੇ ਲਈ ਕਰੀਦੀ ਹੈ, ਕਦੇ ਬੁਰੇ ਲਈ ਨਹੀਂ ਕਰਨੀ ਚਾਹੀਦੀ।

ਗੁਰੂ ਜੀ ਫੁਰਮਾਉਂਦੇ ਹਨ ਕਿ ਮਾਇਆ ਵਾਹਿਗੁਰੂ ਜੀ ਦੀ ਦਾਸੀ ਹੈ, ਜੋ ਪ੍ਰੇਮੀ ਵਾਹਿਗੁਰੂ ਜੀ ਦਾ ਨਾਮ ਜਪਦੇ, ਅਰਦਾਸਾਂ ਕਰਦੇ ਚਰਨ ਸ਼ਰਨ ਹੋ ਕੇ ਤਦ ਰੂਪ ਧੋ ਗਏ, ਉਹਨਾਂ ਦੀ ਮਾਇਆ ਦਾਸੀ ਹੁੰਦੀ ਹੈ :

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਦ ਹੀ ਨਿਰਮਲੁ ਸਹਜਿ ਸਮਾਵੈ ॥੩॥੪॥

(ਗਉੜੀ ਮ. ੩/੨੩੧)

ਗਿਆਨੀ ਕੀ ਹੋਇ ਵਰਤੀ ਦਾਸਿ ॥
ਕਰ ਜੋੜੇ ਕਰ ਅਰਦਾਸਿ ॥
ਜੇ ਤੂੰ ਕਹਹਿ ਸੁ ਕਾਰ ਕਮਾਵਾ ॥੪॥੧॥

(ਆਸਾ ਮ. ੫/੩੭੦)

ਪਰ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਨਾਮ ਸਿਮਰਦਿਆਂ ਜਦੋਂ ਕੁਝ ਲੋਕ ਪ੍ਰਸਿਧੀ ਪ੍ਰਾਪਤ ਕਰ ਲੈਂਦੇ ਹਨ, ਤਾਂ ਉਹ ਇਹ ਸਮਝਣ ਲੱਗ ਪੈਂਦੇ ਹਨ ਕਿ ਅਧਿਆਤਮਕ ਪ੍ਰਾਪਤੀਆਂ ਉਨ੍ਹਾਂ ਨੇ ਆਪਣੇ ਯਤਨਾਂ ਸਦਕਾ ਕੀਤੀਆਂ ਹਨ ਅਤੇ ਵਿਕਾਰਾਂ ਆਦਿ ਪੁਰ ਵੀ ਉਨ੍ਹਾਂ ਨੇ ਖੁਦ ਫਤਹਿ ਪਾਈ ਹੈ। ਪ੍ਰਾਣੀ ਦਾ ਇੰਝ ਸੋਚਣਾ ਉਨ੍ਹਾਂ ਅੰਦਰ 'ਹਉਮੈ' ਪੈਦਾ ਕਰਦਾ ਹੈ। 'ਹਉਮੈ' ਵਿਚ ਮਸਤ ਜੀਵ ਆਪਣੇ ਆਪ ਨੂੰ ਹੀ ਸਭ ਕੁਝ ਸਮਝਦਾ ਹੈ, ਹੰਕਾਰੀ ਹੋ ਜਾਂਦਾ ਹੈ। ਅਜੇਹਾ ਪ੍ਰਾਣੀ ਅਕਾਲ ਪੁਰਖ ਜੀ ਦੀ ਮਿਹਰ (ਨਦਰ) ਤੋਂ ਸੱਖਣਾ ਹੋ ਜਾਂਦਾ ਹੈ। ਉਸ ਵਿਚੋਂ ਹੌਲੀ ਹੌਲੀ ਚੰਗੇ ਗੁਣ ਖਤਮ ਹੋ ਜਾਂਦੇ ਹਨ। ਉਹ ਵੇਖਣ ਨੂੰ ਭੇਖ ਪਹਿਰਾਵੇ ਤੋਂ ਤਾਂ ਭਾਵੇਂ ਧਰਮੀ ਨਜ਼ਰ ਆਉਂਦਾ ਹੈ, ਪਰ ਅਸਲ ਵਿਚ ਉਹ ਧਰਮ-ਵਿਹੂਣਾ ਹੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਅਜਿਹੇ ਬੰਦੇ ਪਾਰਬ੍ਰਹਮ ਪਰਮੇਸ਼ਰ ਜੀ ਨਾਲ ਮਿਲਾਪ ਨਹੀਂ ਹਾਸਲ ਕਰ ਸਕਦੇ। ਭਾਵ ਹਉਂ ਹਉਂ ਕਰਦਿਆਂ ਸੱਚ ਪ੍ਰਾਪਤ ਨਹੀਂ ਹੁੰਦਾ, ਕਿਉਂਕਿ ਹਉਮੈ ਆਪ ਝੂਠ ਹੈ, ਇਸ ਕਰਕੇ ਹਉਮੈ ਦੂਰ ਹੋ ਜਾਵੇ, ਤਾਂ ਪਰਮਪਦ ਪਾ ਲਈਦਾ ਹੈ, ਜੋ ਸੱਚੋ ਸੱਚ ਹੈ :

ਹਉਮੈ ਕਰਤ ਭੇਖੀ ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥

(ਗਉੜੀ ਮ. ੧/੨੨੬)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਉਮੈ, ਦੁਤੀਆ ਭਾਵ, ਤ੍ਰਿਸ਼ਨਾ ਇਹ ਝੂਠ ਹਨ, ਇਨ੍ਹਾਂ ਦਾ ਧਾਰਨਾ ਝੂਠ ਹੁੰਦਾ ਹੈ, ਵਾਹਿਗੁਰੂ ਸੱਚ ਹੈ, ਸੱਚਾ ਹੈ, ਸਤਿ ਸਰੂਪ ਹੈ, ਝੂਠ ਵਿਚ ਸਮਾ ਨਹੀਂ ਸਕਦਾ । ਭਾਵ ਹਉਮੈ ਕਰਦਿਆਂ ਸੁਖ ਨਹੀਂ ਹੁੰਦਾ, ਕਿਉਂਕਿ ਹਉਮੈ ਸਤਿ ਵਸਤੂ ਨਹੀਂ ਤੇ ਇਸ ਤੋਂ ਮਨਮਤ ਉਪਜਦੀ ਹੈ ਸੋ ਮਨਮਤ ਭੀ ਝੂਠੀ ਹੋਈ, ਪਰ ਜਿਸ ਨੂੰ ਮਿਲਣਾ ਹੈ ਉਹ ਅਕਾਲ ਪੁਰਖ ਸੱਚ ਸਰੂਪ ਹੈ, ਝੂਠ ਸੱਚ ਨੂੰ ਮਿਲ ਨਹੀਂ ਸਕਦਾ, ਇਸ ਲਈ ਜਿਨ੍ਹਾਂ ਨੂੰ ਹਉਮੈ ਤੋਂ ਉਪਜੀ ਦੁਐਤ ਭਾਉਂਦੀ ਹੈ ਉਹ ਸਾਰੇ ਖਰਾਬ ਹੁੰਦੇ ਹਨ ਪਰ ਜੀਵ ਕਮਾਉਂਦੇ ਉਹੋ ਹੈ ਜੋ ਧੁਰੋਂ ਲਿਖਿਆ ਹੁੰਦਾ ਹੈ, ਜੋ ਇਹ ਕਮਾਉਂਦਾ ਹੈ :

ਹਉਮੈ ਕਰਤਿਆ ਨਹ ਸੁਖੁ ਹੋਇ ॥
ਮਨ ਮਤਿ ਝੂਠੀ ਸਚਾ ਸੋਇ ॥
ਸਗਲ ਬਿਗੂਤੇ ਭਾਵੈ ਦੋਇ ॥
ਸੋ ਕਮਾਵੈ ਧੁਰਿ ਲਿਖਿਆ ਹੋਇ ॥

(ਗਉੜੀ ਮ. ੧/੨੨੨)

ਹਉਮੈ ਨੂੰ ਤਿਆਗਣ ਨਾਲ ਹੀ ਅਕਾਲ ਪੁਰਖ ਕੰਤ ਨਾਲ ਮੇਲ ਹੋ ਸਕਦਾ ਹੈ । ਗੁਰੂ ਜੀ ਅਰਦਾਸ ਕਰਦੇ ਹਨ ਕਿ ਹੇ ਕੰਤ ਅਕਾਲ ਪੁਰਖ ! ਵਾਹਿਗੁਰੂ ਜੀਓ ! ਜਦੋਂ ਹਉਮੈ ਦੂਰ ਹੋਵੇ ਤਦੋਂ ਹੀ ਤੇਰੇ ਚਰਨਾਂ ਵਿਚ ਲੀਨਤਾ ਹੋ ਸਕਦੀ ਹੈ । ਤਦੋਂ ਹੀ, ਹੇ ਪਿਆਰੇ ! ਜੀਵ-ਇਸਤਰੀ, ਤੈਨੂੰ ਨੌਂ ਖਜ਼ਾਨਿਆਂ ਦੇ ਸੋਮੇ ਨੂੰ ਮਿਲ ਸਕਦੀ ਹੈ :

ਹਉਮੈ ਜਾਈ ਤਾ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥

(ਰਾਗੁ ਸੂਹੀ ਮ. ੧/੭੫੦)

ਪਾਰਬ੍ਰਹਮ ਪਰਮੇਸ਼ੁਰ ਮਿਹਰ (ਨਦਰ) ਕਰੇ ਤਾਂ ਉਹ ਪ੍ਰਾਣੀ ਦੀ ਆਤਮਾ ਨੂੰ ਵਿਕਾਰ-ਰਹਿਤ ਕਰਕੇ ਆਪਣੇ (ਪਰਮਾਤਮਾ) ਵਰਗਾ ਬਣਾ ਲੈਂਦਾ ਹੈ, ਤੇ ਆਪਣੇ ਨਾਲ ਮਿਲਾ ਲੈਂਦਾ ਹੈ । ਕਿਉਂਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਦਾ ਮੋਹ ਸਾਰਾ ਜੰਜਾਲ ਹੈ, ਭਾਵ-ਬੰਨ੍ਹ ਲੈਣ ਵਾਲਾ ਹੈ। ਇਸ ਵਿਚ ਬੱਧਾ ਹੋਇਆ ਮਨਮੁਖ ਗੰਦਾ ਹੈ, ਨਿੰਦਿਤ ਹੈ, ਡਰਾਉਣਾ ਹੈ। ਪਰ ਜੇ ਐਸਾ ਮਨਮੁਖ ਭੀ ਸਤਿਗੁਰੂ ਜੀ ਦੀ ਸੇਵਾ ਕਰੇ ਤਾਂ ਉਸ ਦੇ ਜੰਜਾਲ ਦੂਰ ਹੋ ਜਾਣਗੇ, ਕਿਉਂਕਿ ਅੰਮ੍ਰਿਤ ਨਾਮ, ਜੋ ਸਦੈਵੀ ਸੁਖ ਦਾ ਦਾਤਾ ਹੈ, ਉਸ ਦੇ ਨਾਲ ਹੋ ਜਾਂਦਾ ਹੈ, ਭਾਵ ਕਿ ਅੰਦਰ ਅੰਮ੍ਰਿਤ ਨਾਮ ਦਾ ਸਦੈਵੀ ਸੁਖ ਵਾਲਾ ਨਾਲਾ ਵਗ ਪੈਂਦਾ ਹੈ :

ਮਾਇਆ ਮੋਹੁ ਸਰਬ ਜੰਜਾਲਾ ॥
ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥
ਸਤਿਗੁਰੁ ਸੇਵੇ ਚੂਕੈ ਜੰਜਾਲਾ ॥
ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥

(ਗਉੜੀ ਮ. ੧/੨੨੨)

ਬਹੁਤੇ ਭੇਖਾਂ ਕਰਕੇ ਭੀ ਮਾਇਆ ਦੀ ਅੱਗ ਨਹੀਂ ਬੁੱਝਦੀ। ਹੋਰ ਕ੍ਰੋੜਾਂ 'ਉਪਾਵਾਂ' ਕਰਕੇ ਜੀਵ ਵਾਹਿਗੁਰੂ ਜੀ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦਾ। ਆਕਾਸ਼ ਵਿਚ ਉੱਡ ਗਿਆਂ ਜਾਂ ਪਤਾਲ ਵਿਚ ਉਤਰ ਗਿਆਂ ਭੀ ਜੀਵ ਨੂੰ ਛੁਟਕਾਰਾ ਨਹੀਂ ਮਿਲਦਾ। ਕਿਉਂਕਿ ਇਸ ਜੀਵ ਦੇ ਮਨ ਨੂੰ ਮੋਹ ਲੱਗ ਰਿਹਾ ਹੈ ਜੋ ਮਾਇਆ ਦੇ ਜਾਲ ਵਿਚੋਂ ਛੁੱਟਣ ਨਹੀਂ ਦੇਂਦਾ। ਪਰ ਪਰਮਾਤਮਾ ਦਾ ਨਾਮ ਜਪਦਿਆਂ ਸਭ ਦੁਖ ਦੂਰ ਹੋ ਜਾਂਦਾ ਹੈ। ਤਾਂ ਤੇ ਚਾਹੀਦਾ ਹੈ ਕਿ ਜੀਵ ਪਰਮੇਸ਼ੁਰ ਦਾ ਨਾਮ ਸਹਜ ਸੁਭਾਵ ਲੈਂਦਾ ਰਹੇ :

ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਾਹ ਨਹੀ ਸਿਝੈ ॥
ਛੁਟਸਿ ਨਾਹੀ ਊਭ ਪਇਆਲਿ ॥...

ਮੋਹ ਬਿਆਪਹਿ ਮਾਇਆ ਜਾਲਿ ॥
ਹਰਿ ਕਾ ਨਾਮੁ ਜਪਤ ਦੁਖੁ ਜਾਇ ॥

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਨਕ ਬੋਲੈ ਸਹਜਿ ਸੁਭਾਇ ॥

(ਗਉੜੀ ਸੁਖਮਨੀ ਮ. ੫/੨੬੬)

ਮਾਇਆ ਦਾ ਮੋਹ ਹੀ ਅਗਿਆਨ ਹੈ, ਇਸ ਦਾ ਤਰਨਾ ਡਾਢਾ ਤੇ ਭਾਰਾ ਔਖਾ ਹੈ, ਕਿਉਂਕਿ ਜੀਵ ਨੇ ਪਾਪ ਰੂਪੀ ਪੱਥਰ ਬਹੁਤਾ ਲੱਦਿਆ ਹੋਇਆ ਹੈ, ਹੁਣ ਤਾਰੀ ਕਿਵੇਂ ਤਰੀ ਜਾਵੇ ? [ਉੱਤਰ] ਸਦਾ ਭਗਤੀ ਵਿਚ ਰੱਤੇ ਰਿਹਾਂ ਵਾਹਿਗੁਰੂ ਜੀ ਆਪ ਪਾਰ ਉਤਾਰ ਦੇਂਦਾ ਹੈ। ਭਗਤੀ ਵਿਚ ਇਉਂ ਰੱਤਿਆ ਰਹਿੰਦਾ ਹੈ ਕਿ ਗੁਰੂ ਜੀ ਦੇ ਸ਼ਬਦ ਉਪਦੇਸ਼ ਨਾਲ ਅੰਦਰੋਂ ਹਉਮੈ ਤੇ ਬਾਹਰੋਂ ਵਿਕਾਰਾਂ ਨੂੰ ਛੱਡੀਦਾ ਹੈ ਤਾਂ ਮਨ ਨਿਰਮਲ ਹੁੰਦਾ ਹੈ ਅਤੇ ਨਾਲ ਹਰੀ ਹਰਿ ਦਾ ਨਾਮ ਧਿਆਈਦਾ ਹੈ ਫੇਰ ਉਹੋ ਹਰੀ ਹਰਿ ਜਿਸਦਾ ਨਾਮ ਧਿਆਈਦਾ ਹੈ ਪਾਰ ਉਤਾਰਾ ਕਰ ਦੇਂਦਾ ਹੈ :

ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥
ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ ॥
ਅਨਦਿਨੁ ਭਗਤੀ ਰਤਿਆ ਹਰਿ ਪਾਰਿ ਉਤਾਰੀ ॥
ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ ॥
ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥

(ਵਾਰ ਗੁਜਰੀ ਮ. ੩/੫੦੯)

ਇਸ ਪਉੜੀ ਵਿਚ ਮਾਇਆ ਦਾ ਮੂਲ ਪ੍ਰਕਾਰ ਦੱਸਿਆ ਹੈ, ਇਹ ਮਾਇਆ ਕੇਵਲ ਮੂਲ ਮਾਤ੍ਰ ਨਹੀਂ, ਇਹ ਅਗਿਆਨ ਹੋ ਕੇ ਜੀਵਾਂ ਤੇ ਛਾ ਰਹੀ ਹੈ। ਇਹ ਇਕ ਬਿਖਮ ਨਦੀ ਵਾਂਗੂੰ ਹੈ, ਫਿਰ ਇਸ ਦੇ ਹਨੇਰੇ ਵਿਚ ਪਾਪਾਂ ਰੂਪੀ ਪੱਥਰ ਲੱਦੇ ਰਹਿੰਦੇ ਹਨ, ਸੋ ਇਸ ਨਦੀ ਨੂੰ ਤਰਕੇ ਤੁਰੀਆਂ ਪਦ ਭਾਵ ਅਖੀਰੀ ਪਦ ਵਿਚ ਅਪੜਨਾ ਖਰਾ ਕਠਨ ਹੋ ਰਿਹਾ ਹੈ। ਤੁਰੀਆ ਪਦ ਵਿਚ ਅਸਲ ਸੁਖ ਹੈ, ਮਾਇਆ ਵਿਚ ਨਹੀਂ। ਹੁਣ ਮਾਇਆ ਤੋਂ ਬਚਣ ਦਾ ਤਰੀਕਾ ਦੱਸਦੇ ਹਨ :

੧ ਭਗਤੀ ਵਿਚ ਰਚ ਜਾਣਾ। ੨. ਭਗਤੀ ਵਿਚ ਰਚਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਗੁਰੂ ਸ਼ਬਦ ਦੀ ਲੋੜ ਦਸੀ ਹੈ। ੩. ਗੁਰੂ ਦਾ ਸਿਰ ਉਪਦੇਸ਼ਾਂ ਦੇ ਉਪਦੇਸ਼ 'ਨਾਮ' ਹੈ, ਉਸ ਦੀ ਤਾਕੀਦ ਕੀਤੀ ਹੈ। ਇਸ ਵਿਧੀ ਨਾਲ ਮਨ ਦਾ ਨਿਰਮਲ ਹੋਣਾ ਤੇ ਹਉਮੈ ਤੇ ਹਉਮੈ ਵਿਚ ਰਚਕੇ ਕੀਤੇ ਵਿਕਾਰ ਸਾਰੇ ਦੂਰ ਹੋ ਜਾਣੇ ਦੱਸੇ ਅਤੇ ਫੁਰਮਾਇਆ ਹੈ ਕਿ ਭਗਤੀ ਦਾ ਮੂਲ ਈਸ਼ਵਰ ਪਰਾਇਣਤਾ ਹੈ, ਸੋ ਹਰ ਵੇਲੇ ਉਸ ਦੇ ਆਸਰੇ ਰਹੋ ਤੇ ਇਹੀ ਸਮਝੋ ਕਿ ਸਭ ਕਿਰਪਾਲਤਾ ਪ੍ਰਭੂ ਕਰ ਰਿਹਾ ਹੈ। ਸੋ ਭਾਵ ਹੈ ਕਿ ਜੋ ਵਾਹਿਗੁਰੂ ਜੀ ਦੇ ਵੱਸ ਹੈ ਉਸ ਮੂਹਰੇ ਅਰਦਾਸ ਕ ਰੋ ਕਿ ਉਹ ਤੁਸਾਨੂੰ ਨਾਮ ਦਾਨ ਦੇਵੇ ਦਿਵਾਵੇ।

ਸੋ ! ਨਾਮ ਦਾਨ ਗੁਰੂ ਨੇ ਬਖ਼ਸ਼ਣਾ ਹੈ, ਸੋ ਜਿਸ ਸਤਿਗੁਰੂ ਜੀ ਨਾਲ ਚਿਤ ਨਾ ਲਾਇਆ, ਨਾ ਹੀ ਉਸ ਦਿਲ ਵਿਚ ਨਾਮ ਆਕੇ ਵਸਿਆ। ਇਹੋ ਜੇਹਾ ਜੀਉਣਾ ਫਿਟਕਾਰ ਦੇ ਲਾਇਕ ਹੈ, ਇਸ ਸਮੇਂ ਵਿਚ ਜਗਤ ਤੇ ਆ ਕੇ ਐਸੇ ਪੁਰਖ ਨੇ ਕੀ ਪ੍ਰਾਪਤ ਕੀਤਾ ? ਜੇ ਕਹੋ ਕਿ ਮਾਇਆ 'ਕੱਠੀ ਕੀਤੀ ਹੈ ਤਾਂ ਦੇਖੋ ਮਾਇਆ ਤਾਂ ਖੋਟੀ ਪੂੰਜੀ ਹੈ। ਜਦੋਂ ਮਰ ਜਾਂਦਾ ਹੈ ਤਦੋਂ ਇਸ ਦਾ ਪਾਜ ਇਕ ਪਲ ਵਿਚ ਉੱਘੜ ਜਾਂਦਾ ਹੈ, ਇਹ ਮਾਇਆ ਤਦੋਂ ਹਥਹੁ ਛੁੱਟ ਜਾਂਦੀ ਹੈ, ਸਰੀਰ ਕਾਲਾ ਹੋ ਜਾਂਦਾ ਹੈ ਤੇ ਮੂੰਹ ਕੁਮਲਾ ਜਾਂਦਾ ਹੈ, ਭਾਵ ਨਾ ਮਾਇਆ ਆਪਣੀ ਰਹਿੰਦੀ ਹੈ, ਨਾ ਮਾਇਆ ਦਾ ਮਾਣ ਧਾਰਨੇ ਵਾਲਾ ਸਰੀਰ ਰਹਿੰਦਾ ਹੈ। ਪਰ ਜਿਨ੍ਹਾਂ ਨੇ ਸਤਿਗੁਰ ਜੀ ਨਾਲ ਚਿਤ ਲਾ ਲਿਆ ਹੁੰਦਾ ਹੈ ਉਨ੍ਹਾਂ ਦੇ ਮਨ ਵਿਚ ਸੁਖ ਆ ਵਸਿਆ ਹੁੰਦਾ ਹੈ, ਕਿਉਂਕਿ ਉਹ ਪ੍ਰੇਮ ਨਾਲ ਹਰੀ ਨਾਮ ਧਿਆਉਂਦੇ ਹਨ, ਤੇ ਹਰੀ ਨਾਮ ਵਿਚ ਹੀ ਲਿਵ ਲਾਈ ਰਖਦੇ ਪਨ। ਉਨ੍ਹਾਂ ਨੂੰ ਸਤਿਗੁਰੂ ਜੀ ਨੇ ਉਹ ਧਨ ਸੌਂਪਿਆ ਹੁੰਦਾ ਹੈ ਜੋ ਜੀਅ ਵਿਚ ਸਮਾਇਆ ਹੋਇਆ ਹੁੰਦਾ ਹੈ। ਅਰਥਾਤ ਉਹ ਧਨ ਮਾਇਕ ਧਨ ਵਾਂਗੂੰ ਵੱਖਰਾ ਨਹੀਂ ਹੁੰਦਾ ਜੋ ਮਰਨੇ ਤੇ ਪਿਛੋਂ ਰਹਿ ਜਾਵੇ, ਉਹ ਧਨ ਤਾਂ ਜੀਉ ਵਿਚ ਸਮਾਇਆ ਹੁੰਦਾ ਹੈ। ਸੋ ਜੀਉ ਜਦ ਦੇਹ ਤੋਂ ਨਿਕਲਦਾ ਹੈ ਤਾਂ ਹਰੀ ਧਨ ਜੀਅ ਦੇ ਨਾਲ ਜਾਂਦਾ ਹੈ। ਉਸ ਨਾਮੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਖ ਨੂੰ ਨਾਮ ਦਾ ਰੰਗ ਤਾਂ ਪਹਿਲਾਂ ਹੀ ਚੜ੍ਹਿਆ ਹੁੰਦਾ ਹੈ, ਮਰਨੇ ਮਗਰੋਂ ਉਹ ਘਟਦਾ ਨਹੀਂ, ਉਸ ਦੀ ਰੰਗਣ ਸਗੋਂ ਸਵਾਈ ਹੋ ਚੜ੍ਹਦੀ ਹੈ :

ਸਤਿਗੁਰ ਸਿਉ ਚਿਤੁ ਨਾ ਲਾਇਓ
ਨਾਮੁ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ
ਕਿਆ ਜੁਗ ਮਹਿ ਪਾਇਆ ਆਇ ॥
ਮਾਇਆ ਖੋਟੀ ਰਾਸਿ ਹੈ ਏਕ
ਚਸੇ ਮਹਿ ਪਾਜੁ ਲਹਿ ਜਾਇ ॥
ਹਥਹੁ ਛੁੜਕੀ ਤਨੁ ਸਿਆਹੁ ਹੋਇ
ਬਦਨੁ ਜਾਇ ਕੁਮਲਾਇ ॥
ਜਿਨ ਸਤਿਗੁਰ ਸਿਉ ਚਿਤੁ ਲਾਇਆ
ਤਿਨ ਸੁਖੁ ਵਸਿਆ ਮਨਿ ਆਇ ॥
ਹਰਿ ਨਾਮੁ ਧਿਆਵਹਿ ਰੰਗ ਸਿਉ
ਹਰਿ ਨਾਮਿ ਰਹੇ ਲਿਵ ਲਾਇ ॥
ਨਾਨਕ ਸਤਿਗੁਰ ਸੋ ਧਨੁ ਸਉਪਿਆ
ਜਿ ਜੀਅ ਮਹਿ ਰਹਿਆ ਸਮਾਇ ॥
ਰੰਗੁ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ ॥

(ਗੁਜਰੀ ਕੀ ਵਾਰ ਮ. ੩/੫੧੦)

ਉਤਲੇ ਸਲੋਕ ਕਿ ਜੋਰ ਦਿੱਤਾ ਹੈ ਕਿ ਸਤਿਗੁਰ ਨੂੰ ਚਿਤ ਦਿਉ ਤੇ ਨਾਮ ਮਨ ਵਿਚ ਵਸਾਓ ਜੋ ਜੀਵਨ ਹੋਵੇ, ਨਹੀਂ ਤਾਂ ਜੀਵਨ ਨਿਸਫਲ ਜਾਏਗਾ। ਜੇ ਮਾਇਆ ਦਾ ਮਾਨ ਕਰੋ ਤਾਂ ਉਹ ਰਾਸ ਖੋਟੀ ਹੈ। ਕਿਉਂ ਖੋਟੀ ਹੈ ? ਕਿ ਮਰਨ ਵੇਲੇ ਨਾਲ ਨਹੀਂ ਜਾਂਦੀ। ਉਸ ਵੇਲੇ ਇਸ ਦੇ ਖਰੇ ਹੋਣ ਦਾ ਜੋ ਪਾਜ ਭਾਵ ਮੁਲੰਮਾ ਜੀਵਨ ਭਰ ਬਣਿਆ ਰਹਿੰਦਾ ਹੈ, ਝਟ ਲਹਿ ਜਾਂਦਾ ਹੈ ਕਿਉਂਕਿ ਇਸ ਉੱਤੇ ਆਪਣਾ ਜਚਦਾ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਰਹਿੰਦਾ, ਸਗੋਂ ਕਬਜ਼ਿਆਂ ਤੇ ਮਾਲਕੀਆਂ ਦਾ ਮਾਣਧਾਰੀ ਸਰੀਰ ਭੀ ਮਰ ਕੇ ਕਾਲਾ ਪੈ ਕੇ ਸੁੱਕ ਭੁੱਰ ਜਾਂਦਾ ਹੈ। ਇਸ ਦੇ ਟਾਕਰੇ ਤੇ ਜਿਨ੍ਹਾਂ ਨੇ ਵਾਹਿਗੁਰੂ ਜੀ ਦਾ ਨਾਮ ਚੇਤਿਆ ਤੇ ਲਿਵ ਲਾਈ ਉਹ ਸੁਖੀ ਤੁਰਦੇ ਹਨ, ਕਿਉਂਕਿ ਉਨ੍ਹਾਂ ਨੂੰ ਨਾਮ ਰੂਪੀ ਧਨ, ਜੋ ਗੁਰੂ ਜੀ ਨੇ ਸਉਂਪਿਆ ਸੀ, ਉਨ੍ਹਾਂ ਦੇ ਨਾਲ ਜਾਂਦਾ ਹੈ। ਸੁਆਲ ਹੁੰਦਾ ਹੈ, ਨਾਲ ਕਿਵੇਂ ਜਾਂਦਾ ਹੈ ? ਉੱਤਰ ਦੇਂਦੇ ਹਨ ਕਿ ਉਹ ਧਨ ਜ਼ਮੀਨ ਵਿਚ, ਸੰਦੂਕਾਂ ਵਿਚ, ਬੈਂਕਾਂ ਵਿਚ ਮਾਲ ਮਿਲਖ ਵਿਚ ਨਹੀਂ ਹੁੰਦਾ, ਉਹ ਤਾਂ ਮਨੁੱਖ ਦੇ ਜੀਉ ਵਿਚ ਰੂਹ ਵਿਚ ਸਿੰਜਰਿਆ ਹੁੰਦਾ ਹੈ, ਸੋ ਰੂਹ ਜਦ ਦੇਹ ਛੱਡਦੀ ਹੈ ਤਾਂ ਰੂਹ ਵਿਚ ਸਿੰਜਰਿਆ 'ਨਾਮ ਧਨ' ਰੂਹ ਦੇ ਨਾਲ ਜਾਂਦਾ ਹੈ। ਰੂਹ ਦੇ ਨਾਲ ਰੂਹ ਹੀ ਬਣ ਗਿਆ ਨਾਮ ਨਾਲ ਹੀ ਜਾਂਦਾ ਹੈ, ਨਾਮ ਪ੍ਰਭੂ ਦਾ ਪ੍ਰੇਮ ਬਣ ਕੇ ਰੂਹ ਦਾ ਸੁਭਾਵ ਹੀ ਹੋ ਜਾਂਦਾ ਹੈ। ਮਾਇਆ ਦਾ ਪ੍ਰੇਮ ਜੀਵ ਨੂੰ ਕਾਲ ਰੱਖਦਾ ਹੈ, 'ਪ੍ਰਭੂ ਪ੍ਰੇਮ' ਪ੍ਰਭੂ ਚਰਨਾਂ ਵਿਚ ਲੈ ਜਾਂਦਾ ਹੈ। ਇਥੇ ਇਕ ਹੋਰ ਕਟਾਖਿਆ ਸਿੱਟਦੇ ਹਨ ਜੋ ਨਾਮ ਘਾਲੀਆਂ ਗੁਰਮੁਖਾਂ ਨੂੰ ਪਤਾ ਹੈ। ਉਹ ਇਹ ਹੈ ਨਾਮ ਦੇ ਪ੍ਰੇਮੀਆਂ ਦਾ ਪ੍ਰੇਮ ਰੰਗ ਜੋ ਪਹਿਲੋਂ ਹੀ ਚੋਖਾ ਚੜ੍ਹਿਆ ਹੋਇਆ ਹੁੰਦਾ ਹੈ, ਉਸ ਦੀ ਰੰਗਣ ਮਰਨੇ ਦੇ ਮਗਰੋਂ ਹੋਰ ਚੜ੍ਹ ਜਾਂਦੀ ਹੈ। ਇਸ ਦਾ ਭਾਵ ਹੈ ਕਿ ਜੀਉਂਦੇ ਜੀ ਚਾਹੇ ਕਿਤਨਾ ਨਾਮ ਪ੍ਰੇਮੀ ਹੋਵੇ ਤਾਂ ਕੁਛ ਅਸਰ ਜਗਤ ਦੇ ਕੰਮਾਂ ਕਾਜਾਂ, ਫਿਕਰਾਂ ਧੰਦਿਆਂ ਦਾ ਵੇਲੇ ਕੁਵੇਲੇ ਹੁੰਦਾ ਹੈ। ਪ੍ਰੇਮ ਤਾਂ ਨਹੀਂ ਘਟਦਾ, ਲਿਵ ਨਾਸ਼ ਨਹੀਂ ਹੁੰਦੀ, ਪਰ ਜਿਵੇਂ ਕਮਾਨੀ ਤੇ ਕੋਈ ਭਾਰ ਰੱਖੀਏ ਤਾਂ ਉਸ ਉਤੇ ਜ਼ਰਾ ਦਬਾਉ ਹੁੰਦਾ ਹੈ ਤੇ ਉਹ ਕੁਝ ਝੁਕ ਜਾਂਦੀ ਹੈ, ਜਦੋਂ ਭਾਰ ਪਰੇ ਕਰੋ ਕਮਾਨੀ ਆਪਣੀ ਅਸਲੀ ਉਚਾਈ ਤੇ ਜੋ ਉਸ ਦੀ ਤੜ ਵਿਚ ਹੁੰਦੀ ਹੈ, ਪ੍ਰਾਪਤ ਹੋ ਜਾਂਦੀ ਹੈ। ਤਿਵੇਂ ਗੁਰਮੁਖਿ ਵਿਚ ਜੇ ਪ੍ਰੇਮ ਦੀ ਤੜ ਜ਼ਰਾ ਭੋਰਾ ਦਬਾਉ ਵਿਚ ਆ ਜਾਂਦੀ ਹੈ ਤਾਂ ਉਹ ਆਪਣੀ ਤੜ ਵਿਚ ਕਦੇ ਨਹੀਂ ਘਟਦੀ, ਉਹ ਮਰ ਕੇ ਤੇ ਸੰਸਾਰਕ ਬੋਝਾਂ ਦੇ ਦੂਰ ਹੁੰਦਿਆਂ ਹੋਰ ਉੱਚੀ ਹੋ ਕੇ ਆਪਣੀ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੁਕੀ ਤੜ ਦੇ ਪ੍ਰਗਟ ਰੂਪ ਵਿਚ ਆ ਜਾਂਦੀ ਹੈ, ਇਸ ਨੂੰ ਫੁਰਮਾਇਆ ਹੈ :

ਕੰਚਨ ਕਾਇਆ ਕਸੀਐ, ਵੰਨੀ ਚੜੈ ਚੜਾਉ ॥੧੮॥
(ਵਾਰ ਮਾਝ ਮ. ੨/੧੪੬)

ਇਸੇ ਖਿਆਲ ਤੇ ਕਬੀਰ ਜੀ ਨੇ ਫੁਰਮਾਇਆ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥
(ਸਲੋਕ ਕਬੀਰ ਜੀ ੧੩੬੫)

ਅਕਾਲ ਪੁਰਖ ! ਪ੍ਰਭੂ ਦੀ ਕੀਰਤੀ ਕਰਨ ਵਾਲਾ ਢਾਡੀ ਰੂਪ ਜੁਗਿਆਸੂ ਜੇ ਪ੍ਰਭੂ ਅੱਗੇ ਪੁਕਾਰ ਕਰੇਗਾ ਤਾਂ ਪ੍ਰਭੂ ਸੁਣ ਲਏਗਾ, ਉਸ ਦੇ ਸੁਣ ਲੈਣੇ ਤੇ ਜੁਗਿਆਸੂ ਦੇ ਅੰਦਰ ਧੀਰਜ ਹੋ ਜਾਏਗੀ ਤੇ ਪੂਰਾ ਪ੍ਰਭੂ ਆਪ ਬੀ ਮਿਲ ਜਾਏਗਾ, ਆਪਣੀ ਕਰਣੀ ਕਰਤੂਤ ਦੀਆਂ ਪਾਈਆਂ ਲੀਹਾਂ ਅਨੁਸਾਰ ਜੋ ਧੁਰੋਂ ਲੇਖ ਲਿਖਿਆ ਹੁੰਦਾ ਹੈ ਉਹੋ ਕਰਮ ਹੀ ਕਮਾਏਗਾ, ਪਰ ਜਦ ਮਾਲਕ ਕ੍ਰਿਪਾਲੂ ਹੋ ਜਾਏ ਤਾਂ ਜਗਿਆਸੂ ਸ੍ਵੈ ਸਰੂਪ ਤੇ ਪ੍ਰਭੂ ਸਰੂਪ ਨੂੰ ਪਾ ਲਏਗਾ । ਉਹ ਮੇਰਾ ਪ੍ਰਭੂ ਬਹੁਤ ਵੱਡਾ ਹੈ ਪਰ ਉਸ ਦਾ ਮੇਲ ਗੁਰਮੁਖਿ ਮਿਲਾਵੇਗਾ :

ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ ॥
ਅੰਦਰਿ ਧੀਰਕ ਹੋਇ ਪੂਰਾ ਪਾਇਸੀ ॥
ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ ॥
ਜਾ ਹੋਵੈ ਖਸਮੁ ਦਇਆਲੁ ਤਾ ਮਹਲੁ ਘਰੁ ਪਾਇਸੀ ॥
ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ ॥੫॥
(ਵਾਰ ਗੁਜਰੀ ਮ. ੩/੫੧੦)

ਪਿੱਛੇ ਦੱਸਿਆ ਹੈ ਕਿ ਸਤਿਗੁਰ ਦੇ ਮਿਲਿਆਂ ਸ਼ਬਦ ਪ੍ਰਾਪਤ ਹੁੰਦਾ ਹੈ, ਹਉਮੈ ਕੱਟੀਦੀ ਹੈ ਤੇ ਅਕਾਲ ਪੁਰਖ ! ਵਾਹਿਗੁਰੂ ਮਿਲਦਾ ਹੈ । ਹੁਣ ਉਤਲੀ ਪਉੜੀ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਸਾਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਂਗੂ ਪ੍ਰਭ ਜੀ ਦੇ ਦਰ ਤੇ ਢਾਡੀ ਬਣ ਜਾਓ, 'ਹਰੀ ਕੀਰਤਨ' ਰੂਪੀ ਪੁਕਾਰ ਕਰੋ, ਉਹ ਸੁਣੇਗਾ, ਜਦ ਦਇਆਲ ਹੋਵੇਗਾ ਤਾਂ ਸ੍ਵੈ ਸਰੂਪ ਦੀ ਲੱਖਤਾ ਦੇ ਕੇ ਪਰਮਾਤਮ ਲੱਖਤਾ ਬਖਸ਼ੇਗਾ। ਅਰਥਾਤ ਆਤਮ ਤੱਤ ਨਿਰੋਲ ਹੋ ਕੇ ਪਰਮ ਤਤ੍ਵ ਨੂੰ ਪਾ ਲਏਗਾ। ਪਰ ਇਹ ਪ੍ਰਾਪਤੀ ਉਹਦੀ ਨਦਰ ਨਾਲ ਹੁੰਦੀ ਹੈ, ਗੋਇਆ ਨਾਮ ਨਾਲ ਸਿਫਤ ਸਲਾਹ ਤੇ ਗੁਰੂ ਜੀ ਦੀ ਮਿਹਰ ਦਰਸਾਈ ਤੇ ਪ੍ਰਭੂ ਜੀ ਦੀ ਰਹਿਮਤ ਨਿਰੂਪਣ ਕੀਤੀ।

(ਸੰਥਿਆ ੩੧੯੧)

ਕੋਈ ਵਿਰਲਾ ਹੁੰਦਾ ਹੈ ਜੋ ਗੁਰੂ ਜੀ ਦੇ ਸ਼ਬਦ ਨੂੰ ਸਮਝ ਲੈਂਦਾ ਹੈ, ਉਹ ਹਉਮੈ ਨੂੰ ਸ਼ਬਦ ਦੁਆਰ ਮਾਰ ਲਵੇ ਤਾਂ ਉਸ ਨੂੰ ਸਾਰੇ ਸੰਸਾਰ ਦੀ ਸੋਝੀ ਹੋ ਜਾਂਦੀ ਹੈ ਕਿ ਇਹ ਜੋਤਮਈ ਹੈ। ਉਹ ਫੇਰ ਮਰਦਾ ਨਹੀਂ, ਹਾਂ ਉਸ ਨੂੰ ਕਦੇ ਬੀ ਮਰਨਾ ਨਹੀਂ ਵਾਪਰਦਾ, ਉਹ ਸਹਜ ਅਵਸਥਾ ਦੁਆਰਾ ਸਤਿ ਸਰੂਪ ਵਿਚ ਸਮਾਵਣਹਾਰ ਹੋ ਜਾਂਦਾ ਹੈ।

ਜੋ ਗੁਰੂ ਜੀ ਦੇ ਸ਼ਬਦ ਨੂੰ ਬੁਝ ਲੈਂਦਾ ਹੈ ਉਹ ਕਰਦਾ ਕੀ ਹੈ ? ਉੱਤਰ : ਮਾਇਆ ਵਿਚ ਉਹ ਫਿਰ ਜਿੱਤ ਨਹੀਂ ਲਾਉਂਦਾ, ਗੁਰੂ ਜੀ ਦੇ ਦਿੱਤੇ ਸ਼ਬਦ ਵਿਚ ਸਦਾ ਸਮਾਇਆ ਰਹਿੰਦਾ ਹੈ ਤੇ ਸਤਿ ਸਰੂਪ ਵਾਹਿਗੁਰੂ ਜੀ ਦੀ ਸਿਫਤ-ਸਲਾਹ ਕਰਦਾ ਰਹਿੰਦਾ ਹੈ ਤੇ ਜਿਸ ਦਾ ਸਰੂਪ ਸੱਚ ਹੀ ਸੱਚ ਹੈ ਉਸ ਨੂੰ ਸਾਰੇ ਦਿਲਾਂ ਦੇ ਅੰਦਰ ਸ਼ੋਭ ਰਿਹਾ ਦੇਖਦਾ ਹੈ :

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥
ਫਿਰਿ ਓਹੁ ਮਰੈ ਨ ਮਰਣਾ ਹੋਵੈ
ਸਹਜੇ ਸਚਿ ਸਮਾਵਣਿਆ ॥੪॥

ਮਾਇਆ ਮਹਿ ਫਿਰਿ ਚਿਤੁ ਨ ਲਾਏ ॥
ਗੁਰ ਕੈ ਸਬਦਿ ਸਦ ਰਹੈ ਸਮਾਏ ॥
ਸਚੁ ਸਲਾਹੇ ਸਭ ਘਟ ਅੰਤਰਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਚੋ ਸਚੁ ਸੁਹਾਵਣਿਆ ॥੫॥ (ਮਾਝ ਮ. ੩/੧੨੦)

ਅਸੀਂ ਮੈਲੇ ਹਾਂ ਹਰਿ ਜੀਉ ਨਿਰਮਲ ਹੈ, ਅਤਿ ਉੱਜਲ ਹੈ, ਨਾਮ ਬਿਨਾ ਮਾਇਆ ਦੀ ਮੈਲ ਨਹੀਂ ਉਤਰਦੀ, ਨਾਮ ਗੁਰੂ ਦੇਂਦਾ ਹੈ, ਤਾਂ ਤੇ ਗੁਰੂ ਬਿਨਾਂ ਉਹ ਅਕਾਲ ਪੁਰਖ ਪਾਇਆ ਨਹੀਂ ਜਾ ਸਕਦਾ। ਨਾ ਨਿਰੇ ਆਪ ਕੀਤੇ ਪਾਠਾਂ ਦੇ ਪੜ੍ਹਨ ਨਾਲ ਉਸ ਦੀ ਸੋਝੀ ਪੈਂਦੀ ਹੈ, ਭੇਖਾਂ ਦੇ ਧਾਰਨ ਕਰਨ ਨਾਲ ਭਰਮਾਂ ਵਿਚ ਭੁੱਲੇ ਰਹੀਦਾ ਹੈ। ਗੁਰੂ ਜੀ ਦੀ ਮੱਤ ਦੁਆਰਾ ਸਦੈਵੀ ਹਰਿ ਜੀਉ ਪਾਈਦਾ ਹੈ, ਕਿਉਂਕਿ ਗੁਰਮਤਿ ਦੁਆਰਾ ਰਸਨਾਂ ਵਿਖੇ ਹਰੀ ਰਸ ਸਮਾਇਆ ਰਹਿੰਦਾ ਹੈ।

ਮੈਲ ਕਿਹੜੀ ਸਾਨੂੰ ਲੱਗ ਰਹੀ ਹੈ ? ਉਤਰ : ਮਾਇਆ ਮੋਹ ਰੂਪੀ ਮੈਲ ਹੈ, ਇਹ ਮਾਇਆ ਮੋਹ ਦੀ ਮੈਲ, ਗੁਰੂ ਜੀ ਦੀ ਲੀਤੀ ਮਤਿ ਦੁਆਰਾ ਸਹਜ ਸੁਭਾਵ ਹੀ ਦੂਰ ਹੋ ਜਾਂਦੀ ਹੈ। ਗੁਰੂ ਦੀ ਮਤਿ ਕੀ ਮਿਲਦੀ ਹੈ ? ਉਹ ਨਾਮ ਦੀ ਮੱਤ ਹੈ, ਸੋ ਬਿਨਾ ਇਸ ਨਾਮ ਦੇ ਜਗਤ ਦੁਖੀ ਪਿਆ ਭਟਕਦਾ ਹੈ, ਇਹ ਮੈਲ ਮਨਮੁਖਾਂ ਨੂੰ ਤਾਂ ਖਾ ਹੀ ਜਾਂਦੀ ਹੈ। ਨਾਮ ਗੁਰੂ ਜੀ ਦੇ ਉਪਦੇਸ਼ ਦੁਆਰਾ ਧਿਆਈਦਾ ਹੈ ਤੇ ਇਸ ਗੁਰੂ ਦੇ ਦਿੱਤੇ ਨਾਮ ਦੁਆਰਾ ਸਤਿ ਸਰੂਪ ਵਾਹਿਗੁਰੂ ਜੀ ਵਿਚ ਸਮਾ ਜਾਈਦਾ ਹੈ :

ਹਰਿ ਨਿਰਮਲੁ ਅਤਿ ਊਜਲਾ
ਬਿਨੁ ਗੁਰ ਪਾਇਆ ਨ ਜਾਇ ॥
ਪਾਠੁ ਪੜੈ ਨਾ ਬੂਝਈ
ਭੇਖੀ ਭਰਮ ਭੁਲਾਇ ॥
ਗੁਰਮਤੀ ਹਰਿ ਸਦਾ ਪਾਇਆ
ਰਸਨਾ ਹਰਿ ਰਸੁ ਸਮਾਇ ॥੩॥
ਮਾਇਆ ਮੋਹੁ ਚੁਕਾਇਆ
ਗੁਰਮਤੀ ਸਹਜਿ ਸੁਭਾਇ ॥
ਬਿਨੁ ਸਬਦੈ ਜਗੁ ਦੁਖੀਆ ਫਿਰੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਮੁਖਾ ਨੋ ਗਈ ਖਾਇ ॥
ਸਬਦੇ ਨਾਮੁ ਧਿਆਈਐ
ਸਬਦੇ ਸਚਿ ਸਮਾਇ ॥੪॥

(ਸਿਰੀ ਰਾਗੁ ਮ. ੩/੬੬)

ਵਾਹਿਗੁਰੂ ਜੀ ਦੀ ਮਿਹਰ ਨਾਲ ਗੁਰੂ ਮਿਲਦਾ ਹੈ। ਗੁਰੂ ਨਾਮ ਦੇਂਦਾ ਹੈ, ਦੇਂਦਾ ਹੀ ਨਹੀਂ, ਹਿਰਦੇ ਵਿਚ ਬਿਠਾ ਦਿੰਦਾ ਹੈ, ਇਹ ਹੈ ਦ੍ਰਿੜ ਕਰਾਉਣਾ। ਮਨ ਵਿਚ ਹੀ ਅਕਾਲ ਪੁਰਖ ! ਪਰਮੇਸ਼ਰ ਵੱਸਦਾ ਹੈ। ਪ੍ਰਭੂ ਮਿਹਰ ! ਨਦਰਿ ਕਰੇ ਤਾਂ ਉਹ ਪ੍ਰਾਣੀ ਦੀ ਆਤਮਾ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਭਾਵ–ਪਰਮਾਤਮਾ ਆਪ ਮਿਹਰ ਦੀ ਨਜ਼ਰ ਕਰੇ ਤਾਂ ਗੁਰੂ ਜੀ ਦੀ ਰਾਹੀਂ, ਉਸ ਦਾ ਸਿਮਰਨ ਕੀਤਾ ਜਾ ਸਕਦਾ ਹੈ। ਜੋ ਪ੍ਰਾਣੀ ਸਿਮਰਦਾ ਹੈ ਉਸ ਦੀ ਆਤਮਾ ਨਰਮ ਹੁੰਦੀ ਹੈ, ਕਠੋਰਤਾ ਮੁੱਕ ਜਾਣ ਕਰਕੇ ਉਹ ਪ੍ਰਭੂ ਜੀ ਵਿਚ ਸੁਰਤਿ ਜੋੜੀ ਰੱਖਦਾ ਹੈ। ਉਹ ਪ੍ਰਾਣੀ ਆਪਣੇ ਆਪੇ ਤੇ ਦੂਜਿਆਂ ਦੇ ਆਪੇ ਨੂੰ ਇਕੋ ਜਿਹਾ ਸਮਝਦਾ ਹੈ, ਉਸ ਦੇ ਅੰਦਰ ਦੀ ਮੇਰ-ਤੇਰ ਅੰਦਰ ਹੀ ਮਿਟ ਜਾਂਦੀ ਹੈ :

ਨਦਰਿ ਕਰੇ ਤਾ ਸਿਮਰਿਆ ਜਾਇ ॥
ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਾਤਮਾ ਏਕੋ ਕਰੈ ॥
ਅੰਤਰ ਕੀ ਦੁਬਿਧਾ ਅੰਤਰਿ ਮਰੈ ॥

(ਧਨਾਸਰੀ ਮ. ੧/੬੬੧)

ਸਦਾ ਕਾਇਮ ਰਹਿਣ ਵਾਲਾ ਅਕਾਲ ਪੁਰਖ ! ਪਰਮਾਤਮਾ ਹੀ ਸਭ ਥਾਂਈ ਮੌਜੂਦ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ ਜਿਸ ਜੀਵ ਉਤੇ ਉਹ ਮਿਹਰ ਦੀ ਨਿਗਾਹ ਕਰਦਾ ਹੈ, ਉਹ ਉਸ ਦਾ ਸਿਮਰਨ ਕਰਦਾ ਹੈ :

ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ ॥

(ਧਨਾਸਰੀ ਮ. ੧/੬੬੦)

ਪਾਰਬ੍ਰਹਮ ਪਰਮੇਸ਼ਰ ਜੀ ਦੀ ਮਿਹਰ ਦੀ ਨਜ਼ਰ ਭਾਵ ਕ੍ਰਿਪਾ ਦ੍ਰਿਸ਼ਟੀ ਦੁਆਰਾ ਸਤਿਗੁਰੂ ਜੀ ਦੀ ਸੇਵਾ ਹੋ ਆਉਂਦੀ ਹੈ, ਹਾਂ ਉਸ ਦੀ ਨਦਰ ਨਾਲ ਹੀ ਵਾਹਿਗੁਰੂ ਜੀ ਦੀ ਸੇਵਾ ਹੋ ਆਉਂਦੀ ਹੈ। ਮਿਹਰ ਨਜ਼ਰ ਨਾਲ ਹੀ ਇਹ ਮਨ ਵਸ ਵਿਚ ਆਉਂਦਾ ਹੈ, ਮਿਹਰ ਨਦਰਿ ਨਾਲ ਹੀ ਮਨ ਨਿਰਮਲ ਹੁੰਦਾ ਹੈ :

ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ ॥
ਨਦਰੀ ਇਹੁ ਮਨੁ ਵਸਿ ਆਵੈ
ਨਦਰੀ ਮਨੁ ਨਿਰਮਲੁ ਹੋਇ ॥ (ਵਡਹੰਸ ਮ. ੩/੫੫੮)

ਮਿਹਰ ਨਦਰਿ ਨਾਲ ਹੀ ਅਨਾਤਮ ਜੀਵਨ ਤੋਂ ਮਰਕੇ ਆਤਮ ਜੀਵਨ ਵਿਚ ਜੀਉ ਪਈਦਾ ਹੈ, ਮਿਹਰ ਨਜ਼ਰ ਨਾਲ ਹੀ ਗੁਰੂ ਜੀ ਦਾ ਸ਼ਬਦ ਮਨ ਵਿਚ ਆ ਵਸਦਾ ਹੈ। ਮਿਹਰ ਦੀ ਨਦਰਿ ਨਾਲ ਹੀ ਹੁਕਮ ਬੁੱਝੀਦਾ ਹੈ ਤੇ ਫੇਰ ਹੁਕਮ ਵਿਚ ਸਮਾਏ ਰਹੀਦਾ ਹੈ :

ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥
ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥

(ਵਡਹੰਸ ਮ. ੩/੫੫੮)

ਨਦਰ ਤਾਂ ਸਭਨਾਂ ਉੱਤੇ ਇਕੋ ਹੀ ਹੈ, ਫਰਕ ਜੋ ਦੀਹਦੇ ਹਨ ਉਹ ਆਪੇ ਹੀ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਇਕੋ ਹੋ ਰਹੀ ਨਦਰ ਦਾ ਸਭ ਫਲ ਸਤਿਗੁਰੂ ਜੀ ਨੂੰ ਮਿਲਣ ਵਾਲਿਆਂ ਨੇ ਉਸ ਨੂੰ ਮਿਲਕੇ ਪਾਇਆ ਹੈ, ਸਤਿਗੁਰੂ ਜੀ ਦਾ ਦਿੱਤਾ ਨਾਮ ਸਿਮਰਨ ਇਹ ਸਭ ਵਡਿਆਈ ਦੇਂਦਾ ਹੈ :

ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ ॥
ਨਾਨਕ ਸਤਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ ॥

(ਵਡਹੰਸ ਮ. ੩/੫੫੮)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਾਲ ਪੁਰਖ !ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਸਾਮਾਨ ਗੁਰੂ ਜੀ ਤੋਂ ਲੈ ਕੇ ਹੁਕਮ ਜ ਾਂਹੁਕਮੀ ਵਿਚ ਸਮਾ ਜਾਣ ਤੱਕ ਦੇ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਪ੍ਰਾਪ ਤ ਹੁੰਦੇ ਦੱਸੇ ਹਨ। ਪ੍ਰਸ਼ਨ ਹੁੰਦਾ ਹੈ ਕਿ ਜੇ ਨਦਰ ਨਾਲ ਸਭੋ ਕੁਛ ਹੈ ਤਾਂ ਇਹ ਨਦਰ ਕਿਸੇ ਤੇ ਘੱਟ ਕਿਸੇ ਤੇ ਵੱਧ, ਕਿਸੇ ਤੇ ਹੈ ਕਿਸੇ ਤੇ ਹੈ ਨਹੀਂ, ਏਹ ਫਰਕ ਕਿਉਂ ਹਨ ? ਇਸ ਦਾ ਉੱਤਰ ਹੈ ਕਿ ਨਦਰ ਤਾਂ ਇਕ ਦੀ ਹੈ ਤੇ ਇਕੋ ਜੇਹੀ ਸਮ ਹੋਕੇ ਪੈ ਰਹੀ ਹੈ, ਅੱਗੇ ਜਿਨ੍ਹਾਂ ਤੇ ਪੈ ਰਹੀ ਹੈ ਉਹਨਾਂ ਤੇ ਪੈ ਰਹੀ ਦਾ ਫ਼ਰਕ ਦਿੱਸਦਾ ਹੈ, ਉਹ ਫਰਕ ਭੀ ਆਪ ਕਰਦਾ ਹੈ ਜਿਵੇਂ ਕਿ ਵਸਦਾ ਮੀਂਹ ਟੋਏ ਭਰ ਦੇਂਦਾ ਹੈ ਤੇ ਟਿਬੇ ਨਹੀਂ ਭਰਦਾ। ਮੀਂਹ ਦੀ ਵੱਸਣ ਦੀ ਮਿਹਰ ਤਾਂ ਇਸ ਸਮ ਹੈ, ਫਲ ਪ੍ਰਾਪਤੀ ਭੀ ਉਸੇ ਦੀ ਹੈ ਪਰ ਨੀਵਾਂ ਹੋਣਾ ਤੇ ਉੱਚੇ ਹੋਣਾ ਇਹ ਇਸ਼ਾਰਾ ਵਿਚ ਲੁਪਤ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਆਮ ਰਸਾਂ ਨੇ ਫਿਕੇ ਜਾਣਕੇ ਛੱਡੋ, ਕਿਉਂਕਿ ਇਹ ਦਵੈਤ ਭਾਵਨਾ ਵਿਚ ਰੱਖਦੇ ਹਨ, ਪਰਮਾਤਮਾ ਦੇ ਆਤਮ ਰਸ ਵੱਲ ਨਹੀਂ ਪੈਣ ਦੇਂਦੇ, ਪਰਮਾਤਮਾ ਤੋਂ ਛੁੱਟ ਦੂਏ ਦਾ ਪਿਆਰ ਚਾਹੇ ਮਾਇਆ ਹੈ, ਚਾਹੇ ਪੁੱਤਰ ਮਿੱਤਰ ਕੁਟੰਬ ਬੰਦੇ ਹਨ, ਫਲ ਵਿਚ ਦੁਖਦਾਈ ਹੁੰਦਾ ਹੈ। ਇਸ ਲਈ ਜਾਚ ਦੱਸਦੇ ਹਨ ਦਵੈਤ ਵਾਲੇ ਪ੍ਰੇਮ ਤੋਂ ਛੁੱਟਣ ਦੀ ਕਿ ਇਕੋ ਨੂੰ ਸਿਮਰੋ ਸੋ ਇਕ ਸਮ ਵਰਤ ਰਹੀ ਮਿਹਰ ਨਦਰ ਦਾ ਲਾਭ ਨਾਮ ਸਿਮਰਨ ਨਾਲ ਪ੍ਰਾਪਤ ਹੁੰਦਾ ਹੈ ਤੇ ਉਹ ਸਦੇਵੀ ਸੁਖ ਹੈ, ਕਿਉਂਕਿ ਉਹ ਇਕੋ 'ਸਚਾ' ਸਦੈਵੀ ਰਹਿਣੇ ਵਾਲੀ ਹਸਤੀ ਹੈ, ਉਸ ਦੇ ਸਿਮਰਨ ਨਾਲ ਉਸ ਨੂੰ ਪ੍ਰਾਪਤ ਹੋ ਜਾਓਗੇ, ਉਹ ਸਦਾ ਸੁਖ ਰੂਪ ਹੈ, ਤੁਸੀਂ ਸੁਖ ਵਾਲੇ ਹੋ ਜਾਓਗੇ। ਅੰਤ ਦੀ ਤੁਕ ਵਿਚ ਫੇਰ ਦੁਹਰਾ ਕੇ ਕਹਿ ਦਿੱਤਾ ਕਿ ਸਤਿਗੁਰੂ ਜੀ ਨੂੰ ਮਿਲੋ, ਨਾਮ ਪ੍ਰਾਪਤ ਕਰੋ, ਨਾਮ ਸਿਮਰੋ ਤਦ 'ਸਭਨਾ ਨਦਰਿ ਏਕ ਹੈ' ਦਾ ਫਲ ਪ੍ਰਾਪਤ ਹੋ ਜਾਏਗਾ। ਉਹ ਫਲ ਹੈ ਪਰਲੋਕ ਦੀ ਵਡਾਈ। ਪਰਲੋਕ ਦੀ ਵਡਾਈ ਦੀ ਸੈਨਤ ਮੁਕਤ ਪਦਵੀ ਵੱਲ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਅਕਾਲ ਪੁਰਖ ਕਿਸੇ ਮਨੁੱਖ ਉੱਤੇ ਮਿਹਰ ਦੀ ਨਿਗਾਹ ਕਰਦਾ ਹੈ ਤਦੋਂ ਉਹ ਪਰਮਾਤਮਾ ਦੇ ਨਾਮ ਦਾ ਸੁਆਦ ਹਾਸਲ ਕਰਦਾ ਹੈ, ਫਿਰ ਉਹ ਹਰਿ-ਨਾਮ ਦੇ ਸੁਆਦ ਵਿਚ ਮਗਨ ਹੋ ਕੇ ਪਾਰਬ੍ਰਹਮ ਪਰਮੇਸ਼ਰ ਦੀ ਸਿਫਤ ਸਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ :

ਨਦਰਿ ਕਰੇ ਤਾ ਹਰਿ ਰਸੁ ਪਾਵੈ ॥
ਨਾਨਕ ਹਰਿ ਰਸਿ ਹਰਿ ਗੁਣ ਗਾਵੈ ॥

(ਸੂਹੀ ਮ. ੪/੭੩੩)

ਜਿਸ ਉੱਤੇ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਹੋ ਹੀ ਸੱਚ ਵਿਚ ਲੱਗਦਾ ਹੈ, ਉਹੀ ਰਸਨਾ ਨਾਲ ਨਾਮ ਨੂੰ ਸਿਮਰਦਾ ਹੈ :

ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥

(ਵਡਹੰਸ ਮ. ੩/੫੭੦)

ਆਪੇ ਹੀ ਵਾਹਿਗੁਰੂ ਜੀ ਨੇ ਇਨਸਾਨਾਂ ਦੇ ਸਰੀਰ ਰੂਪੀ ਭਾਂਡੇ ਰਚੇ ਹਨ ਤੇ ਆਪੇ ਹੀ ਇਨ੍ਹਾਂ ਨੂੰ ਪੂਰਣਤਾ ਬਖਸ਼ੇਗਾ ਇਹ ਪੂਰਣਤਾ ਇਨ੍ਹਾਂ ਸਰੀਰਾਂ ਦੀ ਪਰਵਿਰਤ ਹਾਲਤਾਂ ਤੋਂ ਨਹੀਂ ਮੰਨੀ ਜਾ ਸਕਦੀ, ਜੋ ਕਿ ਇਸ ਪ੍ਰਕਾਰ ਦੀਆਂ ਹਨ—ਇਕਨਾਂ ਵਿਚ ਦੁੱਧ ਭਰਿਆ ਹੈ, ਭਾਵ ਸੁਖੀ ਹਨ, ਇਕ ਚੁੱਲ੍ਹੇ ਤੇ ਚੜ੍ਹੇ ਰਹਿੰਦੇ ਹਨ ਭਾਵ ਦੁਖੀ ਹਨ। ਇਕ ਤਲਾਈਆਂ ਉੱਤੇ ਪੈ ਕੇ ਸਾਉਂਦੇ ਹਨ ਤੇ ਇਕ ਉਨ੍ਹਾਂ ਅਰਾਮ ਨਾਲ ਸੁਤਿਆਂ ਦੇ ਪਲੰਘਾਂ ਉੱਤੇ ਪਹਿਰਾ ਦੇਂਦੇ ਖੜੇ ਰਹਿੰਦੇ ਹਨ। ਇਨ੍ਹਾਂ ਜ਼ਾਹਰਾ ਸੁਖੀਆਂ ਦੁਖੀਆਂ ਵਿਚੋਂ ਉਨ੍ਹਾਂ ਨੂੰ ਸਵਾਰੇਗਾ ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ ਰੱਖੇਗਾ :

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥
ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨਿ ਚੜੇ ॥
ਇਕਿ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ ॥
ਤਿਨ੍ਹਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ॥

(ਵਾਰ ਆਸਾ ਮ. ੧/੪੭੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰੀਰਕ ਸੁਖ ਆਰਾਮ ਦੇ ਦੁਖ ਦੀਆਂ ਭਿੰਨ ਭਿੰਨ ਅਵਸਥਾਂ ਵਿਚ ਵਿਚਰਨ ਤੋਂ ਨਿਰਣਾ ਨਹੀਂ ਹੋ ਸਕਦਾ ਕਿ ਕਿਹੜੇ ਜੀਵ ਪਰਵਾਣ ਹਨ ਤੇ ਕਿਹੜੇ ਨਹੀਂ। ਪਰਵਾਣ ਉਹ ਹੁੰਦੇ ਹਨ ਜਿਨ੍ਹਾਂ ਨੂੰ ਆਪਣੀ ਮਿਹਰ ਦੀ ਨਜ਼ਰ ਨਾਲ ਸਵਾਰਦਾ ਹੈ, ਉਹੀ ਪੂਰਣਤਾ ਨੂੰ ਅਪੜੇ ਸਮਝੋ।

ਆਪ ਹੀ ਵਾਹਿਗੁਰੂ ਜੀ ਸਾਰੀ ਸਾਜਨਾ ਸਾਜਦਾ ਹੈ, ਉਸ ਸਾਜਨਾ ਵਿਚ ਕ੍ਰਿਆ ਸ਼ਕਤੀ ਭੀ ਆਪ ਹੀ ਪੈਦਾ ਕਰ ਦੇਂਦਾ ਹੈ। ਇਸ ਕ੍ਰਿਯਮਾਨ ਨੂੰ ਤਰਤੀਬ ਤੇ ਕਰਮ ਦੇ ਕੇ ਥਹੁ ਟਿਕਾਣੇ ਸਿਰ ਭੀ ਆਪ ਹੀ ਰੱਖ ਰਿਹਾ ਹੈ। ਇਸ ਸਾਜਨਾਂ ਵਿਚ ਫਿਰ ਜੀਵਧਾਰੀ ਜੰਤੂ ਉਤਪਤ ਕਰਦਾ ਹੈ; ਇਸ ਸਾਰੀ ਖੇਡ ਨੂੰ ਆਪ ਹੀ ਥਾਪਕੇ ਸੰਭਾਲਦਾ ਹੈ ਤੇ ਫੇਰ ਆਪ ਹੀ ਉਠਾ ਦੇਂਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਜਦ ਕਰਮ ਕਰਾਵਨ-ਹਾਰ ਸਭ ਕੁਛ ਉਹ ਆਪ ਹੀ ਆਪ ਹੈ ਤਾਂ ਕਿਸ ਹੋਰ ਨੂੰ ਕੁਛ ਕਹੀਏ :

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥
ਤਿਸੁ ਵਿਚਿ ਜੰਤ ਉਪਾਇਕੈ ਦੇਖੈ ਥਾਪਿ ਉਥਾਪਿ ॥
ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥

(ਵਾਰ ਆਸਾ ਮ. ੨/੪੭੫)

'ਕਿਸਨੋ ਕਹੀਐ' ਵਿਚ ਭਾਵ ਇਹ ਹੈ ਕਿ ਉਸੇ ਸਾਜਣਹਾਰ ਅਗੇ ਅਰਦਾਸ ਕਰਨੀ ਚਾਹੀਏ। ਪੰਜਵੇਂ ਸਤਿਗੁਰਾਂ ਨੇ ਮਾਨੋਂ ਇਸੇ ਤੁਕ ਦਾ ਭਾਵ ਐਉਂ ਖੋਹਲਿਆ ਹੈ :

ਕਿਆ ਕਹੀਐ ਕਿਸੁ ਆਖਿ ਸੁਣਾਈਐ
ਜਿ ਕਹਣਾ ਸੁ ਪ੍ਰਭ ਜੀ ਪਾਸਿ ॥
ਸਭੁ ਕਿਛੁ ਕੀਤਾ ਤੇਰਾ ਵਰਤੈ
ਸਦਾ ਸਦਾ ਤੇਰੀ ਆਸ ॥ (ਆਸਾ ਮ. ੫/੩੮੨)

ਹੰਸ ਕੀ ਤੇ ਬਗ਼ਲਾ ਕੀ ਭਾਵ ਸੰਤ ਕੀ ਤੇ ਮਾੜੀਆਂ ਖ਼ਸਲਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਲਾ ਪਾਪੀ ਕੀ, ਜਿਸ ਉੱਤੇ ਸਾਂਈਂ ਨਦਰ ਕਰ ਦੇਵੇ ਉਹ ਬਖ਼ਸ਼ਿਸ਼ ਦੇ ਮਾਰਗ ਪੈ ਜਾਂਦਾ ਹੈ, ਕਿਉਂਕਿ ਜੇ ਉਸ ਪ੍ਰਭੂ ਨੂੰ ਭਾ ਜਾਵੇ, ਗੁਰੂ ਜੀ ਆਖਦੇ ਹਨ ਤਾਂ ਉਹ ਉਸ ਨੂੰ ਕਾਉਂ ਤੋਂ ਭੀ ਹੰਸ ਬਣਾ ਦੇਂਦਾ ਹੈ :

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥

(ਸਿਰੀ ਰਾਗੁ ਵਾਰ ਮ. ੪/੯੧)

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਇਕੋ ਗੱਲ ਪੱਲੇ ਬੰਨ੍ਹ ਲਵੋ ਕਿ ਸਦਾ ਕ਼ਾਇਮ ਰਹਿਣ ਵਾਲਾ ਪ੍ਰਭੂ ਜੋ ਨਿਰਭਉ ਹੈ ਜਿਸ ਨੂੰ ਕਿਸੇ ਦਾ ਡਰ ਨਹੀਂ ਤੇ ਜੋ ਸਾਰੇ ਜਗਤ ਦਾ ਮੂਲ ਹੈ, ਸਿਮਰਨ ਦੀ ਰਾਹੀਂ ਹੀ ਮਿਲਦਾ ਹੈ, ਸਿਮਰਨ ਤੋਂ ਬਿਨਾਂ ਹੋਰ ਸਾਰੀਆਂ ਮੱਤਾਂ ਕੱਚੀਆਂ ਹਨ, ਹੋਰ ਸਾਰੇ ਉੱਦਮ ਕੱਚੇ ਪਿੱਲੇ ਹਨ, ਸਿਮਰਨ ਤੋਂ ਖੁੰਝੇ ਹੋਏ ਅੰਨ੍ਹਿਆਂ ਦੇ ਅੰਨ੍ਹੇ ਟਟੋਲੇ ਹੀ ਹਨ। ਇਹ ਸਿਮਰਨ ਪ੍ਰਭੂ ਜੀ ਦੀ ਮਿਹਰ ਨਾਲ ਮਿਲਦਾ ਹੈ, ਪ੍ਰਭੂ ਆਪਣੀ ਮਿਹਰ ਦੀ ਨਜ਼ਰ ਨਾਲ ਹੀ ਪਾਰ ਲੰਘਾਉਂਦਾ ਹੈ ·

ਆਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥
ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥

(ਸਾਰੰਗ ਕੀ ਵਾਰ ਮ. ੧/੧੨੪੨)

ਅਕਾਲ ਪੁਰਖ ! ਨਿਰੰਕਾਰ ! ਪ੍ਰਭੂ ਜੀ ਦੀ ਮਿਹਰ ਦੇ ਪਾਤਰ ਬਣਕੇ ਪ੍ਰਾਣੀ ਬਲਵਾਨ ਆਤਮਾ ਦੇ ਮਾਲਕ ਬਣ ਜਾਂਦੇ ਅਤੇ ਪਰਮਾਤਮਾ ਵਿਚ ਲਿਵਲੀਨ ਹੋ ਜਾਂਦੇ ਹਨ। ਇਨ੍ਹਾਂ ਪ੍ਰਾਣੀਆਂ ਦੀ ਅਵਸਥਾ ਦਾ ਜ਼ਿਕਰ ਗੁਰੂ ਬਾਬਾ ਜੀ ਨੇ ਜਪੁਜੀ ਵਿਚ, 'ਕਰਮ ਖੰਡ' ਦੀ ਪਉੜੀ ਵਿਚ ਇੰਝ ਕੀਤਾ ਹੈ :

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥ (ਜਪੁਜੀ ੮)

ਨਾਮ ਕਮਾਈ :-ਉਪਰਲੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਅਕਾਲ ਪੁਰਖ ! ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਰਾਹ ਗੁਰੂ ਪਾਸੋਂ ਮਲੂਮ ਹੁੰਦਾ ਹੈ। ਇਸ ਰਾਹ ਦੇ ਪਾਂਧੀ ਦਾ ਮੁਖ ਕਰਤੱਵ ਆਪਣੇ ਮਨ ਵਿਚ ਸਿਮਰਨ ਰਾਹੀਂ ਵਾਹਿਗੁਰੂ ਜੀ ਨਾਲ ਪਿਆਰ ਪੈਦਾ ਕਰਨਾ ਹੈ; ਅਤੇ ਅਜਿਹਾ ਜੀਵਨ ਜੀਉਣਾ ਹੈ, ਜਿਸ ਨਾਲ ਮਨ ਤੇ ਆਤਮਾ ਪਾਪਾਂ ਅਤੇ ਵਿਕਾਰਾਂ ਨੂੰ ਤਿਆਗ ਕੇ ਪਰਮਾਤਮਾ ਦੀ ਤਰ੍ਹਾਂ ਨਿਰਮਲ ਹੋ ਜਾਵੇ। ਅਜਿਹੇ ਕੰਮ ਕਰਨੇ ਹਨ ਜਿਨ੍ਹਾਂ ਨਾਲ ਪਾਰਬ੍ਰਹਮ ਪਰਮੇਸ਼ਰ ਪ੍ਰਸੰਨ ਹੁੰਦਾ ਹੋਵੇ। ਇਹ ਸਾਰਾ ਜੀਵਨ ਢੰਗ ਗੁਰ-ਸ਼ਬਦ ਦੀ ਵਿਚਾਰ ਤੋਂ ਪ੍ਰਾਪਤ ਹੁੰਦਾ ਹੈ।

ਸਤਿਗੁਰੂ ਜੀ ਮਨ ਦੀ ਅਵਿਦਿਆ ਨੂੰ ਦੂਰ ਕਰਨ, ਹਉਮੈ ਦਾ ਅਭਾਵ ਕਰਨ, ਪੰਜਾਂ-ਵਿਕਾਰਾਂ ਨੂੰ ਵੱਸ ਕਰਕੇ ਪਦਾਰਥਾਂ ਦੀ ਤ੍ਰਿਸ਼ਨਾ ਪਿਛੇ ਭਟਕਦੇ ਮਨ ਨੂੰ ਸ਼ਾਂਤ ਕਰਨ ਲਈ ਨਾਮ-ਕਮਾਈ ਕਰਨ ਦਾ ਉਪਦੇਸ਼ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਾਹਰੀ ਕਰਮਕਾਂਡਾਂ ਦੀ ਨਿਖੇਧੀ ਕਰਦੇ ਹੋਏ ਤੀਰਥਾਂ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਅਸਲ ਤੀਰਥ ਪਵਿੱਤਰ ਕਰਨ ਵਾਲੀ ਸ਼ਕਤੀ ਵਾਹਿਗੁਰੂ ਜੀ ਦਾ ਨਾਮ ਹੀ ਹੈ। ਤੀਰਥ-ਇਸ਼ਨਾਨ ਤਾਂ ਕੇਵਲ ਸਰੀਰ ਤੱਕ ਹੀ ਸੀਮਤ ਹਨ ਪਰ ਨਾਮ-ਇਸ਼ਨਾਨ ਮਨ ਨੂੰ ਨਿਰਮਲ ਕਰਦਾ ਹੈ। ਨਾਮ ਦਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਾਰ ਤੇ ਗਿਆਨ ਅਰਥਾਤ ਗੁਰ-ਸ਼ਬਦ ਵੀ ਨਾਮ-ਤੀਰਥ ਹੀ ਹੈ। ਗੁਰੂ ਦਾ ਦਿੱਤਾ ਸੱਚਾ ਗਿਆਨ ਅਸਲ ਤੀਰਥ-ਇਸ਼ਨਾਨ ਹੈ। ਇਹੋ ਹੀ ਹਿੰਦੂ ਮਤ ਅਨੁਸਾਰ ਮੰਨੇ ਦਸ ਪਵਿੱਤਰ ਦਿਹਾੜੇ ਸਮੇਂ ਕੀਤੇ ਤੀਰਥ ਇਸ਼ਨਾਨ ਤੁਲ ਫਲ ਦੇਣਹਾਰ ਹੈ। ਉਹ ਪੁਰਬ ਆਉਂਦੇ ਤੇ ਚਲੇ ਜਾਂਦੇ ਹਨ ਪਰ ਨਾਮ-ਪੁਰਬ ਸਦੀਵੀ ਹੈ। ਇਸ ਵਿਚ ਜਦੋਂ ਇਸ਼ਨਾਨ ਕਰੋ ਉਦੋਂ ਹੀ ਪਵਿੱਤਰ ਹੋਈਦਾ ਹੈ। ਜੋ ਨਾਮ ਤੋਂ ਖਾਲੀ ਹਨ ਉਹ ਕੂੜ ਕੁਸੱਤ ਦੀ ਮੈਲ ਨਾਲ ਭਰਿਆ ਹੋਇਆ ਹੈ। ਇਹ ਸਾਰਾ ਸੰਸਾਰ ਰੋਗੀ ਹੈ ਇਸ ਦਾ ਦਾਰੂ ਕੇਵਲ ਨਾਮ ਹੈ। ਗੁਰੂ ਜੀ ਦੇ ਪਵਿੱਤਰ ਬਚਨ ਸਦੀਵੀ ਚਾਨਣਾ ਦੇਣ ਵਾਲੇ ਹਨ। ਇਹ ਨਿੱਤ ਜਾਰੀ ਰਹਿਣ ਵਾਲਾ ਸੱਚਾ ਤੀਰਥ ਹੈ। ਇਨ੍ਹਾਂ 'ਬਚਨਾਂ' ਨੂੰ ਮੰਨਕੇ ਨਾਮ-ਇਸ਼ਨਾਨ ਕੀਤਿਆਂ ਕੂੜ ਕੁਸੱਤ ਦੀ ਮਾਇਆਵੀ ਮੈਲ ਮਨ ਤੋਂ ਲੱਥ ਜਾਂਦੀ ਹੈ। ਜੋ ਵੀ ਨੇਮ ਨਾਲ ਇਹ ਇਸ਼ਨਾਨ ਕਰਦਾ ਹੈ ਉਸ ਨੂੰ ਹਰ ਰੋਜ਼ ਨਵੀਂ ਖੁਸ਼ੀ ਪ੍ਰਾਪਤ ਹੁੰਦੀ ਹੈ, ਦੁੱਖ ਤੇ ਪਾਪ ਉਸ ਦੇ ਨੇੜੇ ਨਹੀਂ ਆਉਂਦੇ ਅਤੇ ਉਹ ਪੂਰਨ ਗੁਣਵਾਨ ਹੋ ਜਾਂਦਾ ਹੈ। ਇਸ ਤਰ੍ਹਾਂ ਜੋ ਬ੍ਰਹਮ-ਵਿਚਾਰ ਦੁਆਰਾ ਆਪਣੇ ਆਪ ਨੂੰ ਮਾਰ ਕੇ ਆਪ ਤਰਦਾ ਤੇ ਹੋਰਨਾਂ ਨੂੰ ਤਾਰਦਾ ਹੈ, ਉਹ ਮੁੜ ਕੇ ਜਨਮ ਮਰਨ ਵਿਚ ਨਹੀਂ ਆਉਂਦਾ। ਬੜੀ ਹੀ ਉੱਚੀ ਸੁਰਤਿ ਦਾ ਮਾਲਕ ਹੋ ਜਾਂਦਾ ਹੈ, ਉਹ ਥਿਰ ਪ੍ਰਭੂ ਜੀ ਦਾ ਰੂਪ ਬਣ ਜਾਂਦਾ ਹੈ। ਉਹ ਸਦਾ-ਥਿਰ ਪ੍ਰਭੂ ਜੀ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ। ਉਸ ਦੇ ਅੰਦਰ ਹਰ ਵੇਲੇ ਆਨੰਦ ਬਣਿਆ ਰਹਿੰਦਾ ਹੈ, ਸਦਾ-ਥਿਰ ਰਹਿਣ ਵਾਲੀ ਖੁਸ਼ੀ ਪੈਦਾ ਹੋ ਜਾਂਦੀ ਹੈ, ਉਹ ਪ੍ਰਾਣੀ ਆਪਣੇ ਸਾਰੇ ਦੁਖ ਪਾਪ ਦੂਰ ਕਰ ਲੈਂਦਾ ਹੈ।

ਜਿਸ ਪ੍ਰਾਣੀ ਨੇ ਸਦਾ-ਥਿਰ ਪ੍ਰਭੂ-ਨਾਮ ਪ੍ਰਾਪਤ ਕਰ ਲਿਆ, ਜਿਸ ਨੂੰ ਗੁਰੂ ਜੀ ਨੇ ਪ੍ਰਭੂ ਵਿਖਾ ਦਿੱਤਾ, ਉਸ ਦੇ ਸਦਾ-ਥਿਰ ਨਾਮ ਜਪਦੇ ਮਨ ਨੂੰ ਕਦੇ ਵਿਕਾਰਾਂ ਦੀ ਮੈਲ ਨਹੀਂ ਲੱਗਦੀ। ਉਹ ਪਾਰਸ ਤੇ ਮਹਾਂ ਧਿਆਨੀ ਬਣ ਜਾਂਦਾ ਹੈ ਅਤੇ ਉਸ ਦੇ ਅੰਦਰ ਨਾਮ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਸਦਾ ਹੈ :

ਤੀਰਥਿ[੧] ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ[੨] ਗਿਆਨੁ ਸਾਚਾ ਥਾਨੁ ਤੀਰਥੁ
ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ
ਜਾਚਉ[੩] ਦੇਹੁ ਪ੍ਰਭ ਧਰਣੀਧਰਾ[੪] ॥
ਸੰਸਾਰ ਰੋਗੀ ਨਾਮੁ ਦਾਰੂ[੫] ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕ[੬] ਨਿਰਮਲੁ ਸਦਾ ਚਾਨਣੁ
ਨਿਤ ਸਾਚੁ ਤੀਰਥੁ ਮਜਨਾ ॥

---

੧. ਅਸਲ ਤੀਰਥ, ਪਵਿੱਤਰ ਕਰਨ ਵਾਲੀ ਸ਼ਕਤੀ, ਵਾਹਿਗੁਰੂ ਜੀ ਦਾ ਨਾਮ ਹੈ ਜਾਂ ਸ਼ਬਦ ਭਾਵ ਨਾਮ ਦਾ ਵਿਚਾਰ ਕਰਨਾ ਹੈ ਅਤੇ ਮਨ ਵਿਚ ਵਾਹਿਗੁਰੂ ਜੀ ਦਾ ਗਿਆਨ ਹੋਣਾ ਹੈ। ੨. ਗੁਰੂ ਦਾ ਦਿੱਤਾ ਸੱਚਾ ਗਿਆਨ ਅਸਲ ਤੀਰਥ-ਅਸਥਾਨ ਹੈ, ਇਹੋ ਦਸ ਪੁਰਬ ਹੈ ਅਤੇ ਇਹੋ ਦਸ ਪਾਪ ਹਰਨ ਵਾਲਾ ਸਦੀਵੀ ਪੁਰਬ ਹੈ, ਭਾਵ 'ਦਸਹਿਰਾ' ਤਾਂ ਇਕੋ ਦਿਨ ਆਉਂਦਾ ਹੈ, ਪਰ ਇਹ ਪੁਰਬ ਸਦਾ ਹੀ ਲੱਗਾ ਰਹਿੰਦਾ ਹੈ। ਦਸ ਪੁਰਬ; ਜਦੋਂ ਇਸ਼ਨਾਨ ਕਰਨਾ ਚੰਗਾ ਮੰਨਿਆ ਜਾਂਦਾ ਹੈ, ਇਹ ਹਨ : ਅਠੇਂ; ਚੌਧੇ, ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਉਤਰਾਇਣ, ਦਖਣਾਇਣ, ਵਇਤਪਾਤ, ਚੰਨ ਤੇ ਸੂਰਜ ਦੇ ਗ੍ਰਹਿਣ। ਦਸਾਹਰਾ-ਦਸ਼ਹਰਾ, ਜੇਠ ਸ਼ੁਦੀ ਦਸਮੀ, ਜਦੋਂ ਦਸ ਪਾਪਾਂ ਦੇ ਹਰਨ ਭਾਵ ਨਾਸ ਕਰਨ ਵਾਲੀ ਗੰਗਾ ਦਾ ਜਨਮ ਹੋਇਆ ਮੰਨਦੇ ਹਨ। ੩. ਮੰਗਦਾ ਹਾਂ। ੪. ਧਰਤੀ ਦੇ ਕਾਇਮ ਕਰਨ ਵਾਲੇ ਹਰੀ। ੫. ਦਵਾ। ੬. ਗੁਰੂ ਦਾ ਪਵਿਤਰ ਬਚਨ ਸਦੀਵੀ ਚਾਨਣ ਹੈ, ਨਿਤ ਜਾਰੀ ਰਹਿਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਚਿ[7] ਨ ਲਾਗੈ ਮੈਲੁ ਕਿਆ ਮਲੁ[8] ਧੋਈਐ ॥
ਗੁਣਹਿ[9] ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ[10] ਮਾਪੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥

ਆਨੰਦੁ[11] ਅਨਦਿਨੁ ਹਰਖੁ ਸਾਚਾ
ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ
ਮੈਲੁ ਨਾਹੀ ਸਚ ਮਨੇ ॥ (ਧਨਾਸਰੀ ਮ. ੧/੬੮੭)

ਗੁਰਬਾਣੀ ਚੁੰਮਕ ਵਾਂਗ ਹੈ, ਜਿਵੇਂ ਚੁੰਬਕ ਧਾਤ ਨੂੰ ਹੀ ਆਪਣੇ ਵੱਲ ਖਿਚਦਾ ਹੈ ਅਤੇ ਪਿੱਤਲ ਆਦਿ ਨੂੰ ਨਹੀਂ, ਤਿਵੇਂ ਹੀ ਗੁਰਬਾਣੀ ਨਿਰਮਲ ਮਨਾਂ ਨੂੰ ਹੀ ਖਿੱਚਦੀ ਹੈ ਮੈਲੇ ਮਨ ਇਸ ਦੀ ਖਿਚ ਵਿਚ ਨਹੀਂ ਆਉਂਦੇ। ਇਸ ਤਰ੍ਹਾਂ ਗੁਰਬਾਣੀ ਬੋਲਦੀ ਵੀ ਹੈ ਪਰ ਇਸ ਨੂੰ ਜਾਗੇ ਮਨ ਹੀ ਸੁਣ ਸਕਦੇ ਹਨ, ਸੁੱਤੇ ਮਨ, ਜੋ ਜਨਮ ਜਨਮਾਂਤਰਾਂ

ਵਾਲਾ ਸੱਚਾ ਤੀਰਥ ਦਾ ਇਸ਼ਨਾਨ। ੭. ਸੱਚ ਨੂੰ। ੮. ਮੈਲ। ੯. ਗੁਣਾ ਦਾ ਪਰੋ ਕੇ ਗਲੇ ਪਾ ਲਿਆ, ਤਾਂ ਫੇਰ ਕਿਸ ਨੂੰ ਰੋਣਾ ਹੈ ? ਭਾਵ ਫਿਰ ਕੋਈ ਗੱਲ ਅਫਸੋਸ ਕਰਨ ਵਾਲੀ ਨਹੀਂ ਰਹਿ ਜਾਂਦੀ। (ਅਫਸੋਸ ਤਾਂ ਕਰੀਦਾ ਹੈ ਜੇ ਔਗਣ ਕਰੀਏ, ਜਾਂ ਗੁਣ ਨਾ ਹੋਣ)। ੧੦. ਵੀਚਾਰ ਦੁਆਰਾ ਆਪਣੇ ਆਪ ਨੂੰ ਮਾਰੇ ਤਾਂ ਆਪ ਤਰਦਾ ਹੈ, ਹੋਰਨਾਂ ਨੂੰ ਤਾਰਦਾ ਹੈ, ਅਤੇ ਫੇਰ ਮੁੜ ਕੇ ਜਨਮ ਵਿਚ ਨਹੀਂ ਆਉਂਦਾ। ਆਪ ਉਹ ਪਾਰਸ ਅਤੇ ਮਹਾਨ ਧਿਆਨੀ ਹੁੰਦਾ ਹੈ। ਏਹੋ ਜੇਹਾ ਸਚਾ ਪੁਰਸ਼ ਸਚੇ ਪ੍ਰਭੂ ਨੂੰ ਚੰਗਾ ਲੱਗਦਾ ਹੈ। ਪਾਰਸ–ਉਹ ਚੀਜ਼, ਜਿਸ ਦੇ ਛੂਹਣ ਨਾਲ ਹੋਰ ਧਾਤਾਂ ਸੋਨਾ ਹੋ ਜਾਂਦੀਆਂ ਹਨ, ਭਾਵ ਉਹ ਨੇਕ ਪੁਰਸ਼ ਜੋ ਹੋਰਨਾਂ ਨੂੰ ਆਪਣੀ ਸੰਗਤ ਨਾਲ ਨੇਕ ਬਣਾ ਦੇਵੇ। ੧੧. ਹਰ ਰੋਜ਼, ਨਿੱਤ ਸੱਚੀ ਖੁਸ਼ੀ ਹੁੰਦੀ ਹੈ। ਦੁਖਾਂ, ਪਾਪਾਂ ਨੂੰ ਤਿਆਗ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਸੁੱਤੇ ਪਏ ਹਨ, ਇਸ ਨੂੰ ਨਹੀਂ ਸੁਣ ਸਕਦੇ। ਹਾਂ ਬਾਣੀ ਸੁੱਤੇ ਮਨਾਂ ਲਈ ਦਵਾਈ ਜ਼ਰੂਰ ਹੈ। ਉਹ ਇਸ ਦਾ ਅਭਿਆਸ ਗੁਰੂ ਤੇ ਸੰਗਤ ਦੀ ਸੇਵਾ ਦੇ ਨਾਲ ਰਲਾ ਕੇ ਕਰਨ। ਯਤਨ ਜਾਰੀ ਰੱਖਣ, ਇਕ ਦਿਨ ਆਵੇਗਾ ਕਿ ਉਨ੍ਹਾਂ ਦਾ ਮਨ ਨਿਰਮਲ ਹੋ ਜਾਵੇਗਾ। ਜਿਸ ਵੇਲੇ ਗੁਰਬਾਣੀ ਚੰਗੀ ਲੱਗਣ ਲੱਗ ਜਾਵੇ ਤਾਂ ਮਾਨੋ ਮਨ ਨਿਰਮਲ ਹੋ ਗਿਆ। ਫਿਰ ਗੁਰਬਾਣੀ ਅਜੇਹੇ ਮਨ ਨੂੰ ਖਿਚ ਵੀ ਪਾਵੇਗੀ ਤੇ ਰਸ ਵੀ ਦੇਵੇਗੀ। ਜਿਸ ਵੇਲੇ ਗੁਰਬਾਣੀ ਰਸ ਦੇ ਰਹੀ ਹੋਵ੍ਹੇ, ਸਮਝੋ ਮਨ ਲੀਨ ਹੋ ਰਿਹਾ ਹੈ ਤੇ ਪ੍ਰਭੂ-ਸਮਾਈ ਹੋ ਰਹੀ ਹੈ।

ਪੰਜਾਂ ਪਿਆਰਿਆਂ ਦੁਆਰਾ ਪ੍ਰਾਪਤ ਹੋਈ ਗੁਰੂ-ਦੀਖਿਆ ਨੂੰ ਕਮਾਉਂਦੇ ਕਮਾਉਂਦੇ ਗੁਰੂ ਕਿਰਪਾ ਦੁਆਰਾ ਇਹ ਅਵਸਥਾ ਸਹਿਜੇ ਹੀ ਆ ਬਣਦੀ ਹੈ। ਗੁਰੂ ਹੁਕਮ ਅਨੁਸਾਰ ਪੰਜਾਂ ਬਾਣੀਆਂ ਦਾ ਰੋਜ਼ਾਨਾ ਪਾਠ ਅਤੇ ਗੁਰਮੰਤ੍ਰ ਤੇ ਮੂਲਮੰਤ੍ਰ ਦਾ ਲਗਾਤਾਰੀ ਰਟਨ, ਹੋਰ ਦੀਖਿਆ ਦੇ ਮੰਨਣ ਸਹਿਤ, ਕਰਨਾ ਲਾਜ਼ਮੀ ਕਰਾਰ ਦਿੱਤਾ ਹੋਇਆ ਹੈ। ਅਸਲ ਵਿਚ ਇਹ ਸਭ ਕੁਝ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਹੀ ਹੈ। ਇਕੱਲੇ ਨਾਮ ਜਪਣ ਦੁਆਰਾ ਨਾਮ ਹਿਰਦੇ ਵਿਚ ਨਹੀਂ ਵੱਸਦਾ। ਨਾਮ ਸਮੁੰਦਰ ਨਿਆਈ ਹੈਂ। ਜਿਵੇਂ ਮੈਲੇ ਕਪੜੇ ਨੂੰ ਸਮੁੰਦਰ ਵਿਚ ਦੇਰ ਤੱਕ ਰੱਖਿਆਂ ਵੀ ਆਪਣੇ ਆਪ ਸਾਫ਼ ਹੋਣ ਦੀ ਸੰਭਾਵਨਾ ਨਹੀਂ ਹੁੰਦੀ, ਪਰ ਸਾਬਣ ਲਾ ਕੇ ਹੱਥਾਂ ਨਾਲ ਜ਼ਰਾ ਮਲਣ ਨਾਲ ਉਹ ਮੈਲਾ ਕਪੜਾ ਤੁਰੰਤ ਸਾਫ਼ ਹੋ ਜਾਂਦਾ ਹੈ, ਤਿਵੇਂ ਹੀ ਗੁਰਬਾਣੀ ਵੀ ਸਾਬਣ ਵਾਂਗ ਮਨ ਨੂੰ ਮਲ ਮਲ ਕੇ ਧੋਣ ਦਾ ਕੰਮ ਦਿੰਦੀ ਹੈ। ਪਰ ਗੁਰਬਾਣੀ ਦਾ ਅਸਰ ਤਦੇ ਹੁੰਦਾ ਹੈ ਜੇ ਜੀਵ ਉਸ ਨੂੰ ਬਾਰ ਬਾਰ ਪੜ੍ਹੇ ਤੇ ਗਾ ਕੇ ਉਸ ਵਿਚ ਦਿੱਤੇ ਉਪਦੇਸ਼ ਤੇ ਪਰਤੀਤੀ ਲਿਆਵੇ। ਉਸ ਨੂੰ ਸਤਿ ਕਰਕੇ ਮੰਨੇ ਅਤੇ ਉਸ ਦਾ ਭੈ ਅੰਦਰ ਵਸਾ ਕੇ ਉਸ ਤੇ ਅਮਲ ਕਰੇ :

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿਨਾਮਾ ॥ (ਬਿਲਾਵਲੁ ਮ. ੩/੭੯੭)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦੇ ਮਨ ਵਿਚ ਗੁਰ ਤੇ ਭਰੋਸਾ ਬੱਝ ਗਿਆ ਹੈ, ਉਸ ਪੁਰਖ ਦੇ ਚਿੱਤ ਵਿਚ ਹਰੀ ਪ੍ਰਭੂ ਆ ਬਿਰਾਜਦਾ ਹੈ :

ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭ ਚੀਤਿ ॥

(ਗਉੜੀ ਸੁਖਮਨੀ ਮ. ੫/੨੮੩)

ਵੱਡੇ ਭਾਗ ਨਾਲ ਸਤਿਗੁਰੂ ਜੀ ਦੀ ਕਿਰਪਾ ਦੀ ਰਾਹੀਂ ਭਉ ਉਪਜਦਾ ਹੈ ਤੇ ਮਨ ਵਿਚ ਆ ਕੇ ਵੱਸਦਾ ਹੈ, ਹਰੀ ਦਾ ਭਉ ਉਪਜਿਆਂ ਹੀ, ਤੇ ਹਉਮੈ ਸਤਿਗੁਰੂ ਜੀ ਦੇ ਸ਼ਬਦ ਨਾਲ ਸਾੜ ਕੇ ਹੀ ਮਨ ਵੱਸ ਵਿਚ ਆਉਂਦਾ ਹੈ :

ਗੁਰਪਰਸਾਦੀ ਭਉ ਪਇਆ
ਵਡਭਾਗਿ ਵਸਿਆ ਮਨਿ ਆਇ ॥
ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥

(ਮ. ੩ ਵਾਰ ਸੋਰਠਿ ਮ. ੪/੬੮੫)

ਖਾਲਸੇ ਦਾ ਗੁਰਮੰਤ੍ਰ ਜੋ ਪੰਜਾਂ ਪਿਆਰਿਆਂ ਰਾਹੀਂ ਪ੍ਰਾਪਤ ਹੁੰਦਾ ਹੈ, ਉਹ ਹੈ, 'ਵਾਹਿਗੁਰੂ' :

ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ ॥

(੧੩-੨ ਭਾਈ ਗੁਰਦਾਸ ਜੀ)

ਇਸ ਦੇ ਜਾਪ ਨਾਲ ਵਾਹਿਗੁਰੂ ਜੀ ਦੀ ਹੋਂਦ ਹਿਰਦੇ ਅੰਦਰ ਸਿਰਜਦੀ ਹੈ, ਉਸ ਦਾ ਸਰੂਪ ਅੰਦਰ ਵਸਦਾ ਹੈ। ਵਾਹਿਗੁਰੂ ਜੀ ਦੇ ਸਰੂਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਵਿਚ ਦਰਸਾਇਆ ਹੋਇਆ ਹੈ । ਸਮੁਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ 'ਵਾਹਿਗੁਰੂ' ਜੀ ਦੇ ਇਸੇ ਸਰੂਪ ਦਾ ਹੀ ਜਸਗਾਇਣ ਹੈ। ਗੁਰਬਾਣੀ ਦਾ ਪਾਠ ਕਰਦਿਆਂ ਤੇ ਬਾਰੰਬਾਰ ਵਾਹਿਗੁਰੂ ਵਾਹਿਗੁਰੂ ਕਹਿੰਦਿਆਂ ਇਸ ਸਰੂਪ ਨੇ ਹਿਰਦੇ ਅੰਦਰ ਪ੍ਰਗਟ ਹੋ ਜਾਣਾ ਹੈ। ਜਿਉਂ ਜਿਉਂ ਹੋਂਦ ਹਉਮੈ ਘਟੇਗੀ ਤੇ ਵਾਹਿਗੁਰੂ ਜੀ ਵਿਚ ਸਮਾਈ ਹੋਵੇਗੀ। ਇਸੇ ਕਰਕੇ ਜੀਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਅੱਠੇ ਪਹਿਰ ਵਾਹਿਗੁਰੂ ਸਿਮਰਨ ਦਾ ਹੁਕਮ ਹੈ । ਅੱਖ ਦੇ ਫੋਰ ਜਿੰਨੇ ਸਮੇਂ ਲਈ ਵੀ ਵਿਸਾਰ ਦੇਣ ਦੀ ਆਗਿਆ ਨਹੀਂ :

ਨਿਮਖ ਨ ਬਿਸਰਉ ਤੁਮ੍ ਕਉ
ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥

(ਗੂਜਰੀ ਮ. ੫/੪੯੬)

ਆਰੰਭਕ ਨਾਮ ਦੇ ਜਪਣ ਦੇ ਲਈ ਸਭ ਤੋਂ ਜ਼ਰੂਰੀ ਗੱਲ ਸਮਾਂ ਹੈ । ਜਿਹੜਾ ਭੀ ਸਮਾ ਸਿਮਰਨ ਵਿਚ ਗੁਜ਼ਾਰਿਆ ਜਾਏ ਉਹ ਚੰਗਾ ਹੈ, ਹਰੇਕ ਸਮਾਂ ਸਿਮਰਨ ਵਾਸਤੇ ਢੁਕਵਾਂ ਹੈ :

ਹਰਿ ਸਿਮਰਨ ਕੀ ਸਗਲੀ ਬੇਲਾ ॥
ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥

(ਭੈਰਉ ਮ. ੫/੧੧੫੦)

ਉਤਲੇ ਮਹਾਂਵਾਕ ਅਨੁਸਾਰ ਭਾਵੇਂ ਹਰ ਵੇਲੇ ਹੀ ਅਕਾਲ ਪੁਰਖ ! ਵਾਹਿਗੁਰੂ ਦਾ ਸਿਮਰਨ ਕੀਤਾ ਜਾ ਸਕਦਾ ਹੈ ਪਰ ਆਰੰਭ ਵਿਚ ਨਾਮ ਅਭਿਆਸੀ ਲਈ ਅੰਮ੍ਰਿਤ ਵੇਲਾ ਬਹੁਤ ਹੀ ਜ਼ਰੂਰੀ ਅਤੇ ਲਾਭਦਾਇਕ ਹੈ । ਅੰਮ੍ਰਿਤ ਵੇਲੇ ਨੂੰ ਚਉਥਾ ਪਹਿਰ ਵੀ ਕਿਹਾ ਜਾਂਦਾ ਹੈ । ਸਾਡਾ ਦਿਨ ਸੂਰਜ ਦੇ ਚੜ੍ਹਾਅ ਦੇ ਨਾਲ ਸ਼ੁਰੂ ਹੁੰਦਾ ਹੈ ਤੇ ਦੂਜੇ ਦਿਨ ਸੂਰਜ ਦੇ ਚੜ੍ਹਾਅ ਤੱਕ ਅੱਠ ਪਹਿਰ ਦਾ ਦਿਨ ਰਾਤ ਮਿਥਿਆ ਗਿਆ ਹੈ । ਮੁਸਲਮਾਨਾਂ ਦਾ ਦਿਨ ਸੂਰਜ ਛਿਪੇ ਤੋਂ ਦੂਜੇ ਦਿਨ ਸੂਰਜ ਛਿਪਣ ਤੱਕ ਹੁੰਦਾ ਹੈ । ਅਤੇ ਬਾਕੀ ਸੰਸਾਰ ਦੇ ਰਾਤ ਦੇ ਬਾਰ੍ਹਾਂ ਵਜੇ ਪਿਛੋਂ ਦੂਜਾ ਦਿਨ ਆਰੰਭ ਹੋਇਆ ਸਮਝਿਆ ਜਾਂਦਾ ਹੈ । ਚਾਰ ਪਹਿਰ ਦਿਨ ਅਤੇ ਚਾਰ ਪਹਿਰ ਰਾਤ ਇਉਂ ਅੱਠ ਪਹਿਰ ਬਣਦੇ ਹਨ । ਸਾਡਾ ਚੌਥਾ ਪਹਿਰ ਯਾਨੀ ਅੰਮ੍ਰਿਤ ਵੇਲਾ ਸੂਰਜ ਦੇ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ ਆਰੰਭ ਹੋ ਜਾਂਦਾ ਹੈ । ਸੋ ਜੁਗਿਆਸੂ ਵਾਸਤੇ ਅੰਮ੍ਰਿਤ ਵੇਲੇ ਉੱਠਣਾ ਅਤੀ ਜ਼ਰੂਰੀ ਹੈ । ਇਸ ਪ੍ਰਥਾਇ ਗੁਰਬਾਣੀ ਰਾਹੀਂ ਕਈ ਥਾਵਾਂ ਤੇ ਹਦਾਇਤ ਕੀਤੀ ਗਈ ਹੈ :

CC-0. In Public Domain. Gurukul Kangri Collection, Haridwar

1. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

Digitized by Arya Samaj Foundation Chennai and eGangotri

(ਜਪੁਜੀ ਸਾਹਿਬ)

2. ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥

(ਮਾਝ ਕੀ ਵਾਰ ਮ. ੧/੧੪੬)

3. ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥

(ਮਾਰੂ ਮ. ੧/੯੮੯)

4. ਫਰੀਦਾ ਪਿਛਲਿ ਰਾਤਿ ਨ ਜਾਗਿਓਹਿ
ਜੀਵਦੜੋ ਮੁਇਓਹਿ ॥ (ਸਲੋਕ ਫਰੀਦ ਜੀ ੧੩੮੩)

5. ਕੁਰਬਾਣੀ ਤਿਨਾ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ ॥

(ਭਾਈ ਗੁਰਦਾਸ ਜੀ)

6. ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰਿ ਨਾਵੰਦਾ ॥

(ਭਾਈ ਗੁਰਦਾਸ ਜੀ)

ਪਦਮ ਭੂਸ਼ਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਅੰਮ੍ਰਿਤ ਵੇਲਾ ਉਹ ਸਮਾਂ ਹੈ ਜੋ ਅੰਮ੍ਰਿਤ ਦੇ ਤੁਲ ਰਸਦਾਇਕ ਤੇ ਅਮਰ ਪਦਵੀ ਵੱਲ ਲੈ ਜਾਣ ਲਈ ਉਪਯੋਗੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਪਦ ਰਾਤ ਦੇ ਪਿਛਲੇ ਪਹਿਰ ਲਈ ਸੰਕੇਤ ਕੀਤਾ ਹੈ। ਵੈਸੇ ਤਾਂ ਹਰ ਵੇਲੇ, ਵੇਲੇ ਹੀ ਹਨ, ਕਾਲ ਦੀ ਗਤੀ ਹੈ, ਜੋ ਚੱਲ ਰਿਹਾ ਹੈ ਤੇ ਚਲਦਾ ਸਹੀ ਨਹੀਂ ਹੁੰਦਾ ਤੇ ਜਿਸ ਦੀ ਚਾਲ ਵਿਚ ਹੀ ਸੰਸਾਰ ਚੱਲ ਰਿਹਾ ਹੈ ਤੇ ਚਲਦਾ ਸਹੀ ਨਹੀਂ ਹੁੰਦਾ ਪਰ ਵੇਲਿਆਂ ਵਿਚ ਫਰਕ ਵੀ ਹੈ। ਸੂਰਜ ਚੜ੍ਹੇ ਬਿਰਤੀ ਖਿੰਡਦੀ ਹੈ, ਦੁਪਹਿਰਾਂ ਗਰਮ ਹਨ, ਸੰਧਿਆ ਵੇਲੇ ਮਨ ਮੁੜਦਾ ਹੈ, ਰਾਤ ਨੂੰ ਠੰਡ ਉਤਰਦੀ ਹੈ। ਤਿਵੇਂ ਪਿਛਲੀ ਰਾਤ ਸੀਤਲ ਹੈ, ਮਾਨੋ ਝਿੰਮ ਝਿੰਮ ਅੰਮ੍ਰਿਤ ਵਰਸਦਾ ਹੈ, ਮਨੁੱਖ ਸੁਤੇ ਪਏ ਹਨ। ਪੰਛੀ ਆਰਾਮ ਵਿਚ ਹਨ। ਕੁਦਰਤ ਟਿਕੀ ਹੋਈ ਭਾਸਦੀ ਹੈ। ਗਰਮੀ ਦੀ ਥਾਂ ਸੀਤਲਤਾ ਲੈਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਸ ਵੇਲੇ ਜੇ ਕੋਈ ਮਨ ਨੂੰ ਨਾਮ ਵਿਚ ਜੋੜੇ ਤਾਂ ਅੰਮ੍ਰਿਤ ਹੋ ਲੱਗਦਾ ਹੈ। ਮਨੁੱਖ ਰੋਟੀ ਖਾ ਕੇ ਰਾਤ ਨੂੰ ਸੌਂ ਜਾਂਦਾ ਹੈ। ਖਾਣਾ ਹਜ਼ਮ ਹੋ ਕੇ ਉਸ ਦੇ ਸੂਖਮ ਰਸ ਬਣਕੇ ਪਿਛਲੀ ਰਾਤ ਤੱਕ ਸਾਰੇ ਸਰੀਰ ਆਪਣੇ ਸੁਤੇ ਹੀ ਪੂਰੇ ਬਲ ਵਿਚ ਹੁੰਦਾ ਹੈ। ਰਾਤ ਸੌਂ ਲੈਣ ਕਰਕੇ ਸਰੀਰ ਦੀ ਥਕਾਨ ਦੂਰ ਹੋ ਜਾਂਦੀ ਹੈ, ਮਨ ਜੋ ਦਿਨੇ ਲੋੜਾਂ, ਆਸਾਂ ਤ੍ਰਿਸ਼ਨਾ ਤੇ ਰਸਾਂ ਕਸਾਂ ਦੀ ਖਾਤਰ ਸੋਚਦਾ ਤੇ ਸਰੀਰ ਨੂੰ ਮਿਹਨਤ ਵਿਚ ਲਾਈ ਰੱਖਦਾ ਹੈ, ਰਾਤ ਨੂੰ ਨੀਂਦ ਦੀ ਗੋਦ ਸੌਂ ਕੇ ਕੁਛ ਟਿਕਾਉ ਵੱਲ ਰੁਖ ਕਰ ਜਾਂਦਾ ਹੈ। ਚਾਹੇ ਸੁੱਤਾ ਵੀ ਸੁਪਨੇ ਦੇਖਦਾ ਹੈ ਤੇ ਚਾਹੇ ਨੀਂਦ ਤਮੋਗੁਣੀ ਸ਼ੈ ਮੰਨੀ ਹੈ, ਪਰ ਤਦ ਵੀ ਪੂਰੀ ਨੀਂਦਰ ਵਿਚ ਮਗਰੋਂ ਮਨ ਦਾ ਕੋਈ ਝੁਕਾਉ ਅੰਦਰ ਵੱਲ ਹੁੰਦਾ ਹੈ। ਉਹ ਇਹ ਕਿ ਕਾਦਰ ਦੀ ਕੁਦਰਤ ਵਿਚ ਖੇੜਾ ਹੈ ਤੇ ਵਿਸਮਾਦੀ ਰੰਗ ਹੈ, ਜਿਸ ਤੋਂ ਵਿਸਮਾਦੀ ਛੁਹ ਮਿਲਦੀ ਹੈ, ਉਹ ਅਤਿ ਸੁਹਾਵਣਾ ਹੁੰਦਾ ਹੈ, ਮਿੱਠੀ ਮਿੱਠੀ ਹਵਾ ਦੇ ਬੁਲ੍ਹੇ ਉੱਠਦੇ ਹਨ ਤੇ ਐਉਂ ਗਲੇ ਲਗਦੇ ਹਨ ਕਿ ਮਾਨੋਂ ਜੱਫੀਆਂ ਪਾ ਰਹੇ ਹਨ। ਉਸ ਵੇਲੇ ਗਾਫਲ ਸੁੱਤੇ ਪਏ ਹੁੰਦੇ ਹਨ, ਪਰ ਪਰਮੇਸ਼ਰ ਦੇ ਪ੍ਰੇਮੀ ਉਸ ਸੁਹਾਵਣੇ ਸਮੇਂ ਉਸ ਦੇ ਪ੍ਰੇਮ ਵਿਚ ਰਚੇ ਹੋਏ ਹੁੰਦੇ ਹਨ। ਉਨ੍ਹਾਂ ਦਾ ਉਹ ਰਤੜਾ ਸਰੂਪ ਆਚਰਨ ਰੂਪ ਹੁੰਦਾ ਹੈ। ਅਰਥਾਤ ਵਿਸਮਾਦ ਹੁੰਦਾ ਹੈ ਤੇ ਵਿਸਮਾਦੀ ਛੋਹ ਲਾਉਂਦਾ ਹੈ ਨਾਮ ਅਭਿਆਸੀ ਨੂੰ :

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

(ਆਸਾ ਮ. ੫/੪੫੯)

ਜੇ ਕੋਈ ਇਸ ਵੇਲੇ ਜਾਗੇ ਤੇ ਅੰਦਰਲੇ ਨੂੰ ਨਾਮ ਵਿਚ ਲਾਏ ਤਾਂ ਮਨ ਨਾਮ-ਸਿਮਰਨ ਵਿਚ ਤੁਰ ਪੈਂਦਾ ਹੈ। ਇਸੇ ਕਰਕੇ ਇਹ ਵੇਲਾ ਅੰਮ੍ਰਿਤ ਦੇ ਪੀਣ ਦਾ ਹੈ। ਜੇ ਇਸ ਵੇਲੇ ਕੀਰਤਨ ਦੀ ਮਧੁਰ ਧੁਨੀ ਕੰਨ ਪਵੇ ਤਾਂ ਚਿਤ ਹੋਰ ਸੁਖੀ ਹੁੰਦਾ ਹੈ, ਤੇ ਨਾਮ ਵਿਚ ਲਗਨ ਹੋਰ

CC-0. In Public Domain. Gurukul Kangri Collection, Haridwar

ਖੁਭਦੀ ਹੈ, ਤਦੇ ਹੀ ਸ੍ਰੀ ਗੁਰੂ ਬਾਬੇ ਜੀ ਨੇ 'ਆਸਾ ਦੀ ਵਾਰ ਅੰਮ੍ਰਿਤ
Digitized by Arya Samaj Foundation Chennai and eGangotri
ਵੇਲੇ ਕੀਰਤਨ ਵਿਚ ਗਾਵੀ ਜਾਣੇ ਦੀ ਰੌ ਤੋਰੀ ਹੈ। ਪਰ ਜੇ ਅੰਮ੍ਰਿਤ ਵੇਲੇ ਕੁਝ ਸਮਾਂ ਨਾਮ-ਜਪ ਹੋ ਜਾਵੇ ਤਾਂ ਫਿਰ ਸਾਰਾ ਦਿਨ ਜਾਪ ਆਪ-ਮੁਹਾਰੇ ਚਲਦਾ ਰਹਿੰਦਾ ਹੈ ਅਤੇ ਇਸ ਤਰ੍ਹਾਂ ਨਾਮ ਜਪ ਦੀ ਲੜੀ ਵਿਚ ਟੋਟਾ ਨਹੀਂ ਆਉਂਦਾ ਅਤੇ ਇਹ ਬਿਨਾਂ ਕਿਸੇ ਯਤਨ ਤੋਂ ਸਹਜਿ ਸੁਭਾਏ ਹੀ ਹੁੰਦਾ ਰਹਿੰਦਾ ਹੈ :

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੇ ਨਾਹੀ ।!

(ਸੂਹੀ ਮ. ੪/੭੩੪)

ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ 'ਕਲਗੀਧਰ ਚਮਤਕਾਰ' ਵਿਚ ਇਕ ਥਾਂ ਲਿਖਦੇ ਹਨ ਕਿ ਦਸਮੇਸ਼ ਪਿਤਾ ਜੀ ਅੰਮ੍ਰਿਤ ਵੇਲੇ ਨੂੰ ਇੰਜ ਸਤਿਕਾਰਦੇ ਸਨ । ਜਦੋਂ ਆਨੰਦਪੁਰ ਸਾਹਿਬ ਕਿਲ੍ਹੇ ਨੂੰ ਪੰਜ ਛੇ ਮਹੀਨੇ ਤੋਂ ਘੇਰਾ ਪਿਆ ਸੀ, ਅਨੇਕਾਂ ਕਸ਼ਟ ਵਾਪਰ ਰਹੇ ਸਨ, ਇਕ ਰਾਤ ਆਈ, ਕਿ ਗੁਰੂ ਜੀ ਪਿਆਰੇ ਸਿੰਘਾਂ ਤੇ ਪਰਵਾਰ ਸਮੇਤ ਕਿਲ੍ਹੇ ਤੋਂ ਨਿਕਲ ਖੜੇ ਹੋਏ । ਆਪ ਕਈ ਮੀਲ ਉਨ੍ਹਾਂ ਤੋਂ ਪਰੇ ਚਲੇ ਗਏ, ਜਦ ਸਰਸਾ ਨਦੀ ਤੇ ਪਹੁੰਚੇ, ਆਸਾ ਦੀ ਵਾਰ ਦਾ ਵੇਲਾ ਸੀ, ਸਤਿਗੁਰਾਂ ਕਿਹਾ, ਠਹਿਰੋ ਖਾਲਸਾ ਜੀ ਭਜਨ ਪਹਿਲੇ ਹੈ, ਦੀਵਾਨ ਲਾ ਦਿਓ, ਜਾਨ ਜਾਵੇ, ਪਰ ਬੰਦਗੀ ਦਾ ਵੇਲਾ ਨਾ ਜਾਏ। ਉੱਥੇ ਹੀ ਦੀਵਾਨ ਲੱਗ ਗਿਆ। ਦੁਸ਼ਮਨ ਆਪਣਾ ਵਾਹਦਾ ਤੋੜਕੇ ਮਗਰੇ ਆ ਰਹੇ ਸੀ, ਤੇ ਆ ਪਏ। ਇਸ ਵੇਲੇ ਖੇਦ ਦਾ ਅੰਦਾਜ਼ਾ ਆਪ ਹੀ ਲਾ ਲਓ, ਕਿੰਨੀ ਕੁ ਕਟਾ ਵੱਢ ਤੇ ਮੁਸ਼ਕਲ ਦਾ ਸਾਹਮਣਾ ਪਿਆ ਹੋਊ। ਹੁਣ ਏਥੇ ਤੁਸੀਂ ਆਪਣੇ (ਰਾਜਨੀਤੀ) ਪੁਲੀਟੀਕਲ ਅਰਥਾਂ ਵੱਲ ਨਾ ਜਾਣਾ ਕਿ ਇਥੇ ਕੀਰਤਨ ਦਾ ਕਿਹੜਾ ਵੇਲਾ ਸੀ ? ਨੱਸ ਕਿਉਂ ਨਾ ਗਏ ? ਦੂਜੇ ਦਿਨ ਬੰਦਗੀ ਕਰ ਲੈਂਦੇ ? ਮੈਂ ਕਹਾਂਗਾ ਕਿ ਇਹੋ ਵਾਕਿਆ ਪੂਰੇ ਤੌਰ ਪਰ ਸਾਬਤ ਕਰਦਾ ਹੈ ਕਿ ਗੁਰੂ ਜੀ ਨੂੰ ਆਪਣਾ ਵਾਹਿਗੁਰੂ ਜੀ ਤੇ ਉਸਦੀ

CC-0. In Public Domain. Gurukul Kangri Collection, Haridwar

ਬੰਦਗੀ ਦਾ ਸੁੱਖ ਕੱਸ ਸੀ। ਬੰਦਗੀ ਦਾ ਇਕ ਵੀ ਨਾਗਾ, ਉਹ ਜਾਨਾਂ Digitized by Arya Samaj Foundation Chennai and eGangotri
ਪਰ ਖੇਡਦੇ ਸਨ, ਪਰ ਨਾਮ-ਸਿਮਰਨ ਦਾ ਨਾਗਾ ਨਹੀਂ ਸਨ ਪਾਉਂਦੇ।

ਨਾਮ-ਸਿਮਰਨ ਵਾਸਤੇ ਅੰਮ੍ਰਿਤ ਵੇਲਾ ਬੜਾ ਸੁਹਾਵਣਾ ਸਮਾਂ ਗਿਣਿਆ ਗਿਆ ਹੈ, ਇਹ ਵਧ ਤੋਂ ਵਧ ਇਕਾਂਤ ਦਾ ਸਮਾਂ ਹੁੰਦਾ ਹੈ, ਇਸ ਵੇਲੇ ਸਭ ਗੁਪਤ ਤੇ ਪ੍ਰਗਟ ਰੂਹਾਂ, ਸੰਤ, ਮਹਾਤਮਾ ਆਦਿ ਅਕਾਲ ਪੁਰਖ ਵਾਹਿਗੁਰੂ ਜੀ ਦੇ ਨਾਮ ਵਿਚ ਜੁੜੇ ਬੈਠੇ ਹੁੰਦੇ ਹਨ, ਅਤੇ ਇਸ ਤਰ੍ਹਾਂ ਵਾਯੂ-ਮੰਡਲ ਪਵਿੱਤਰ ਹੁੰਦਾ ਹੈ ਅਤੇ ਆਪਣਾ ਮਨ ਹੀ ਆਰਾਮ ਕਰਕੇ ਦਹਿ ਦਿਸ ਧਾਉਣੀਆਂ ਜੋ ਦਿਨ ਚੜ੍ਹਦੇ ਸਾਰ ਹੀ ਉਸ ਨੂੰ ਆ ਘੇਰਦੀਆਂ ਹਨ, ਤੋਂ ਪਰੇ ਹਟਿਆ ਹੁੰਦਾ ਹੈ। ਨਾਮ ਅੰਮ੍ਰਿਤ ਵੇਲੇ ਇਸ ਲਈ ਜਪਣਾ ਹੈ ਕਿਉਂ ਜੋ ਇਸ ਸਮੇਂ ਪ੍ਰਾਪਤ ਕੀਤੀ ਛੁਹ ਨਾਲ ਬਾਕੀ ਸਮੇਂ ਜਦੋਂ ਦੁਨਿਆਵੀ ਖਿਆਲਾਂ, ਤਰੰਗਾਂ ਦਾ ਜ਼ੋਰ ਹੁੰਦਾ ਹੈ, ਤੇ ਉਨ੍ਹਾਂ ਦੇ ਮਨ ਤੇ ਹਾਵੀ ਹੋ ਜਾਣ ਦਾ ਡਰ ਹੁੰਦਾ ਹੈ, ਇਹ ਭੁੱਲਦਾ ਨਹੀਂ ਅਤੇ ਬਿਰਤੀ ਦਾ ਵਹਾਉ ਵਾਹਿਗੁਰੂ ਜੀ ਵੱਲ ਨਿਰੰਤਰ ਬਣਿਆ ਰਹਿਣ ਕਰਕੇ ਮਨ ਉਸਦੀ ਹੋਂਦ ਨਾਲ ਰਸ ਲੀਨ ਹੋ ਕੇ ਜੁੜਿਆ ਰਹਿੰਦਾ ਹੈ।

ਅੰਮ੍ਰਿਤ ਵੇਲਾ ਜਾਂ ਬ੍ਰਹਮ ਦਾ ਸਮਾਂ ਰਾਤ ਦੇ ਦੋ ਵਜੇ ਤੋਂ ਸੂਰਜ ਚੜ੍ਹਨ ਤੱਕ ਦੇ ਸਮੇਂ ਨੂੰ ਕੁਦਰਤ ਦਾ ਅੰਮ੍ਰਿਤ ਵੇਲਾ ਆਖਦੇ ਹਨ। ਇਸ ਸਮੇਂ ਵਿਚ ਜਾਗਣ ਦਾ ਇਕ ਖਾਸ ਫਾਇਦਾ ਇਹ ਵੀ ਹੈ ਕਿ ਅਭਿਆਸ ਤੋਂ ਮਗਰੋਂ ਘੰਟਾ ਡੇਢ ਘੰਟਾ ਸੌਂ ਜਾਣ ਦਾ ਫੇਰ ਸਮਾਂ ਮਿਲ ਜਾਂਦਾ ਹੈ। ਅਭਿਆਸ ਵਿਚ ਪਹਿਲੇ ਪਹਿਲ ਆਦਮੀ ਥੱਕ ਜਾਂਦਾ ਹੈ, ਜੇਕਰ ਉਸ ਨੂੰ ਅਭਿਆਸ ਮਗਰੋਂ ਫੇਰ ਆਰਾਮ ਕਰਨ ਦਾ ਮੌਕਾ ਮਿਲ ਜਾਵੇ, ਤਾਂ ਸਾਰੇ ਦਿਨ ਦੇ ਕਾਰ ਵਿਹਾਰ ਵਾਸਤੇ ਸਰੀਰ ਫਿਰ ਤਿਆਰ ਹੋ ਜਾਂਦਾ ਹੈ। ਪਹਿਲਾਂ ਤਾਂ ਕੋਸ਼ਿਸ਼ ਇਸ ਸਮੇਂ ਜਾਗਣ ਦੀ ਕਰਨੀ ਚਾਹੀਦੀ ਹੈ, ਪਰ ਜੇ ਐਸਾ ਕਰਨਾ ਕਿਸੇ ਕਾਰਨ ਮੁਸ਼ਕਲ ਹੋਵੇ, ਤਾਂ ਫਿਰ ਸਵੇਰ ਸਾਰ ਤੇ ਸੰਧਿਆ ਦਾ ਸਮਾਂ ਵੀ ਨਾਮ ਜਪਣ ਵਾਸਤੇ ਅੰਮ੍ਰਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਲੇ ਤੋਂ ਲਹਿਕੇ ਉੱਤਮ ਸਮੇਂ ਹਨ। ਇਸ ਦਾ ਭਾਵ ਇਹ ਨਹੀਂ ਕਿ ਉਕਤ ਦੱਸੇ ਵਕਤਾਂ ਤੋਂ ਛੁੱਟ ਹੋਰ ਕਿਸੇ ਵੇਲੇ ਸਿਮਰਨ ਨਹੀਂ ਹੋ ਸਕਦਾ। ਜੋ ਵੇਲਾ ਸਿਮਰਨ ਅਭਿਆਸੀਆਂ ਨੂੰ ਚੰਗਾ ਲੱਗੇ, ਜਾਂ ਜਿਸ ਵਕਤ ਉਸ ਨੂੰ ਜ਼ਰੂਰੀ ਕੰਮ-ਕਾਜ ਤੋਂ ਫੁਰਸਤ ਮਿਲੇ, ਉਸ ਵੇਲੇ ਹੀ ਸਿਮਰਨ ਅਭਿਆਸ ਹੋ ਸਕਦਾ ਹੈ। ਥੱਕੇ ਹੋਈਏ ਤਾਂ ਸਿਮਰਨ-ਅਭਿਆਸ ਵੇਲੇ ਨੀਂਦ ਆ ਜਾਇਆ ਕਰਦੀ ਹੈ, ਨਾਲੇ ਬਿਰਤੀਆਂ ਨੂੰ ਟਿਕਾਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਕਰਕੇ ਸੌਂ ਕੇ ਉੱਠਣ ਮਗਰੋਂ ਇਸ਼ਨਾਨ ਕਰਕੇ ਜਾਂ ਪੰਜ-ਇਸਨਾਨਾਂ ਕਰਕੇ ਇਕ ਮਨ ਹੋ ਕੇ ਪਿਆਰੇ ਸਾਂਈਂ ਜੀ ਨੂੰ ਹਾਜ਼ਰ ਨਾਜ਼ਰ ਜਾਣੇ ਵਾਹਿਗੁਰੂ! ਵਾਹਿਗੁਰੂ ਆਖਦੇ ਆਵਾਜ਼ਾਂ ਮਾਰੀ ਗਏ। ਏਸੇ ਕਰਕੇ ਗੁਰੂ ਸਾਹਿਬ ਸਵੇਰ ਦਾ ਵੇਲਾ ਲੈਂਦੇ ਹਨ ਜਦੋਂ ਨੂਰ ਦਾ ਤੜਕਾ ਹੁੰਦਾ ਹੈ ਭਾਵ ਪਹੁ ਫੁਟਦੀ ਹੈ, ਉਹ ਵੇਲਾ ਅਤਿ ਸੁਹਾਵਣਾ ਹੁੰਦਾ ਹੈ, ਪੰਛੀ ਦੁਨੀਆਂ ਉਸ ਵੇਲੇ ਜਾਗ ਉੱਠਦੀ ਹੈ ਤੇ ਆਪਣੀ ਖੁਸ਼ੀ ਭਈ ਚਿਹ ਚਿਹ ਜਾ ਚੁਹ ਚੁਹ ਆਰੰਭ ਕਰ ਦਿੰਦੀ ਹੈ:

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥

(ਗਉੜੀ ਵਾਰ ਮ. ੫/੩੧੯)

ਭਾਵ: ਪਹੁ-ਫੁਟਾਲਾ ਹੋ ਆਇਆ ਹੈ, ਚਿੜੀਆਂ ਚੁਹ ਚੁਹ ਕਰ ਉੱਠੀਆਂ ਹਨ, ਮਿੱਠੀ ਮਿੱਠੀ ਹਵਾ ਦੇ ਬੁਲ੍ਹੇ ਵਗ ਰਹੇ ਹਨ, ਗੁਰੂ ਸਾਹਿਬ ਜੀ ਕਹਿੰਦੇ ਹਨ, ਇਸ ਵੇਲੇ ਅਸਚਰਜ ਰੂਪ ਵਾਲੇ ਸੰਤ ਜਨ ਨਾਮ ਦੇ ਰੰਗਾਂ ਵਿਚ ਰਚੇ ਮਗਨ ਬੈਠੇ ਹਨ।

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਸਭ ਉਪਾਧੀਆਂ ਤੇ ਝੋਰਿਆਂ, ਦੁੱਖਾਂ ਦਾ ਦਾਰੂ ਨਾਮ ਹੈ, ਉਸ ਦੇ ਜਪਣੇ ਦਾ ਉਪਦੇਸ਼ ਇਸ ਤਰ੍ਹਾਂ ਦਿੰਦੇ ਹਨ:

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਹੂ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥

(ਗਉੜੀ ਬਾ. ਅ. ਮ. ੫/੨੫੫)

ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥

ਈਤ ਊਤ ਕੀ ਓਟ ਸਵਾਰੀ ॥ (ਸੂਹੀ ਮ. ੫/੭੪੩)

ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥

ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥

(ਸਲੋਕ ਕਬੀਰ ਜੀ ੧੩੭੧)

ਗੁਰਬਾਣੀ ਵਿਚ ਗੁਰਸਿਖ ਨੂੰ ਨੀਂਦ ਤਿਆਗ ਕੇ ਸਿਮਰਨ ਵਿਚ ਜੁੜਨ ਲਈ ਥਾਂ ਥਾਂ ਸੰਕੇਤ ਦਿੱਤੇ ਗਏ ਹਨ :

ਉਠਿ ਇਸਨਾਨੁ ਕਰਹੁ ਪਰਭਾਤੇ ॥ (ਬਸੰਤ ਮ. ੫/੧੧੯੫)

ਨਾਉ ਪ੍ਰਭਾਤੇ ਸਬਦਿ ਧਿਆਈਐ ॥ (ਪ੍ਰਭਾਤੀ ਮ. ੧/੧੩੩੦)

ਭਾਵੇਂ ਧਰਮ ਆਗੂਆਂ ਦੇ ਵਿਚਾਰ ਭਿੰਨ ਭਿੰਨ ਵਿਸ਼ਿਆਂ ਸਬੰਧੀ ਹਰ ਫਿਰਕੇ ਦੇ ਵਖਰੇ ਵਖਰੇ ਹਨ ਪਰ ਅੰਮ੍ਰਿਤ ਵੇਲੇ ਸੰਬੰਧੀ ਸਭ ਦੇ ਖਿਆਲ ਸਹਿਮਤ ਹਨ ਕਿ ਇਹੋ ਹੀ ਸਮਾਂ ਭਜਨ, ਬੰਦਗੀ, ਸਿਮਰਨ, ਇਬਾਦਤ ਲਈ ਲਾਭਦਾਇਕ ਹੈ। ਮੁਸਲਮਾਨਾਂ ਦੀ ਪਵਿੱਤਰ ਕੁਰਾਨ ਵਿਚ ਆਇਆ ਹੈ :

ਵ ਸੁਬਹੁ ਇਜ਼ਾ ਵਨਫਸ ਵਕਲ ਅਊਜ

ਬ-ਰਬਅਲ ਫਲਕ ਕੁਲ ਸਬਾਹ ॥

ਭਾਵ : ਉੱਚੇ ਅਸਥਾਨਾਂ ਤੇ ਰਹਿਣ ਵਾਲੇ ਰੱਬ ਦੀ ਬੰਦਗੀ ਅਤੇ ਇੱਛਾਵਾਂ ਤੇ ਕਾਬੂ ਪਾਉਣ ਲਈ ਇਬਾਦਤ ਦਾ ਸਮਾਂ ਅੰਮ੍ਰਿਤ ਵੇਲਾ ਹੈ।

ਸਾਡੇ ਪੁਰਾਤਨ ਬਜ਼ੁਰਗ ਗੁਰਬਾਣੀ ਦੇ ਅਸਲ ਨਾਮ ਅਭਿਆਸੀ, ਉੱਚ ਜੀਵਨ ਵਾਲੇ, ਹਮੇਸ਼ਾ ਅੰਮ੍ਰਿਤ ਵੇਲੇ ਜਾਗਕੇ ਇਸ਼ਨਾਨ ਆਦਿ ਸੋਧ ਕੇ ਨਿਯਮ ਨਾਲ ਨਾਮ ਸਿਮਰਨ ਕਰਕੇ ਗੁਰਦੁਆਰਿਆਂ ਵਿਚ ਪੁਜਦੇ ਸਨ। ਪਰ ਅੱਜ ਦੇ ਨੌਜਵਾਨ ਅੰਮ੍ਰਿਤ ਵੇਲੇ ਉੱਠਣ ਤੇ ਨਾਮ ਸਿਮਰਨ, ਪ੍ਰਭੂ ਚਿੰਤਨ ਤੋਂ ਵਿਹਲੇ ਹੁੰਦੇ ਜਾ ਰਹੇ ਹਨ। ਅੱਜ ਕੱਲ੍ਹ ਦੇ

CC-0. In Public Domain. Gurukul Kangri Collection, Haridwar.

Digitized by Arya Samaj Foundation Chennai and eGangotri
ਨੌਜਵਾਨਾਂ ਨੂੰ ਪਤਾ ਨਹੀਂ ਕਿ ਅੰਮ੍ਰਿਤ ਵੇਲਾ ਕਹਿੰਦੇ ਕਿਸ ਨੂੰ ਹਨ।

ਸੋ ਗ੍ਰਿਹਸਥ ਮਾਰਗ ਵਿਚ ਵਿਚਰਦਿਆਂ ਹੀ ਪਰਮਾਰਥ ਦੇ ਪਾਂਧੀ ਨੇ ਸਵੇਰੇ ਤੜਕੇ ਉੱਠ ਕੇ ਆਪਣਾ ਸੌਚ ਕਿਰਿਆ ਇਸ਼ਨਾਨ ਆਦਿ ਸੋਧ ਕੇ ਨਿਯਮ ਨਾਲ ਨਾਮ-ਸਿਮਰਨ ਵਿਚ ਬੈਠਣਾ ਹੈ। ਜਿਸ ਵਡਭਾਗੀ ਨੇ ਅੰਮ੍ਰਿਤ ਵੇਲਾ ਸਾਂਭ ਲਿਆ ਹੈ, ਉਸ ਨੂੰ ਸੰਸਾਰ ਵਿਚ ਸਫਲਤਾ ਹੀ ਸਫਲਤਾ ਹੈ। ਸੋ, ਜਿਸ ਵੇਲੇ ਨਾਮ ਜਪੀਦਾ ਹੈ ਉਹੋ ਹੀ ਅੰਮ੍ਰਿਤ ਵੇਲਾ ਹੈ।

ਸਿਮਰਨ ਦਾ ਤਰੀਕਾ : ਵਾਹਿਗੁਰੂ ਗੁਰਮੰਤ੍ਰ ਦੇ ਸਿੱਧ ਕਰਨ ਦੇ ਹੇਠ ਲਿਖੇ ਤਰੀਕੇ ਹਨ। ਗੁਰਮੰਤ੍ਰ ਦੇ ਸਿਮਰਨ ਦਾ ਪੂਰਾ ਫਲ ਤਾਂ ਮਿਲ ਸਕਦਾ ਹੈ ਜੇ ਉਸ ਨੂੰ ਪ੍ਰੇਮ, ਪਿਆਰ ਸ਼ਰਧਾ ਨਾਲ ਕੀਤਾ ਜਾਵੇ।

(ੳ) ਇਸ਼ਨਾਨ :

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ ॥ (ਸੋਰਠਿ ਮ. ੫/੬੧੧)

ਆਤਮਾ ਤੇ ਮਨ ਸਰੀਰ ਵਿਚ ਹਨ। ਸਰੀਰ ਅਕਾਲ ਪੁਰਖ ਵਾਹਿਗੁਰੂ ਜੀ ਦਾ ਮੰਦਰ ਹੈ, ਇਸ ਵਾਸਤੇ ਇਸ ਨੂੰ ਸਾਫ਼ ਸੁਥਰਾ ਤੇ ਪਵਿੱਤਰ ਰੱਖਣਾ ਹੈ, ਨਾਲ ਹੀ ਤੰਦਰੁਸਤ ਵੀ ਰੱਖਣਾ ਹੈ। ਸਰੀਰ ਠੀਕ ਨਾ ਹੋਵੇ ਤਾਂ ਮਨ ਵੀ ਠੀਕ ਨਹੀਂ ਰਹਿੰਦਾ, ਇਸ ਦੇਹੀ ਦੀ ਪਾਲਣਾ ਪਹਿਲੇਂ ਹੈ। ਜੇ ਦੇਹੀ ਵਿਚ ਕੁਝ ਨਾ ਹੋਵੇ ਤਾਂ ਨਾਮ ਜਪੇਗਾ ਕੌਣ ? ਇਸ ਲਈ ਸਤਿਗੁਰਾਂ ਨੇ ਫੁਰਮਾਇਆ ਹੈ :

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥
(ਮ. ੫/੫੫੪)

ਭਾਵ : ਸਰੀਰਕ ਸਿਹਤ ਦਾ ਖਾਸ ਖਿਆਲ ਰੱਖਣਾ ਹੈ। ਅੰਮ੍ਰਿਤ ਵੇਲੇ ਜੇ ਦਾਤਨ, ਇਸ਼ਨਾਨ ਨਾ ਕਰੀਏ, ਭਾਵ; ਆਂਦਰਾਂ ਸਾਫ਼ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣ ਕਰਕੇ ਇਕ ਕਿਸਮ ਦਾ ਜ਼ਹਿਰੀਲਾ ਮਾਦਾ ਸੁਰਤ ਨੂੰ ਰੋਕਦਾ ਹੈ, ਜੋ ਦਿਮਾਗ਼ ਵਿਚ ਖ਼ਾਸ ਜ਼ਹਿਰੀਲਾ ਅਸਰ ਪੈਦਾ ਕਰਦਾ ਹੈ ਜੋ ਕਿ ਭਜਨ ਬੰਦਗੀ ਵਿਚ ਖ਼ਾਸ ਵਿਘਨਕਾਰੀ ਹੁੰਦਾ ਹੈ। ਏਸੇ ਕਰਕੇ ਭਾਈ ਗੁਰਦਾਸ ਜੀ ਗੁਰਮੁਖਾਂ ਦੀ ਨਿੱਤ ਕ੍ਰਿਆ ਦਾ ਵਰਣਨ ਕਰਦੇ ਫੁਰਮਾਉਂਦੇ ਹਨ ਕਿ ਗੁਰਮੁਖ ਤੜਕੇ ਉੱਠਕੇ ਨਦੀ ਜਾਂ ਖੂਹ ਆਦਿਕ ਦੇ ਜਲ ਵਿਚ ਇਸ਼ਨਾਨ ਕਰਦੇ ਹਨ ਅਤੇ ਡੂੰਘੀ ਸ਼ਾਂਤ ਰੂਪ ਸਮਾਧੀ ਵਿਖੇ ਇਕ ਮਨ ਹੋ ਕੇ ਗੁਰੂ ਜੀ ਦਾ ਮੰਤ੍ਰ ਜਪਦੇ ਹਨ :

ਅੰਮ੍ਰਿਤ ਵੇਲੇ ਉਠਿਕੈ ਜਾਇ ਅੰਦਰਿ ਦਰੀਆਇ ਨ੍ਹਾਵੰਦੇ ॥
ਸਹਜਿ ਸਮਾਧਿ ਅਗਾਧਿ ਵਿਚ ਇਕ ਮਨ ਹੋਇ ਗੁਰ ਜਾਪੁ ਜਪੰਦੇ ॥
(ਵਾਰ ੬ ਪਉੜੀ ੩)

ਜੋਗੀਆਂ ਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਮੁਖਾਂ ਦੇ ਅਸਲ ਲਖਸ਼ਣ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਜੋ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ ਹਨ, ਨਾਮ ਜਪਦੇ ਹਨ ਅਤੇ ਯਥਾ ਸ਼ਕਤ ਦਾਨ ਦੇਂਦੇ ਹਨ, ਉਨ੍ਹਾਂ ਗੁਰਮੁਖਾਂ ਦਾ ਧਿਆਨ ਸਹਿਜ ਵਿਚ ਭਾਵ ਸ਼ਾਂਤ ਸਰੂਪ ਅਕਾਲ ਪੁਰਖ ਵਾਹਿਗੁਰੂ ਜੀ ਵਿਚ ਲੱਗਦਾ ਹੈ :

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥
(ਰਾਮਕਲੀ ਸਿਧ ਗੋਸਟ ਮ. ੧/੯੪੨)

ਆਰੰਭ ਵਿਚ ਭਾਵ : ਪਹਿਲੇ ਪਹਿਲ ਜਦ ਤਕ ਨਾਮ-ਅਭਿਆਸ ਦਾ ਸੁਭਾਉ ਪੱਕ ਨਹੀਂ ਜਾਂਦਾ, ਜੇ ਨਾ ਇਸ਼ਨਾਨ ਕਰੀਏ ਤਾਂ ਨੀਂਦ ਬੜੀ ਛੇਤੀ ਨਾਮ ਅਭਿਆਸੀ ਨੂੰ ਆ ਜਾਇਆ ਕਰਦੀ ਹੈ। ਸੋ ਹੋ ਸਕੇ ਤਾਂ ਇਸ਼ਨਾਨ ਕਰਕੇ ਸਿਮਰਨ ਕਰੋ, ਜੇ ਇਹ ਨਾ ਹੋ ਸਕੇ ਤਾਂ ਪੰਜ ਇਸ਼ਨਾਨਾ ਕਰਕੇ ਹੀ ਸਿਮਰਨ ਵਿਚ ਬੈਠਿਆ ਜਾ ਸਕਦਾ ਹੈ।

ਸੋ ਦੇਹੀ ਨੂੰ ਜਲ ਆਦਿ ਨਾਲ ਸਾਫ਼ ਰੱਖਣਾ ਇਸ਼ਨਾਨ ਹੈ, ਸਰੀਰ ਨੂੰ ਮਾੜੇ ਕਰਮਾਂ ਵੱਲੋਂ ਵਰਜੀ ਰੱਖਣਾ ਇਸ਼ਨਾਨ ਹੈ। ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਭੈੜੇ ਫੁਰਨਿਆਂ ਤੋਂ ਹੋੜੀ ਰੱਖਣਾ ਵੀ ਇਸ਼ਨਾਨ ਹੈ। ਬੁੱਧੀ ਨੂੰ ਕਿਸੇ ਪਕੜ ਵਿਚ ਨਾ ਅਟਕਣ ਦੇਣਾ ਵੀ ਇਸ਼ਨਾਨ ਹੈ। ਇਸ ਇਸ਼ਨਾਨ ਲਈ ਗੁਰਬਾਣੀ ਦਾ ਪਾਠ ਕਰਦੇ ਸੁਣਦੇ ਅਤੇ ਕੀਰਤਨ ਸੁਣਦੇ ਕਰਦੇ, ਮੋਹ ਮਾਇਆ ਤੋਂ ਆਪੇ ਹੀ ਧੋਂਦੇ ਰਹਿੰਦੇ ਹਨ, ਇਸ਼ਨਾਨ ਕਰ ਕਰਕੇ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

(ਵਾਰ ਗਉੜੀ ਮ. ੪/੩੦੫)

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥

(ਵਾਰ ਮਾਝ ਮ. ੧/੧੪੬)

(ਅ) ਇਕਾਂਤ ਅਸਥਾਨ :

ਪੇਖਿ ਪੇਖਿ ਬਿਗਸਾਉ ਸਾਜਨ ॥
ਪ੍ਰਭੁ ਆਪਨਾ ਇਕਾਂਤ ॥੧॥ ਰਹਾਉ ॥

(ਕਾਨੜਾ ਮ. ੫/੧੩੦੦)

ਜਿਥੋਂ ਤੱਕ ਹੋ ਸਕੇ ਸਿਮਰਨ ਕਿਸੇ ਇਕਾਂਤ ਜਗ੍ਹਾ ਤੇ ਕੀਤਾ ਜਾਵੇ। ਇਕਾਂਤ ਜਗ੍ਹਾ ਵਿਚ ਦੁਨੀਆਂ ਦੇ ਰੌਲੇ ਤੋਂ ਪਰੇ, ਬਿਰਤੀ ਸ਼ਾਂਤ ਕਰਕੇ ਜਪਣਾ ਚਾਹੀਦਾ ਹੈ। ਗ੍ਰਹਿਸਥੀ ਗੁਰਸਿਖ ਨੂੰ ਆਪਣੇ ਮਕਾਨ 'ਚ ਇਕ ਕਮਰਾ ਸਿਮਰਨ ਅਭਿਆਸ ਲਈ ਵੱਖਰਾ ਕਰ ਛੱਡਣਾ ਚਾਹੀਦਾ ਹੈ। ਨਾਮ ਸਿਮਰਨ ਦੀ ਇਛਿਆ ਉਪਜੇ ਜਾਂ ਖਾਸ ਨੀਯਤ ਸਮੇਂ ਉੱਤੇ, ਉਸ ਕਮਰੇ ਵਿਚ ਬੈਠਕੇ ਸਿਮਰਨ ਕਰਨਾ ਚਾਹੀਦਾ ਹੈ। ਇਸ ਕਮਰੇ ਵਿਚ ਸਿਵਾਏ ਪੂਜਾ ਪਾਠ ਬੰਦਗੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੋਂ ਹੋਰ ਕੁਝ ਨਹੀਂ ਹੋਣਾ ਚਾਹੀਦਾ। ਸਿਮਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਭਿਆਸ ਪਹਿਲੇ ਪਹਿਲ ਫਰਸ਼ ਤੇ ਬੈਠ ਕੇ ਕਰਨਾ ਚਾਹੀਦਾ ਹੈ। ਆਸਨ ਉੱਨ ਦਾ ਜਾਂ ਹਿਰਨ, ਸ਼ੇਰ ਜਾਂ ਰਿੱਛ ਆਦਿ ਦੀ ਖਲ ਦਾ ਵੀ ਹੋ ਸਕਦਾ ਹੈ। ਹੋਰ ਕੁਝ ਨਾ ਹੋਵੇ ਤਾਂ ਲੱਕੜ ਦੇ ਫੱਟੇ, ਚਿਟਾਈ, ਮੂਹੜੇ ਆਦਿ ਤੇ ਵੀ ਬੈਠਕੇ ਭਗਤੀ ਕੀਤੀ ਜਾ ਸਕਦੀ ਹੈ। ਜਿਹੜੇ ਅਭਿਆਸੀ ਚੌਕੜੀ ਮਾਰ ਕੇ ਨਾ ਬੈਠ ਸਕਦੇ ਹੋਣ, ਉਹ ਕਿਸੇ ਲੱਕੜ ਦੀ ਕੁਰਸੀ ਜਾਂ ਚੌਂਕੀ ਜਾਂ ਲੱਕੜ ਦੇ ਤਖ਼ਤਪੋਸ਼ ਤੇ ਵੀ ਬੈਠ ਸਕਦੇ ਹਨ ! ਸਿਮਰਨ ਦਾ ਅਭਿਆਸ ਪੱਕ ਜਾਣ ਮਗਰੋਂ ਜਗ੍ਹਾ ਦੀ ਕੋਈ ਬੰਧਸ਼ ਨਹੀਂ ਰਹਿੰਦੀ, ਜਦੋਂ ਜੀ ਕਰੇ, ਜਿਥੇ ਹੋਵੇ ਸਿਮਰਨ ਹੋ ਸਕਦਾ ਹੈ। ਪਰ ਆਰੰਭ ਵਿਚ ਇਕਾਂਤ ਦਾ ਹੋਣਾ ਜ਼ਰੂਰੀ ਹੈ। ਇਕਾਂਤ ਦਾ ਮਤਲਬ ਘਰਾਂ ਤੋਂ ਨੱਸ ਜਾਣਾ ਨਹੀਂ ਹੈ। ਅਸਲ ਇਕਾਂਤ ਜੋ ਗੁਰਮਤਿ ਦੱਸਦੀ ਹੈ ਉਹ ਇਹ ਹੈ :

ਸੋ ਇਕਾਂਤੀ ਜਿਸੁ ਰਿਦਾ ਥਾਇ ॥ (ਬਸੰਤ ਮ. ੫/੧੧੮੦)

ਜਦੋਂ ਮਨ ਕੁਦਰਤ ਨਾਲ ਗੱਲਾਂ ਕਰੇ, ਕੁਦਰਤ ਦਾ ਰੰਗ ਲਵੇ ਤੇ ਖਿੜੇ ਇਕ ਸੁਰ ਹੋ ਕੇ ਕੁਦਰਤ ਵਿਚ ਸੋਭਦਾ ਹੈ। ਗੁਰਬਾਣੀ ਦੇ ਪਾਠ, ਵਿਚਾਰ ਨਾਲ ਜਦੋਂ ਮਨ ਨਾਮ ਵਿਚ ਜੁੜਦਾ ਹੈ ਤਾਂ ਮਨ ਇਕਾਂਤ ਹੁੰਦਾ ਹੈ। ਮਨ ਦੀ ਇਸ ਜੁੜੀਵੀਂ ਦਸ਼ਾ ਦੀ ਰੱਖਿਆ ਲਈ ਇਕਾਂਤ ਹੁੰਦਾ ਹੈ। ਕੀਰਤਨ ਵਿਚ ਜੁੜਨਾ ਉਹ ਭੀ ਇਕਾਂਤ ਹੈ। ਰਾਤ ਨੂੰ ਜਦੋਂ ਸਿਮਰਨ ਕਰੋ ਉਹ ਭੀ ਇਕਾਂਤ ਹੈ। ਸਾਂਈਂ ਜੀ ਦੀ ਕੁਦਰਤ ਦੇ ਨਜ਼ਾਰਿਆਂ ਵਿਚ ਵਿਸਮਾਦ ਦੀ ਛੋਹ ਲੈ ਕੇ ਰਸ ਵਿਚ ਆ ਜਾਣਾ ਵੀ ਇਕਾਂਤ ਹੈ।'

(ਸੰਤ ਬਿਮਲਾ ਸਿੰਘ ਪੰਨਾ ੫੦)

ਐਸੀ ਇਕਾਂਤ ਵਿਚ ਹਾਂ ਇਸ ਇਕਾਂਤ ਨੂੰ ਨਾਮ ਰਸੀਏ ਗੁਰਮੁਖਿ ਪਿਆਰੇ ਭੋਗਦੇ ਹਨ ਕਿ ਮਨ ਸਾਵਧਾਨ ਰਹੇ ਇਕਾਂਤ ਵਿਚ :

ਸਾਵਧਾਨ ਇਕਾਗਰ ਚੀਤ ॥

(ਗਉੜੀ ਸੁਖਮਨੀ ਮ. ੫/੨੯੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ਮੋਨ ਭਜਨ :

ਮੋਨੀ ਮੋਨਿ ਧਾਰੀ ॥ (ਸਿਰੀ ਰਾਗੁ ਮ. ੫/੭੧)

ਸਿਮਰਨ ਵਿਚ ਮੋਨ ਜ਼ਰੂਰੀ ਹੈ। ਕਿਸੇ ਬੁਲਾਏ ਤੇ ਸਿਮਰਨ ਦੀ ਲੜੀ ਨਹੀਂ ਤੋੜਨਾ। ਜੇ ਅਤਿ ਜ਼ਰੂਰੀ ਕੋਈ ਕੰਮ ਪੈ ਜਾਵੇ ਤਾਂ ਇਸ਼ਾਰੇ ਨਾਲ ਕਰ ਲਵੇ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ :

ਮੋਨਿ ਭਇਓ ਕਰਪਾਤੀ ਰਹਿਓ.. ॥

(ਰਾਗੁ ਸੋਰਠਿ ਮ. ੫/੬੪੧)

ਐਸੇ ਮੋਨੀਆਂ ਬਾਰੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਿਹੜੇ ਸੁਭਾਗ ਬੰਦੇ ਆਤਮਿਕ ਆਨੰਦ ਮਾਣਦੇ ਹਨ ਉਹੀ ਭਗਤ ਹਨ ਤੇ ਉਹਨਾਂ ਭਗਤਾਂ ਦੀ ਜੀਵਨ-ਜੁਗਤੀ ਦੁਨੀਆਂ ਦੇ ਲੋਕਾਂ ਨਾਲੋਂ ਸਦਾ ਵੱਖਰੀ ਹੁੰਦੀ ਹੈ, ਇਹ ਪੱਕੀ ਗੱਲ ਹੈ ਕਿ ਉਹਨਾਂ ਭਗਤਾਂ ਦੀ ਜੀਵਨ-ਜੁਗਤੀ ਹੋਰਨਾਂ ਨਾਲੋਂ ਵੱਖਰੀ ਹੁੰਦੀ ਹੈ। ਉਹ ਬੜੇ ਔਖੇ ਰਸਤੇ ਉੱਤੇ ਤੁਰਦੇ ਹਨ, ਉਹ ਲੋਭ ਅਹੰਕਾਰ ਤੇ ਮਾਇਆ ਦੀ ਤ੍ਰਿਸਨਾ ਤਿਆਗਦੇ ਹਨ ਤੇ ਬਹੁਤਾ ਨਹੀਂ ਬੋਲਦੇ, ਭਾਵ ਆਪਣੀ ਸੋਭਾ ਨਹੀਂ ਕਰਦੇ ਫਿਰਦੇ :

ਭਗਤਾ ਕੀ ਚਾਲ ਨਿਰਾਲੀ ॥
ਚਾਲ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ
ਤ੍ਰਿਸਨਾ ਬਹੁਤੁ ਨਹੀ ਬੋਲਣਾ ॥

(ਰਾਮਕਲੀ ਆਨੰਦ ਮ. ੩/੯੧੮)

ਭਗਤ ਕਬੀਰ ਜੀ ਆਖਦੇ ਹਨ ਜੇ ਨਾਲ ਬਾਣੀ ਦਾ ਦੁਆਰ ਮੂੰਹੋਂ ਬੋਲਣ ਵਲੋਂ ਰੋਕਿਆ ਰਹੇਗਾ, ਤਦ ਮਨ ਮਸਤ ਹੋਇਆ ਉਸ ਅੰਮ੍ਰਿਤ ਨੂੰ ਪੀਂਦਾ ਰਹੇਗਾ :

ਬਾਣੀ ਰੋਕਿਆ ਰਹੈ ਦੁਆਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਉ ਮਨੁ ਮਤਵਾਰੋ ਪੀਵਨਹਾਰ ॥

(ਗਉੜੀ ਕਬੀਰ ਜੀ ਵਾਰ ੭/੩੪੪)

ਸ੍ਰੀ ਕਬੀਰ ਜੀ ਦੱਸਦੇ ਹਨ ਕੇ ਯੋਗਿਕ ਕਿਰਿਆ ਤੋਂ ਬਿਨਾਂ ਸਹਜ ਵਿਚ ਹੀ ਨਾਮ ਦੇ ਅਖੰਡ ਚੱਲ ਪੈਣ ਨਾਲ ਨਾਮ ਰਸ ਦਾ ਅੰਮ੍ਰਿਤ ਟਪਕੇਗਾ। ਉਹ ਰਸ ਐਸਾ ਹੈ ਜੋ ਬਿਰਤੀਆਂ ਵਿਚ ਵਿਆਪੇ ਕਾਮ ਕ੍ਰੋਧ ਆਦਿ ਰੁਚੀਆਂ ਨੂੰ ਜੋ ਵਿਹੁ ਰੂਪ ਹਨ ਕੱਟਦਾ ਹੈ। ਜੋ ਨਾਮ ਅਭਿਆਸੀ ਪੁਰਖ ਇਸ ਰਹਸਮਈ ਅਵਸਥਾ ਵਿਚ ਟਿਕਿਆ ਰਹੇ ਤੇ ਗੱਲਾਂ ਕਰਨ 'ਚ ਨਾ ਰੁੱਝਾ ਰਹੇ ਤਦ ਇਸ ਰਸ ਨੂੰ ਮਨ ਮਾਣਦਾ ਹੋਇਆ ਮਗਨ ਹੋਇਆ ਰਹੇਗਾ।

ਉਹ ਅਕਾਲ ਪੁਰਖ ! ਗੋਬਿੰਦ ਐਸਾ ਹੈ ਕਿ ਆਤਮਕ ਜੀਵਨ ਦੀ ਸੂਝ ਵਾਲੇ ਕ੍ਰੋੜਾਂ ਹੀ ਪ੍ਰਾਣੀ ਉਸ ਦੇ ਗੁਣਾਂ ਦਾ ਵਿਚਾਰ ਬਿਆਨ ਕਰਦੇ ਹਨ, ਸਮਾਧੀਆਂ ਲਾਉਣ ਵਾਲੇ ਕ੍ਰੋੜਾਂ ਹੀ ਸਾਧੂ ਉਸ ਵਿਚ ਸੁਰਤਿ ਜੋੜੀ ਰੱਖਦੇ ਹਨ, ਉਸ ਦਾ ਦਰਸ਼ਨ ਕਰਨ ਲਈ ਕ੍ਰੋੜਾਂ ਹੀ ਵੱਡੇ ਵੱਡੇ ਤਪੀ ਤਪ ਕਰਦੇ ਰਹਿੰਦੇ ਹਨ, ਕ੍ਰੋੜਾਂ ਹੀ ਵੱਡੇ ਵੱਡੇ ਮੁਨੀ ਮੋਨਧਾਰੀ ਰੱਖਦੇ ਹਨ :

ਕੋਟਿ ਗਿਆਨੀ ਕਥਹਿ ਗਿਆਨੁ ॥
ਕੋਟਿ ਧਿਆਨੀ ਧਰਤ ਧਿਆਨੁ ॥
ਕੋਟਿ ਤਪੀਸਰ ਤਪ ਹੀ ਕਰਤੇ ॥
ਕੋਟਿ ਮੁਨੀਸਰ ਮੋਨਿ ਮਹਿ ਰਹਤੇ ॥

(ਭੈਰਉ ਮ. ੫/੧੧੫੬)

ਸਿਮਰਨ ਦੇ ਦੌਰਾਨ ਮਨੋ-ਬ੍ਰਿਤੀਆਂ ਨੂੰ ਸੰਕੋਚ ਕੇ ਰੱਖਣਾ ਅਤਿ ਜ਼ਰੂਰੀ ਹੈ। ਅਤੇ ਮਨ ਨੂੰ ਭੜਕਾਉਣ ਵਾਲੇ ਸਾਹਿਤ ਤਥਾ ਹਾਸੇ ਤਮਾਸ਼ੇ ਦਾ ਅਧਿਐਨ ਨਾ ਕੀਤਾ ਜਾਵੇ।

(ਸ) ਗੁਰ ਮੰਤ੍ਰ ਦਾਤਾ ਦਾ ਧਿਆਨ : ਵਾਹਿਗੁਰੂ ਜੀ ਦੀ ਮਿਹਰ ਨਾਲ ਗੁਰੂ ਮਿਲਦਾ ਹੈ। ਗੁਰੂ ਨਾਮ ਦੇਂਦਾ ਹੈ, ਦੇਂਦਾ ਹੀ ਨਹੀਂ, ਹਿਰਦੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਬਿਠਾ ਦਿੰਦਾ ਹੈ। ਕਿਉਂਕਿ ਮਨ ਵਿਚ ਹੀ ਪਾਰਬ੍ਰਹਮ ਪਰਮੇਸਰ ਵਸਦਾ ਹੈ, ਗੁਰੂ ਅੰਦਰ ਨਾਮ ਵਸਾ ਦੇਂਦਾ ਹੈ। ਗੁਰਮੰਤ੍ਰ 'ਵਾਹਿਗੁਰੂ' ਦਾ ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਹੈ। ਇਸ ਵਾਸਤੇ ਆਸਣ ਤੇ ਬੈਠਣ ਲੱਗਿਆਂ ਕੁਝ ਸਮੇਂ ਲਈ ਧੰਨ ਗੁਰੂ ਨਾਨਕ ਦਾ ਜਾਪ ਕਰਨਾ ਚਾਹੀਦਾ ਹੈ ਤੇ ਨਾਲ ਹੀ ਇਹ ਨਿਸਚਾ ਲਿਆਉਣਾ ਚਾਹੀਦਾ ਹੈ ਕਿ ਉਹ ਮੇਰੇ ਆਲੇ ਦੁਆਲੇ ਆ ਗਏ ਹਨ, ਤਾਂ ਉਨ੍ਹਾਂ ਅੱਗੇ ਨਿਮਰਤਾ ਭਰੀ ਅਰਦਾਸ ਕਰੋ ਕਿ ਹੇ ਜਗਤ ਗੁਰੂ ! ਸ੍ਰੀ ਗੁਰੂ ਨਾਨਕ ਦੇਵ ਜੀਓ ਤੁਸੀਂ ਮੇਰੇ ਗੁਰੂ ਹੋ ਮੈਂ ਤੁਹਾਡਾ ਸਿੱਖ ਹਾਂ, ਮੰਦਾ ਹਾਂ, ਚੰਗਾ ਹਾਂ, ਪਰ ਹੈ ਤਾਂ ਤੁਹਾਡਾ ਹੈ।

ਹੇ ਸੱਚੇ ਪਾਤਸ਼ਾਹ ਜੀਉ ਆਪ ਜੀ ਨੇ ਮੈਨੂੰ ਆਪਣੇ ਘਰ ਪੈਦਾ ਕੀਤਾ ਹੈ, ਗੁਰ ਮੰਤ੍ਰ ਦੀ ਦਾਤ ਦਿੱਤੀ ਹੈ ਤੇ ਹੁਣ ਨੀਂਦ 'ਚੋਂ ਉਠਾ ਕੇ ਨਾਮ ਜਪਣ ਦਾ ਸ਼ੁਭ ਸਮਾਂ ਬਖਸ਼ਿਆ ਹੈ, ਆਪ ਮੇਰੇ ਸੀਸ ਤੇ ਹੱਥ ਧਰ ਕੇ ਉਹ ਸਿਮਰਨ ਕਰਵਾਉ ਜੋ ਆਪ ਜੀ ਆਪਣੇ ਸਿੱਖਾਂ ਪਾਸੋਂ ਕਰਵਾਉਣਾ ਲੋੜਦੇ ਹੋ। ਮੈਨੂੰ ਤਾਂ ਕੁਝ ਵੀ ਪਤਾ ਨਹੀਂ।

ਗੁਰੂ ਨੂੰ ਤਨ, ਮਨ ਤੇ ਧਨ ਤਿੰਨੇ ਚੀਜ਼ਾਂ ਅਰਪਨੀਆਂ ਅਤਿ ਜ਼ਰੂਰੀ ਹਨ :

ਤਨੁ ਮਨੁ ਧਨੁ ਸਭ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥ (ਅਨੰਦ ਸਾਹਿਬ)

ਐਨੀ ਕੁਝ ਬੇਨਤੀ ਕਰਕੇ ਫੇਰ ਵਾਹਿਗੁਰੂ ਦਾ ਜਾਪ ਆਰੰਭੋ।

(ਹ) ਦੀਰਘ ਕਾਲ : ਜਿਤਨੀ ਦੇਰ ਸਿਮਰਨ ਹੋ ਸਕੇ ਕਰਨਾ ਚਾਹੀਦਾ ਹੈ, ਘੱਟ ਤੋਂ ਘੱਟ ਅੱਧਾ ਘੰਟਾ। ਪਹਿਲਾਂ ਪਹਿਲਾਂ ਜਦ ਅਭਿਆਸ ਆਰੰਭ ਕਰੋ ਤਾਂ ਇਸ ਨੂੰ ਪ੍ਰਗਟ ਨਹੀਂ ਹੋਣ ਦੇਣਾ ਚਾਹੀਦਾ। ਕਿਉਂਕਿ ਲੋਕਾਂ ਦੀ ਵਾਹ ਵਾਹ ਅੱਗੇ ਨਹੀਂ ਵਧਣ ਦੇਂਦੀ। ਆਪਣਾ ਭੇਦ ਕਿਸੇ ਨੂੰ ਨਾ ਦੱਸੋ. ਜਿੰਨਾ ਵੀ ਲੁਕਾ ਸਕੋ ਚੰਗਾ ਹੈ। ਅੰਮ੍ਰਿਤ ਵੇਲੇ ਦੋ ਵਜੇ ਤਕਰੀਬਨ ਉੱਠ ਬੈਠੋ, ਇਸ਼ਨਾਨ ਕਰਕੇ ਜਾਂ ਫਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜ ਇਸ਼ਨਾਨਾ ਕਰਕੇ ਡੱਟ ਕੇ ਖੜਾ ਖੜਕਾਉ। ਜਿੰਨਾ ਚਿਰ ਮਨ ਟਿਕੇ, ਲੱਗੇ ਰਹੋ, ਮਗਰੋਂ ਭਾਵੇਂ ਸੌਂ ਜਾਉ। ਇਸ ਨਾਲ ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ ਕਿ ਤੁਸਾਂ ਕੋਈ ਭਜਨ ਕੀਤਾ ਹੈ। ਹੌਲੀ ਹੌਲੀ ਮਨ ਵਧੇਰੇ ਟਿਕਣ ਲੱਗ ਜਾਵੇਗਾ ਤੇ ਨਾਲ ਹੀ ਸਮਾਂ ਵੀ ਵਧਾਉਂਦੇ ਜਾਵੋ।

(ਕ) ਸ਼ਰਧਾ ਅਤੇ ਪ੍ਰੇਮ :

ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥

(ਸੁਖਮਨੀ ਮ. ੫/੨੮੫)

ਸ਼ਰਧਾ ਜਾਂ ਵਿਸ਼ਵਾਸ ਸਿਮਰਨ ਅਭਿਆਸੀਆਂ ਵਾਸਤੇ ਬਹੁਤ ਜ਼ਰੂਰੀ ਹੈ। ਸ਼ਰਧਾ ਹੇਠ ਲਿਖੀ ਤਰ੍ਹਾਂ ਦੀ ਹੋਣੀ ਚਾਹੀਦੀ ਹੈ :

੧. ਵਾਹਿਗੁਰੂ ਜੀ ਵਿਚ ਸ਼ਰਧਾ, ੨. ਗੁਰੂ ਜੀ ਅਤੇ ਗੁਰੂ ਜੀ ਦੀ ਬਾਣੀ ਵਿਚ ਸ਼ਰਧਾ, ੩. ਆਪਣੇ ਗੁਰਮੰਤ੍ਰ ਦੀ ਉਚਤਾਈ ਵਿਚ ਸ਼ਰਧਾ ਕਿ ਗੁਰਮੰਤ੍ਰ ਅਭਿਆਸੀ ਨੂੰ ਪ੍ਰਾਪਤੀ ਦੀ ਤਰਫ਼ ਲੈ ਜਾ ਰਿਹਾ ਹੈ, ੪. ਆਪਣੇ ਆਪਦੇ ਵਿਸ਼ਵਾਸ ਕਿ ਮੈਂ ਵਾਹਿਗੁਰੂ ਜੀ ਦਾ ਪੁੱਤਰ ਹਾਂ, ਵਾਹਿਗੁਰੂ ਜੀ ਨੂੰ ਹਾਰ ਨਹੀਂ, ਇਸ ਕਰਕੇ ਮੈਨੂੰ ਵੀ ਹਾਰ ਨਹੀਂ ਹੋ ਸਕਦੀ।

ਸਿਮਰਨ ਅਭਿਆਸ ਵਿਚ ਸਭ ਤੋਂ ਵੱਡੀ ਔਕੜ ਦੁਬਿਧਾ ਯਾਨੀ ਦੁਚਿੱਤਪਨਾ ਹੈ। ਜਿਹੜਾ ਅਭਿਆਸੀ ਇਸ ਸ਼ੰਕਾ ਵਿਚ ਪਿਆ ਹੋਇਆ ਹੈ ਕਿ ਖ਼ਬਰ ਨਹੀਂ ਉਹਦਾ ਮੰਤ੍ਰ ਜਾਂ ਤਰੀਕਾ ਅਭਿਆਸ ਠੀਕ ਹੈ ਕਿ ਨਹੀਂ, ਉਹ ਤਰੱਕੀ ਨਹੀਂ ਕਰ ਸਕਦਾ ਏਸੇ ਤਰ੍ਹਾਂ ਜਿਸ ਦੇ ਸਿਮਰਨ ਵਿਚ ਪ੍ਰਭੂ ਜੀ ਦਾ ਪ੍ਰੇਮ ਨਹੀਂ ਤਰੱਕੀ ਨਹੀਂ ਕਰ ਸਕਦਾ :

ਦੂਜਾ ਭਾਉ ਨ ਦੇਈ ਲਿਵ ਲਾਗਣਿ
ਜਿਨਿ ਹਰਿ ਕੇ ਚਰਣ ਵਿਸਾਰੇ ॥੧॥ ਰਹਾਉ ॥

(ਬਿਲਾਵਲੁ ਮ. ੩/੭੯੬)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਸਮਝਾਉਂਦੇ ਹਨ ਕਿ ਪ੍ਰੇਮ ਆਸਰੇ ਹੋ ਕੇ ਹੀ ਪ੍ਰਭੂ ਮਿਲਦਾ ਹੈ :

ਪ੍ਰੇਮ ਪਰਾਇਣ ਪ੍ਰੀਤਮ ਰਾਉ ॥
ਨਦਰਿ ਕਰੇ ਤਾ ਬੂਝੈ ਨਾਉ ॥ (ਗਉੜੀ ਮ. ੧/੨੨੨)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੜੇ ਜ਼ੋਰ ਨਾਲ ਫੁਰਮਾਉਂਦੇ ਹਨ ਕਿ ਇਹ ਬਿਲਕੁਲ ਸੌ ਫੀਸਦੀ ਸਹੀ ਹੈ ਉਹੀ ਜੁਗਿਆਸੂ ਪਰਮਾਤਮਾ ਨੂੰ ਪਾ ਸਕਦਾ ਹੈ ਜਿਸ ਨੂੰ ਆਪਣਾ ਗੁਰਮਤਿ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਅਭਿਆਸ ਪ੍ਰੇਮ ਨਾਲ ਕੀਤਾ ਹੈ :

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥
(ਤ੍ਵਪ੍ਰਸਾਦਿ ਸਵੱਯੇ ਪਾ. ੧੦)

(ਖ) ਭੋਜਨ : ਸਿਮਰਨ ਅਭਿਆਸੀ ਦਾ ਭੋਜਨ, ਸਾਦਾ, ਹਲਕਾ ਤੇ ਸਾਤਵਿਕ ਹੋਣਾ ਚਾਹੀਦਾ ਹੈ। ਮਾਸ, ਮੱਛੀ, ਆਂਡਾ, ਸ਼ਰਾਬ ਆਦਿ ਤਮੋਗੁਨੀ ਖੁਰਾਕ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ। ਕਬਜ ਨਹੀ ਹੋਣ ਦੇਣੀ ਚਾਹੀਦੀ ਤੇ ਨੀਂਦ ਪੂਰੀ ਕਰਨੀ ਚਾਹੀਦੀ ਹੈ। ਇਸ ਲਈ ਰਾਤ ਨੂੰ ਭੋਜਨ ਜਲਦੀ ਛਕ ਲੈਣਾ ਚਾਹੀਦਾ ਹੈ ਤੇ ਸਮੇਂ ਸਿਰ ਆਰਾਮ ਹਿਤ ਬਿਸਤਰੇ ਤੇ ਪੈ ਜਾਣਾ ਚਾਹੀਦਾ ਹੈ।

(ਗ) ਹਉਮੈ : ਭਜਨ ਬੰਦਗੀ ਕਰਨ ਵਾਲੇ ਨੂੰ ਕਦੀ ਵੀ ਇਹ ਫੁਰਨਾ ਨਹੀਂ ਫੁਰਨਾ ਚਾਹੀਦਾ ਕਿ ਉਹ ਕੁਝ ਬਣ ਗਿਆ ਹੈ। ਕਈ ਵਾਰੀ ਇਹ ਮਾਨ ਕਈਆਂ ਨੂੰ ਹੋ ਜਾਂਦਾ ਹੈ ਤੇ ਉਹ ਆਪਣੇ ਆਪ ਨੂੰ ਸ਼ਕਤੀਮਾਨ ਸਮਝਣ ਲੱਗ ਪੈਂਦਾ ਹੈ, ਜਿਸ ਨਾਲ ਹੰਕਾਰ ਆ ਜਾਂਦਾ ਹੈ ਤੇ ਵਾਹਿਗੁਰੂ ਜੀ ਨੂੰ ਹੰਕਾਰ ਚੰਗਾ ਨਹੀਂ ਲੱਗਦਾ, ਨਤੀਜਾ ਇਹ ਹੁੰਦਾ ਹੈ ਕਿ ਬੰਦਾ ਸਭ ਕੁਝ ਗੁਵਾ ਬਹਿੰਦਾ ਹੈ। ਇਸ ਦਾ ਇਲਾਜ ਇਹ ਹੈ ਕਿ ਆਪਣਾ ਇੱਕ ਵੱਡਾ ਸਾਰਾ ਪਾਪ ਉਸ ਵੇਲੇ ਆਪਣੇ ਵੀਚਾਰ ਵਿਚ ਲੈ ਆਉ ਤੇ ਮਨ ਨੂੰ ਕਹੋ ਕਿ ਜੇ ਤੂੰ ਭੋਰਾ ਭਰ ਨਾਮ ਜਪ ਕੇ ਆਕੜਦਾ ਹੈਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਆਹ ਉਪਦਰ ਵੀ ਤਾਂ ਤੂੰ ਹੀ ਕੀਤਾ ਹੈ, ਹੁਣ ਦੱਸ; ਕੀ ਉੱਤਰ ਤੇਰੇ ਪਾਸ ਹੈ। ਉਹ ਹੰਕਾਰ ਇਕਦਮ ਮਰ ਜਾਏਗਾ। ਦੂਜਾ ਇਲਾਜ ਇਹ ਹੈ ਕੇ ਸਾਧ ਸੰਗਤਿ ਦੇ ਜੋੜਿਆਂ ਦੀ, ਜੂਠੇ ਭਾਂਡਿਆਂ ਦੇ ਮਾਂਜਣ ਦੀ ਸੇਵਾ ਕੀਤਿਆਂ ਹਉਮੈ ਦਾ ਅਸਰ ਅਭਿਆਸੀ ਤੇ ਨਹੀਂ ਪਵੇਗਾ।

(ਘ) ਰਸਨਾ ਦਾ ਵਿਘਨ : ਕਠੋਰਤਾ, ਕਰੜੀ ਜ਼ਬਾਨ ਨਾਲ ਬੋਲਣਾ, ਰੁਖਾ ਬੋਲਣਾ, ਗਾਲ੍ਹਾਂ ਦੇਣੀਆਂ ਆਦਿ :

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

(ਵਾਰ ਆਸਾ ਮ. ੧/੪੭੩)

(ਙ) ਨਿੰਦਿਆ : ਨਿੰਦਿਆ ਕਰਨ ਨਾਲ ਦੂਸਰੇ ਦੇ ਅਉਗਣ ਆਪਣੇ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥

(ਸੂਹੀ ਮ ੩/੭੫੫)

(ਚ) ਕੱਪਟ : ਅਕਾਲ ਪੁਰਖ ! ਵਾਹਿਗੁਰੂ ਜੀ ਸਰਬੱਗਿਆ ਹੈ, ਉਹ ਕਪਟ ਕਰਨੇ ਨਾਲ ਨਹੀਂ ਭਿੱਜਦਾ ਭਾਵ ਪ੍ਰਸੰਨ ਨਹੀਂ ਹੁੰਦਾ। ਉਹ ਤਾਂ ਸਹਜ ਸੁਭਾਵ ਹੀ ਹਰ ਕਿਸੇ ਦੇ ਕੀਤੇ ਨੂੰ ਵੇਖਦਾ ਸੁਣਦਾ ਹੈ :

ਕਪਟਿ ਕੀਤੈ ਹਰਿ ਪੁਰਖੁ ਨ ਭੀਜੈ
ਨਿਤ ਵੇਖੈ ਸੁਣੈ ਸੁਭਾਇ ॥

(ਗੁਜਰੀ ਮ. ੩/੫੧੨)

(ਛ) ਭੁਲਾਂ : ਬੰਦਾ ਭੁਲਣਹਾਰ ਹੈ, ਜੇ ਕੋਈ ਕਦੇ ਭੁੱਲ ਹੋ ਜਾਵੇ ਤਾਂ ਉਸ ਲਈ ਸੱਚੇ ਦਿਲ ਨਾਲ ਪਾਰਬ੍ਰਹਮ ਪਰਮੇਸਰ ਪਾਸੋਂ ਮੁਆਫੀ ਮੰਗੋ, ਮੁਆਫ਼ੀ ਮਿਲ ਜਾਵੇਗੀ ਜੇ ਫਿਰ ਵੀ ਹੋ ਜਾਵੇ, ਤਾਂ ਵੀ ਬਖਸ਼ੇ ਜਾਉਗੇ, ਬੰਦਾ ਖਿਨ ਖਿਨ ਭੁਲਣਹਾਰ ਹੈ, ਉਹ ਖਿਨ ਖਿਨ ਬਖ਼ਸ਼ਣਹਾਰ ਹੈ :

ਕੋਟਿ ਖਤੇ ਖਿਨ ਬਖਸਨਹਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤਿ ਭਾਇ ਸਦਾ ਨਿਸਤਾਰ ॥

(ਭੈਰਉ ਮ. ੫/੧੧੪੯)

ਪਰ ਜੇਕਰ ਬੰਦਾ ਇਕ ਭੁੱਲ ਕਰਕੇ ਉਸ ਨੂੰ ਠੀਕ ਸਿਧ ਕਰੇ ਤੇ ਕਹੇ ਕਿ ਇਹ ਕੋਈ ਭੁੱਲ ਨਹੀਂ ਜਾਂ ਪਾਪ ਨਹੀਂ, ਤਾਂ ਉਹ ਕਦਾਚਿਤ ਵੀ ਨਹੀਂ ਬਖ਼ਸ਼ਿਆ ਜਾਵੇਗਾ।

(ਜ) ਸਿਦਕ : ਭਗਤੀ ਕਰਨ ਵਾਲੇ ਦਾ ਜਿਗਰਾ ਪਹਾੜ ਜੇਡਾ ਹੋਣਾ ਚਾਹੀਦਾ ਹੈ ਕਿ ਉਹ ਪਰਮਾਤਮਾ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ ਹੈ—ਇਹ ਉਸ ਦਾ ਮੁੱਢ ਕਦੀਮਾਂ ਦਾ ਸੁਭਾਉ ਦੱਸਿਆ ਜਾਂਦਾ ਹੈ, ਅਤੇ ਉਹ ਕਿਸੇ ਦੀ ਭੀ ਕੀਤੀ ਘਾਲ-ਕਮਾਈ ਨੂੰ ਰਤਾ ਭਰ ਭੀ ਵਿਅਰਥ ਨਹੀਂ ਜਾਣ ਦੇਂਦਾ :

ਪਤਿਤ ਪਾਵਨੁ ਹਰਿ ਬਿਰਦੁ ਸਦਾਏ
ਇਕੁ ਤਿਲੁ ਨਹੀ ਭੰਨੈ ਘਾਲੇ ॥

(ਸੂਹੀ ਮ. ੫/੭੮੪)

ਆਰੰਭ ਵਿਚ ਮਨ ਬੜਾ ਘਬਰਾਉਂਦਾ ਹੈ ਤੇ ਇਕ ਥਾਂ ਇਸਥਿਤ ਹੋਣ ਤੋਂ ਝਿਝਕੀਆਂ ਲੈਂਦਾ ਹੈ। ਇਸ ਕਸ਼ਮਕਸ਼ ਵਿਚ ਕਈ ਖ਼ਿਆਲ ਆਉਣੇ ਸ਼ੁਰੂ ਹੋ ਜਾਂਦੇ ਹਨ ਕਿ ਮੈਂ ਤਾਂ ਐਵੇਂ ਟੱਕਰਾਂ ਮਾਰੀ ਜਾਂਦਾ ਹਾਂ। ਲੱਭਿਆ ਕੁਝ ਨਹੀਂ। ਮੈਂ ਇਹ ਕੀ ਬਖੇੜਾ ਪਾ ਬੈਠਾ ਹਾਂ ? ਮੈਂ ਕਿਥੇ ਤੋੜ ਉਪੜਨਾ ਹੈ ? ਜਦ ਆਲੇ ਦੁਆਲੇ ਕੋਈ ਨਾਮ ਨਹੀਂ ਜਪਦਾ, ਮੈਨੂੰ ਇਸ ਝੰਜਟ ਵਿਚ ਪੈਣ ਦੀ ਕੀ ਲੋੜ ਹੈ ? ਇਸ ਤਰ੍ਹਾਂ ਦੇ ਬੜੇ ਦਿਲ ਢਾਉਣ ਵਾਲੇ ਖਿਆਲ ਦਿਮਾਗ ਵਿਚ ਚੱਕਰ ਲਗਾਉਂਦੇ ਹਨ, ਇਨ੍ਹਾਂ ਤੋਂ ਬਿਲਕੁਲ ਨਹੀਂ ਘਬਰਾਉਣਾ ਚਾਹੀਦਾ :

ਗੋਬਿੰਦ ਮਲਨਿ ਕੀ ਇਹ ਤੇਰੀ ਬਰੀਆ ॥

(ਆਸਾ ਮ. ੫/੧੨)

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥ (ਆਸਾ ਮ. ੪/੪੫੦)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨੁ ਹਰਿ ਭਜਨ ਨਹੀ ਛੁਟਕਾਰਾ ॥

(ਗਉੜੀ ਮ. ੫/੧੯੮)

ਐਸੇ ਗੁਰਵਾਕ ਅੱਖਾਂ ਸਾਹਮਣੇ ਰੱਖਣੇ ਚਾਹੀਦੇ ਹਨ ।

(ਝ) ਮਨ ਦੀ ਨਹੀਂ ਮੰਨਣੀ : ਮਨ ਦੀ ਕੋਈ ਗੱਲ ਨਹੀਂ ਮੰਨਣੀ, ਮਨ ਸਦਾ ਹੀ ਭੈੜੀਆਂ ਗੱਲਾਂ ਸੋਚਦਾ ਹੈ ਮਨ ਲੋਚੇ ਬੁਰਿਆਈਆਂ ।

ਬੁਰੇ ਕਾਮ ਕਉ ਊਠਿ ਖਲੋਇਆ ॥
ਨਾਮ ਕੀ ਬੇਲਾ ਪੈ ਪ ਸੋਇਆ ॥

(ਸੂਹੀ ਮ. ੫/੭੩੮

ਚੰਗਿਆਈ ਆਲਕੁ ਕਰੇ
ਬੁਰਿਆਈ ਹੋਇ ਸੇਰੁ ॥

(ਗੁਜਰੀ ਕੀ ਵਾਰ ਮ. ੫/੫੧੮)

ਇਸ ਨੂੰ ਸਦਾ ਬੁਰੇ ਪਾਸਿਆਂ ਤੋਂ ਤੋੜਨਾ ਹੈ, ਇਸ ਤੇ ਪਹਿਰਾ ਦੇਣਾ ਹੈ :

ਦਿਲ ਦਰਵਾਨੀ ਜੋ ਕਰੇ
ਦਰਵੇਸੀ ਦਿਲੁ ਰਾਸਿ ॥
ਇਸਕ ਮੁਹਬਤਿ ਨਾਨਕਾ
ਲੇਖਾ ਕਰਤੇ ਪਾਸਿ ॥

(ਮਾਰੂ ਵਾਰ ਮ. ੩/੧੦੯੦)

(ਞ) ਸਾਵਧਾਨ : ਭਜਨੀਕ ਪੁਰਸ਼ ਨੂੰ ਜਦ ਨਾਮ-ਰੰਗ ਚੜ੍ਹਦਾ ਹੈ ਤਾਂ ਮਤਲਬੀ ਲੋਕ ਆ ਦੁਆਲੇ ਹੁੰਦੇ ਹਨ ਤੇ ਆਪਣੇ ਸੁਆਰਥ ਲਈ ਸੇਵਾ ਕਰਨ ਲੱਗ ਜਾਂਦੇ ਹਨ। ਮਾਇਆ ਦੀ ਝੰਕਾਰ ਹੋਣ ਲੱਗ ਪੈਂਦੀ ਹੈ, ਮੁੱਠੀਆਂ ਭਰਨ ਲੱਗ ਜਾਂਦੇ ਹਨ, ਤਾਰੀਫ਼ਾਂ ਹੋਣ ਲੱਗ ਜਾਂਦੀਆਂ ਹਨ । ਸਿੱਖੀ ਸੇਵਕੀ ਚੱਲ ਪੈਂਦੀ ਹੈ, ਤੇ ਸਿਮਰਨ ਅਭਿਆਸੀ ਉਨ੍ਹਾਂ ਖੁਸ਼ਾਮਦੀਆਂ ਦੇ ਜਾਲ 'ਚ ਫਸ ਜਾਂਦਾ ਹੈ ਤੇ ਏਥੇ ਹੀ ਅਟਕ ਕੇ

CC-0. In Public Domain. Gurukul Kangri Collection, Haridwar

ਸਭ ਕੁਝ ਗੁਆ ਲੈਂਦਾ ਹੈ ।
Digitized by Arya Samaj Foundation Chennai and eGangotri

ਕਬੀਰ ਸਿਖ ਸਾਖਾ ਬਹੁਤੇ
ਕੀਏ ਕੇਸੋ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ
ਬੀਚੈ ਅਟਕਿਓ ਚੀਤੁ ॥

(ਸਲੋਕ ਕਬੀਰ ੧੩੬੯)

ਅਭਿਆਸੀ ਨੂੰ ਫੋਕੀ ਵਾਹ ਵਾਹ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਨਹੀਂ ਤਾਂ ਉਹ ਕਿਸੇ ਜੋਗਾ ਵੀ ਨਹੀਂ ਰਹੇਗਾ ।

(ਟ) ਮਿਲਾਪ ਪ੍ਰਾਪਤੀ : ਸਿਮਰਨ ਅਭਿਆਸੀ ਦਾ ਟੀਚਾ ਆਪਣੇ ਪ੍ਰੀਤਮ-ਪ੍ਰਭੂ ਦਾ ਮਿਲਾਪ ਹੁੰਦਾ ਹੈ ਜੋ ਸੱਚਮੁਚ ਹੀ ਇਕ ਬਹੁਤ ਵੱਡੀ ਘਾਲਣਾ ਘਾਲ ਕੇ ਪ੍ਰਾਪਤ ਹੁੰਦਾ ਹੈ । ਜਦ ਤੱਕ ਬੰਦਾ ਆਪਣੇ ਵਿਚਾਰਾਂ ਤੇ ਆਪਣੇ ਕਰਮਾਂ ਤੇ, ਆਪਣੇ ਫੁਰਨਿਆਂ ਤੇ ਪੂਰਾ ਕਾਬੂ ਨਹੀਂ ਪਾ ਲੈਂਦਾ, ਉਦੋਂ ਤੱਕ ਪ੍ਰਾਪਤੀ ਨਹੀਂ ਹੋ ਸਕਦੀ :

ਆਜੁ ਮਿਲਾਵਾ ਸ਼ੇਖ਼ ਫ਼ਰੀਦ ਟਾਕਿਮ
ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥

(ਆਸਾ ਫਰੀਦ ਜੀ ੪੮੮)

ਬਾਬਾ ਫਰੀਦ ਜੀ ਆਖਦੇ ਨੇ ਅੱਜ ਹੀ ਮਿਲਾਪ ਹੋ ਸਕਦਾ ਹੈ ਜੇ ਤੂੰ ਆਪਣੇ ਮਨ ਤੇ ਕਾਬੂ ਪਾ ਲਵੇਂ ।

ਹੈ ਹਜੂਰਿ ਕਤ ਦੂਰਿ ਬਤਾਵਹੁ ॥
ਦੁੰਦਰ ਬਾਧਹੁ ਸੁੰਦਰ ਪਾਵਹੁ ॥

(ਭੈਰਉ ਕਬੀਰ ਜੀ ੧੧੬੦)

ਸੋ ਅਕਾਲ ਪੁਰਖ ! ਪਰਮਾਤਮਾ ਨੂੰ ਪਾਉਣ ਵਾਸਤੇ ਇਸ ਰੌਲਾ ਪਾਉਣ ਵਾਲੇ ਮਨ ਨੂੰ ਰੋਕਣਾ ਹੀ ਪੈਂਦਾ ਹੈ, ਫਿਰ ਇਹ ਮਨ ਆਪ ਹੀ ਰੱਬ ਬਣ ਜਾਂਦਾ ਹੈ :

ਇਹੁ ਮਨੁ ਲੇ ਜਉ ਉਨਮਨਿ ਰਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਉ ਤੀਨਿ ਲੋਕ ਕੀ ਬਾਤੈ ਕਹੈ ॥

(ਗਉੜੀ ਕਬੀਰ ਜੀ/੩੪੨)

ਜਦ ਤਕ ਮਨ ਵਿਚ ਕਿਸੇ ਪ੍ਰਕਾਰ ਦੀ ਵੀ ਤ੍ਰਿਸ਼ਨਾ ਹੈ, ਰੁਚੀ ਹੈ, ਫੁਰਨਾ ਹੈ ਜਨਮ ਮਰਨ ਦਾ ਗੇੜ ਬਣਿਆ ਰਹੇਗਾ।

(ਭਜਨ ਬੰਦਗੀ ਦਾ ਪ੍ਰਤਾਪ—ਸੋਢੀ ਹਰਿਭਜਨ ਸਿੰਘ)

(ਠ) ਦਰੁ ਕਦੇ ਨ ਛੋੜੇ :

ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥

(ਸਲੋਕ ਮ. ੫/੩੨੩)

ਭਾਵ-ਨਾਮ ਸਿਮਰਨ ਲਈ ਲੱਗੇ ਰਹਿਣ ਦੀ ਸਲਾਮਤੀ ਲਈ ਅਰਦਾਸਾਂ ਕਰਦਾ ਹੀ ਰਹੇ ਕਿ ਹੇ ਦਾਤਾ ਜੀਓ ! ਮੈਂ ਤੇਰੇ ਗੁਣ ਗਾਉਣ ਵਾਲੇ ਤੇ ਦਰ ਤੇ ਖੜਾ ਮੰਗਤਾ ਇਕ ਢਾਡੀ ਦੀ ਨਿਆਈ ਹਾਂ, ਮੈਨੂੰ ਇਹ ਦਾਨ ਦੇਹ ਕਿ ਨਿਸ਼ਚਾ ਅਡੋਲ ਰਹੇ, ਸਿਮਰਨ ਅਛਲ ਰਹੇ, ਪ੍ਰੀਤ ਅਟੁਟ ਰਹੇ, ਦਰ ਕਦੇ ਨਾ ਛੋੜਾਂ। ਸਦਾ ਹੀ ਮਨ ਤੇ ਤਨ ਵਿਚ ਚਾਉ ਭਰਿਆ ਰਹੇ ਤੇ ਆਪ ਜੀ ਦੇ ਮਿਲਾਪ ਦੀ ਲੋਚਾ ਸਦਾ ਹੀ ਲੱਗੀ ਰਹੇ ! ਲੱਗੀ ਰਹੇ।

ਅਕਾਲ ਪੁਰਖ ! ਵਾਹਿਗੁਰੂ ਜੀ ਦੇ ਮਿਹਰਬਾਨ ਹੋ ਜਾਣ ਤੇ ਜੋ ਜੀਵ ਨੂੰ ਪ੍ਰਾਪਤੀਆਂ ਹੁੰਦੀਆਂ ਹਨ, ਯਾ ਇਉਂ ਕਹੋ ਕਿ ਮਨ ਵਿਚ ਨਾਮ ਮੰਤ੍ਰ ਦਾ ਵੱਸਣਾ ਉਸ ਦੀ ਕਮਾਈ ਕਰਨੀ ਤੇ ਸਭ ਤੋਂ ਵੱਡੀ ਗੱਲ ਸਤਿ ਸਰੂਪ ਵਿਚ ਸਮਾਈ, ਏਹ ਪ੍ਰਭੂ ਪ੍ਰਸੰਨਤਾ ਤੋਂ ਪ੍ਰਾਪਤ ਹੁੰਦੀਆਂ ਹਨ। ਪ੍ਰਸੰਨਤਾ ਕਿਸੇ ਕਰਮ ਦਾ ਫਲ ਨਹੀਂ। ਝੋਲੀ ਅੱਡ ਕੇ ਉਡੀਕ ਵਿਚ ਦਰ ਤੇ ਖੜੇ ਰਹਿਣਾ ਇਕ ਮਨ ਦਾ ਰੁਖ ਬਨਾਉਣਾ ਹੈ। ਆਸਾਵੰਦ ਹੋਏ ਰਹਿਣਾ ਹੈ। ਜਦੋਂ ਦਿਆਲ ਹੋਏਗਾ ਤਦੋਂ ਹੀ ਸਹੀ, ਇਕ ਉਡੀਕਵਾਨ, ਰਹੋ ਤੇ ਦਰ ਕਦੇ ਨਾ ਛੋੜੋ :

ਜਾ ਤੂੰ ਤੁਸਹਿ ਮਿਹਰਵਾਨ

CC-0. In Public Domain. Gurukul Kangri Collection, Haridwar

ਅਚਿੰਤ ਵਸਹਿ ਮਨ ਮਾਹਿ ॥
Digitized by Arya Samaj Foundation Chennai and eGangotri
ਜਾ ਤੂੰ ਤੁਸਹਿ ਮਿਹਰਵਾਨ
ਨਉਨਿਧਿ ਘਰ ਮਹਿ ਪਾਹਿ ॥
ਜਾ ਤੂੰ ਤੁਸਹਿ ਮਿਹਰਵਾਨ
ਤਾ ਗੁਰ ਕਾ ਮੰਤ੍ਰ ਕਮਾਹਿ ॥
ਜਾ ਤੂੰ ਤੁਸਹਿ ਮਿਹਰਵਾਨ
ਤਾ ਨਾਨਕ ਸਚਿ ਸਮਾਹਿ ॥

(ਵਾਰ ਗੂਜਰੀ ਮ. ੫/੫੧੮)

8301

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on
Class on
Cat on
Tag etc.
Filed

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

ਮਾਇਆ ਨਿਵਿਰਤੀ

ਸੂਬੇਦਾਰ ਬਘੇਲ ਸਿੰਘ

Samaj Foundation Chen

main